ਗਿਆਨ ਗੰਗਾ

(ਕਥਨ ਕੋਸ਼)



ਅਮਰਜੀਤ ਬਰਾੜ

ਤਤਕਰਾ

GIAN GANGA

Edited By
AMARJIT BRAR
V. P.O. GOLEWALA
Distt. Fridkot
Tel.94179-49079
E:mail:amarjitbrar33@gmail.com

ਪਹਿਲੀ ਵਾਰ: 2010

ਮੁੱਲ: 70/- (ਸੱਤਰ ਰੁਪਏ)

ਪ੍ਰਕਾਸ਼ਕ:

ਪੀਪਲਜ਼ ਫ਼ੋਰਮ (ਰਜਿ.)
ਬਰਗਾੜੀ, ਫਰੀਦਕੋਟ-151208
01635-244053 98729-89313
www.Peoplesforumpunjab.org

ਸ਼ਬਦ ਜੜਤ:

ਕੇਸਰ ਸਿੰਘ, ਵੈਕ ਕੰਪਿਊਟਰਜ਼, ਜਲੰਧਰ
ਫ਼ੋਨ : 98140-87063
5aabparkashan@gmail.com, vac_comp@yahoo.com
ਪ੍ਰਿੰਟਰਜ਼:

ਵਾਈਟ ਕ੍ਰਾਸ ਪ੍ਰਿੰਟਰਜ਼, ਜਲੰਧਰ

ਮੇਰੇ ਰਾਹ ਦਸੇਰੇ

- ਗੁਰਦਿਲਬਾਗ ਸਿੰਘ ਬਰਾੜ, ਬਾਘਾ ਮੱਲ ਕੇ (ਕੈਨੇਡਾ)
- ਚਰਨਜੀਤ ਸਿੰਘ ਕੁਲਾਰ ਉਰਫ਼ ਚੰਨਾ ਆਲਮਗੀਰ (ਯੂ.ਐਸ.ਏ.)
- ਜਗਜੀਤ ਸਿੰਘ ਬਰਾੜ ਗੋਲੇਵਾਲੀਆ (ਯੂ.ਐਸ.ਏ.)
- ਬਾਲ ਕ੍ਰਿਸ਼ਨ ਬਜਾਜ ਗੋਲੇਵਾਲੀਆ ਉਰਫ਼ ਹੈਪੀ (ਕੈਨੇਡਾ)
- ਦਿਲਾਵਰ ਸਿੰਘ ਬਰਾੜ ਢੀਮਾਂਵਾਲੀ (ਯੂ.ਐਸ.ਏ.)
- ਗੁਰਪ੍ਰੀਤ ਸਿੰਘ ਭੁੱਟੋ ਢੀਮਾਂਵਾਲੀ (ਕੈਨੇਡਾ)
- ਹਰਿੰਦਰਪਾਲ ਸਿੰਘ ਸੰਧੂ ਫ਼ਰੀਦਕੋਟ (ਕੈਨੇਡਾ)
- ਪਲਵਿੰਦਰ ਸਿੰਘ ਬਰਾੜ ਝੰਡੇਆਣਾ (ਕੈਨੇਡਾ)
- ਤੇਜਿੰਦਰ ਸਿੰਘ ਬਰਾੜ ਫੱਤਣਵਾਲੀਆ (ਕੈਨੇਡਾ)
- ਮਨਪ੍ਰੀਤ ਸਿੰਘ ਟਿੱਕਾ ਪੱਖੀ ਖੁਰਦ (ਕੈਨੇਡਾ)
- ਜਸਪ੍ਰੀਤ ਵੜਿੰਗ ਗੋਲੇਵਾਲੀਆ (ਯੂ.ਐਸ.ਏ.)

ਦੋ ਸ਼ਬਦ ਅਮਰਜੀਤ ਬਰਾੜ ਬਾਰੇ

ਆਪਣੀ ਸਾਹਿਤਕ ਸੂਝ ਅਤੇ ਲਿਖਣ ਕਲਾ ਦੇ ਬਲਬੂਤੇ ਪੰਜਾਬੀ ਪੱਤਰਕਾਰੀ ਵਿਚ ਆਪਣਾ ਨਾਂ ਸਥਾਪਤ ਕਰ ਰਿਹਾ ਅਮਰਜੀਤ ਬਰਾੜ ਸਾਹਿਤਕ ਖੇਤਰ ਵਿੱਚ ਵੀ ਮਜ਼ਬੂਤੀ ਨਾਲ਼ ਅੱਗੇ ਵਧ ਰਿਹਾ ਹੈ। ਹਥਲੀ ਪੁਸਤਕ 'ਗਿਆਨ ਗੰਗਾ' ਇਸ ਲੜੀ ਦੀ ਦੂਸਰੀ ਪੁਸਤਕ ਹੈ ਜਿਸ ਵਿਚ ਪੰਜਾਬੀ ਅਤੇ ਅੰਗਰੇਜ਼ੀ ਸਾਹਿਤ ਦੇ ਪ੍ਰਸਿੱਧ ਲੇਖਕਾਂ ਤੋਂ ਇਲਾਵਾ ਸੰਸਾਰ ਭਰ ਦੇ ਹੋਰ ਪ੍ਰਮੁੱਖ ਚਿੰਤਕਾਂ ਅਤੇ ਵਿਅਕਤੀਆਂ ਦੇ ਅਨਮੋਲ ਵਿਚਾਰ ਇਕ ਖ਼ੂਬਸੂਰਤ ਲੜੀ ਵਿੱਚ ਪਰੋਏ ਗਏ ਹਨ। ਇਸ ਲੜੀ ਦੀ ਪਲੇਠੀ ਪੁਸਤਕ ਜੁਲਾਈ 2003 ਵਿਚ ਪ੍ਰਕਾਸ਼ਿਤ ਹੋਈ ਸੀ ਜਿਸ ਵਿੱਚ 35 ਸਖ਼ਸੀਅਤਾਂ ਦੇ ਚੋਣਵੇਂ ਵਿਚਾਰ ਸੰਕਿਲਤ ਕੀਤੇ ਗਏ ਸਨ। ਹਥਲੀ ਪੁਸਤਕ ਵਿੱਚ ਜਿੱਥੇ ਦਸ ਹੋਰ ਸ਼ਖ਼ਸੀਅਤਾਂ ਦਾ ਵਾਧਾ ਕਰ ਦਿੱਤਾ ਗਿਆ ਹੈ ਉੱਥੇ ਪਹਿਲੀਆਂ ਸ਼ਖ਼ਸੀਅਤਾਂ ਦੇ ਵਿਚਾਰਾਂ ਵਿੱਚ ਵੀ ਹੋਰ ਲਾਹੇਵੰਦ ਵਾਧਾ ਕੀਤਾ ਗਿਆ ਹੈ। ਇਨ੍ਹਾਂ ਦੋਹਾਂ ਪੁਸਤਕਾਂ ਵਿੱਚ ਮਹਾਨ ਮਨੁੱਖਾਂ ਦੇ ਭਾਵੇਂ ਵੱਖਰੇ ਵੱਖਰੇ ਵਿਚਾਰ ਦਰਜ ਹਨ ਪਰ ਇਸਦੇ ਬਾਵਜੂਦ ਸਭਨਾਂ ਵਿਚ ਇਕ ਸਾਂਝ ਹੈ ਕਿ ਇਹ ਸਾਰੇ ਮਾਨਵਵਾਦੀ ਵਿਚਾਰਾਂ ਦੇ ਧਾਰਨੀ ਹਨ ਤੇ ਇਨ੍ਹਾਂ ਦੇ ਤਜਰਬਿਆਂ ਦਾ ਨਿਚੋੜ ਨਿਸਚਿਤ ਤੌਰ 'ਤੇ ਸਾਡੇ ਸਾਰਿਆਂ ਦੇ ਵਿਚਾਰਾਂ 'ਤੇ ਅਸਰ-ਅੰਦਾਜ਼ ਹੁੰਦਾ ਹੈ। ਅਮਰਜੀਤ ਬਰਾੜ ਦੀ ਕਰੜੀ ਘਾਲਣਾ ਦਾ ਸਿੱਟਾ ਹੈ ਕਿ ਦੋ ਪੁਸਤਕਾਂ ਵਿਚ ਅਜਿਹੇ ਕੀਮਤੀ ਮੋਤੀ ਇਕੱਤਰ ਕਰਨ ਵਿਚ ਉਹ ਸਫ਼ਲ ਹੋਇਆ ਹੈ। ਪੰਜਾਬੀ ਵਿਚ ਅਜਿਹੀਆਂ ਪੁਸਤਕਾਂ ਅਤੇ ਅਜਿਹੇ ਮਿਹਨਤੀ ਵਿਅਕਤੀਆਂ ਦੀ ਸਖ਼ਤ ਲੋੜ ਹੈ।

ਪਹਿਲੀ 'ਗਿਆਨ ਗੰਗਾ' ਤੋਂ ਬਾਅਦ ਉਸਨੇ ਵੱਖ ਵੱਖ ਖੇਤਰਾਂ ਵਿਚ ਨਾਮਣਾ ਖੱਟਣ ਵਾਲੀਆਂ ਮਹਾਨ ਔਰਤਾਂ ਦੇ ਸੰਖੇਪ ਜੀਵਨ-ਬਿਉਰੇ ਪ੍ਰਸਤੁਤ ਕਰਨ ਵਾਲ਼ੀ ਇਕ ਪੁਸਤਕ 'ਸ਼ੇਰਨੀਆਂ' ਪੰਜਾਬੀ ਮਾਂ-ਬੋਲੀ ਦੀ ਝੋਲ਼ੀ ਪਾਈ। ਪੁਸਤਕ ਵਿਚ ਦਰਜ ਮਹਾਨ ਔਰਤਾਂ ਬਾਰੇ ਜਾਣਕਾਰੀ ਏਨੀ ਵਧੀਆ ਸੀ ਕਿ ਪੰਜਾਬੀ ਦੇ ਸਿਰਮੌਰ ਅਖ਼ਬਾਰ 'ਅਜੀਤ' ਦੇ ਮੁੱਖ ਸੰਪਾਦਕ ਡਾ. ਬਰਜਿੰਦਰ ਸਿੰਘ ਹਮਦਰਦ ਨੇ ਇਨ੍ਹਾਂ ਦੀ ਪ੍ਰਕਾਸ਼ਨਾ ਲੜੀ-ਵਾਰ ਕਰਨ ਦਾ ਫ਼ੈਸਲਾ ਕੀਤਾ। ਮਈ 2008 ਤੋਂ ਹਰ ਵੀਰਵਾਰ ਇਨ੍ਹਾਂ ਵਿਚੋਂ ਇਕ ਮਹਾਨ ਔਰਤ ਦਾ ਜੀਵਨ-ਵੇਰਵਾ ਅਖ਼ਬਾਰ ਵਿਚ ਲਗਾਤਾਰ ਛਪ ਰਿਹਾ ਹੈ। ਇਨ੍ਹਾਂ ਮਹਾਨ ਔਰਤਾਂ ਵਿਚੋਂ ਕਈ-ਇੱਕ ਨੇ ਪੱਤਰ ਲਿਖਕੇ ਅਮਰਜੀਤ ਬਰਾੜ ਦੇ ਇਸ ਯਤਨ ਦੀ ਸ਼ਲਾਘਾ ਕੀਤੀ ਹੈ।

ਆਸ ਕੀਤੀ ਜਾਣੀ ਚਾਹੀਦੀ ਹੈ ਕਿ ਅਮਰਜੀਤ ਬਰਾੜ ਪੰਜਾਬੀ ਜ਼ੁਬਾਨ ਦੀ ਏਨੇ ਹੀ ਸਿਰੜ ਨਾਲ਼ ਲਗਾਤਾਰ ਸੇਵਾ ਕਰਦਾ ਰਹੇਗਾ ਤੇ ਉਨ੍ਹਾਂ ਖੇਤਰਾਂ ਵਿਚ ਵੀ ਕਲਮ-ਅਜ਼ਮਾਈ ਕਰੇਗਾ ਜਿਨ੍ਹਾਂ ਵਿਚ ਸਾਡੀ ਮਾਂ-ਬੋਲੀ ਅਜੇ ਸੰਸਾਰ ਦੀਆਂ ਵਿਕਸਤ ਬੋਲੀਆਂ ਦੇ ਹਾਣ ਦੀ ਨਹੀਂ ਸਮਝੀ ਜਾਂਦੀ। ਆਮੀਨ!

-ਗੁਰਮੀਤ ਸਿੰਘ ਕੋਟਕਪੂਰਾ

'ਗਿਆਨ ਗੰਗਾ' ਦੀ ਗੱਲ ਕਰਦਿਆਂ

ਚੰਗੀਆਂ ਪੁਸਤਕਾਂ ਅਗਿਆਨਤਾ ਦੇ ਹਨੇਰੇ ਵਿਚ ਭਟਕ ਰਹੇ ਮਨੁੱਖ ਨੂੰ ਗਿਆਨ ਦੀ ਰੌਸ਼ਨੀ ਨਾਲ ਉਸਦੇ ਭਵਿੱਖ ਨੂੰ ਸੁਨਿਹਰੀ ਬਣਾਉਂਦੀਆਂ ਹਨ। ਕਿਸੇ ਵੀ ਕੌਮ ਦੇ ਮਾਨਸਿਕ ਕੱਦ ਨੂੰ ਉੱਚਾ ਕਰਨ ਲਈ ਚੰਗੇ ਲੇਖਕ ਅਤੇ ਚੰਗੀਆਂ ਕਿਤਾਬਾਂ ਦਾ ਯੋਗਦਾਨ ਅਹਿਮ ਰਿਹਾ ਹੈ। ਪੁਸਤਕਾਂ ਕਿਸੇ ਵੀ ਸਮਾਜ ਦਾ ਉਹ ਸ਼ੀਸਾ ਹੁੰਦੀਆਂ ਹਨ, ਜਿੰਨ੍ਹਾਂ ਵਿਚੋਂ ਉਸ ਸਮਾਜ ਦੀ ਅੰਦਰਲੀ ਤਸਵੀਰ ਵੇਖ ਸਕਦੇ ਹਾਂ। ਐਕਸ-ਰੇ ਨਾਲ ਡਾਕਟਰ ਸਾਡੀਆਂ ਸਰੀਰ ਅੰਦਰਲੀਆਂ ਬਿਮਾਰੀਆਂ ਤੋਂ ਜਾਣੂ ਹੁੰਦੇ ਹਨ, ਜਦਕਿ ਚੰਗੀਆਂ ਪੁਸਤਕਾਂ ਸਾਨੂੰ ਸਾਡੀਆਂ ਅੰਦਰਲੀਆਂ ਕਮੀਆਂ ਤੋਂ ਜਾਣੂ ਕਰਵਾਉਂਦੀਆਂ ਹਨ। ਚੰਗੇ ਵਿਦਵਾਨ ਚੰਗੇ ਡਾਕਟਰ ਦੀ ਤਰ੍ਹਾ ਹੁੰਦੇ ਹਨ, ਉਹ ਖਾਮੋਸ਼ ਰਹਿਕੇ ਸਾਡੀ ਬੁੱਧੀ ਦੇ ਵਿਕਾਸ ਵਿਚ ਯੋਗਦਾਨ ਪਾਉਂਦੇ ਹਨ। ਨਿਰਸੰਦੇਹ ਇਹ ਸਾਡੇ ਘਰਾਂ ਵਿਚ ਬੂਹੇ-ਬਾਰੀਆਂ ਦੀ ਤਰ੍ਹਾਂ ਹੁੰਦੀਆਂ ਹਨ। ਪੁਸਤਕਾਂ ਜੀਵਨ ਦੇ ਅਨੁਭਵ ਦਾ ਨਿਚੋੜ ਹੁੰਦੀਆਂ ਹਨ। ਇਹ ਸਾਡੀ ਸੋਚ ਨੂੰ ਬਦਲਦੀਆਂ ਹਨ, ਕਿਉਂਕਿ ਇਹ ਸਾਨੂੰ ਸੋਚਣ ਲਈ ਮਜ਼ਬੂਰ ਕਰਦੀਆਂ ਹਨ। ਕੌਮਾਂ ਦੀ ਖੁਸ਼ਹਾਲੀ ਬੁੱਧੀ ਦੇ ਵਿਕਾਸ 'ਤੇ ਨਿਰਭਰ ਕਰਦੀ ਹੈ ਅਤੇ ਬੁੱਧੀ ਦੇ ਵਿਕਾਸ ਲਈ ਚੰਗੀ ਵਿੱਦਿਆ, ਚੰਗੇ ਉਸਤਾਦ, ਚੰਗੇ ਵਿਦਵਾਨ ਅਤੇ ਚੰਗੀਆਂ ਪੁਸਤਕਾਂ ਦਾ ਹੋਣਾ ਜ਼ਰੂਰੀ ਹੈ। ਮੇਰੇ ਲਈ ਗਿਆਨ ਗੰਗਾ ਪੁਸਤਕ ਦੀ ਸਿਰਜਣਾ ਕਰਨਾ ਵੀ ਕਈ ਮਹਾਨ ਪੁਸਤਕਾਂ ਦੀ ਪ੍ਰੇਰਨਾ ਹੈ।

ਪ੍ਰੇਰਨਾ ਸਾਨੂੰ ਚੰਗੇ ਯਤਨਾਂ ਲਈ ਪ੍ਰੇਰਦੀ ਹੈ ਇਸ ਵਿਚ ਇਕ ਅਜਿਹੀ ਸ਼ਕਤੀ ਹੁੰਦੀ ਹੈ, ਜੋ ਸਾਡੇ ਮਨ ਨੂੰ ਸ਼ੁੱਧ ਕਰਦੀ ਹੈ। ਇਹ ਸਾਨੂੰ ਸਾਡੇ ਅੰਦਰਲੇ ਆਨੰਦ ਤੋਂ ਜਾਣੂ ਕਰਵਾਉਂਦੀ ਹੈ। ਪ੍ਰੇਰਨਾ ਸਾਨੂੰ ਸਹਾਰਾ ਦਿੰਦੀ ਹੈ ਤਾਂ ਕਿ ਅਸੀਂ ਆਤਮ ਨਿਰਭਰ ਹੋ ਕੇ ਕਿਸੇ ਦਾ ਸਹਾਰਾ ਬਣ ਸਕੀਏ। ਮਹਾਨ ਸਾਹਿਤ ਮਹਾਨ ਪ੍ਰੇਰਨਾ ਦਾ ਸਰੋਤ ਹੁੰਦਾ ਹੈ ਜੋ ਸਾਨੂੰ ਸਰਬੱਤ ਦਾ ਭਲਾ ਕਰਨ ਲਈ ਪ੍ਰੇਰਦਾ ਹੈ। ਇਹ ਦਿਮਾਗ ਦੇ ਕਈ ਬੰਦ ਦਰਵਾਜਿਆਂ ਨੂੰ ਖੋਲ੍ਹਦਾ ਹੈ। ਜਦੋਂ ਮਨੁੱਖ ਦੀ ਅਰਦਾਸ ਵਿਚ ਕੁਝ ਮੰਗਣ ਨਾਲੋਂ ਉਸਦੀਆਂ ਦਿੱਤੀਆਂ ਦਾਤਾਂ ਲਈ ਧੰਨਵਾਦ ਕਰਨ ਦੀ ਬਿਰਤੀ ਪੈਦਾ ਹੋ ਜਾਂਦੀ ਹੈ ਤਾਂ ਮਨੁੱਖ ਦੀ ਰੂਹ ਵਿਚ ਸਦੀਵੀ ਖੇੜਾ ਆ ਜਾਂਦਾ ਹੈ। ਦੁਨੀਆਂ ਦੇ ਮਹਾਨ ਵਿਦਵਾਨ, ਚਿੰਤਕ ਕਲਾਕਾਰ ਵਿਚੋਂ ਜ਼ਿਆਦਾਤਾਰ ਧਨ ਪੱਖੋਂ ਬਹੁਤੇ ਅਮੀਰ ਨਹੀਂ ਸਨ, ਪਰ ਉਹਨਾਂ ਕੋਲ ਵੰਡਣ ਲਈ ਗਿਆਨ ਦੀ ਦੌਲਤ ਸੀ। ਉਨ੍ਹਾਂ ਨੇ ਆਪਣੇ ਜੀਵਨ ਦੇ ਤਜਰਬਿਆਂ ਨੂੰ ਕਲਮ ਦੇ ਜ਼ਰੀਏ ਸਾਡੇ ਨਾਲ ਸਾਂਝਾ ਕੀਤਾ। ਚੰਗੇ ਵਿਚਾਰਾਂ ਦਾ ਪੈਦਾ ਹੁਣਾ ਚੰਗੀ ਅਤੇ ਉਸਾਰੂ ਸੋਚ 'ਤੇ ਨਿਰਭਰ ਹੈ। ਇਹ ਸਾਡੀ ਬਦਕਿਸਮਤੀ ਹੈ ਕਿ ਚੰਗੀ ਸੋਚ ਵਾਲੇ ਵਿਅਕਤੀ ਰਾਜਨੀਤਿਕ ਸ਼ਕਤੀ ਦੇ ਤੌਰ 'ਤੇ ਸਾਡੀ ਅਗਵਾਈ ਨਹੀਂ ਕਰ

ਸਕੇ, ਪਰ ਉਨ੍ਹਾਂ ਦੀ ਪ੍ਰੇਰਨਾ ਦਾ ਸੰਬੰਧ ਸਾਡੀ ਰੂਹ ਨਾਲ ਹੈ ਜੋ ਅੱਜ ਵੀ ਸਾਡੀ ਅਗਵਾਈ ਕਰਦੇ ਹਨ। ਉਹ ਨਫ਼ਰਤ ਦੀ ਥਾਂ ਮੁਹੱਬਤ ਵੰਡਦੇ ਹਨ। ਉਹ ਸਾਨੂੰ ਚੰਗੇ ਤਰੀਕੇ ਨਾਲ ਜਿੰਦਗੀ ਜਿਉਣ ਦਾ ਸਲੀਕਾ ਸਿਖਾਉਂਦੇ ਹਨ। ਇਨਸਾਨੀਅਤ ਉਹਨਾਂ ਲਈ ਸਭ ਤੋਂ ਵੱਡਾ ਧਰਮ ਹੈ ਅਤੇ ਉਹਨਾਂ ਨੇ ਸਾਰੇ ਯਤਨ ਮਨੁੱਖਤਾ ਦੀ ਭਲਾਈ ਲਈ ਹੁੰਦੇ ਹਨ।

ਸਾਹਿਤ ਵਿਚਲੇ ਵਿਚਾਰ ਮਨੁੱਖੀ ਜ਼ਿੰਦਗੀ ਲਈ ਖ਼ੁਰਾਕ ਹਨ। ਸਾਹਿਤ ਨੂੰ ਦੁਨੀਆਂ ਦਾ ਦਿਲ ਮੰਨਿਆ ਗਿਆ ਹੈ। ਇਹ ਪ੍ਰੇਰਨਾ ਦਾ ਸਦੀਵੀ ਖਜ਼ਾਨਾ ਹੈ। ਇਸਦੀ ਮਹਾਨਤਾ ਦਾ ਆਧਾਰ ਇਸਦੀ ਵਿਸ਼ਾਲਤਾ ਹੈ। ਇਹ ਸੱਚ ਹੈ ਕਿ ਅੱਜ ਦੇ ਮਨੁੱਖ ਨੂੰ ਧਨ ਦੀ ਚਮਕ ਵਧੇਰੇ ਚੰਗੀ ਲੱਗਦੀ ਹੈ, ਜਿਸ ਕਾਰਨ ਵਿਚਾਰਾਂ ਅਤੇ ਸੋਚ ਪੱਖੋਂ ਉਹ ਗਰੀਬ ਹੋ ਗਿਆ ਹੈ। ਇਹੋ ਜਿਹੀ ਸਥਿਤੀ ਵਿਚ ਕਲਾਕਾਰਾਂ, ਸਾਹਿਤਕਾਰਾਂ ਦੀ ਜ਼ਿੰਮੇਵਾਰੀ ਅਤੇ ਮਨੁੱਖ ਲਈ ਸਾਹਿਤ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ।

ਹੱਥਲੀ ਪੁਸਤਕ ਗਿਆਨ ਗੰਗਾ ਵਿਚ ਦੁਨੀਆਂ ਦੇ ਮਹਾਨ ਵਿਚਾਰਵਾਨਾਂ ਦੇ ਕਥਨਾਂ ਨੂੰ ਇਕ ਲੜੀ ਵਿਚ ਪਰੋਣ ਦਾ ਨਿਮਾਣਾ ਜਿਹਾ ਯਤਨ ਕੀਤਾ ਗਿਆ ਹੈ ਤਾਂ ਜੋ ਉਹਨਾਂ ਦੀ ਉੱਚੀ ਸੁੱਚੀ ਸੋਚ ਨੂੰ ਆਪਣੇ ਹਿਰਦੇ ਵਿਚ ਵਸਾਇਆ ਜਾ ਸਕੇ। ਇਸ ਪੁਸਤਕ ਦੀ ਸਿਰਜਣਾ ਵਿਚ ਯੋਗਦਾਨ ਪਾਉਣ ਲਈ ਸ: ਗੁਰਮੀਤ ਸਿੰਘ ਕੋਟਕਪੂਰਾ ਸਟਾਫ਼ ਰਿਪੋਰਟਰ ਰੋਜ਼ਾਨਾ ਅਜੀਤ, ਪੀਪਲਜ਼ ਫ਼ੋਰਮ ਬਰਗਾੜੀ ਦੇ ਪ੍ਰਧਾਨ ਖ਼ੁਸ਼ਵੰਤ ਬਰਗਾੜੀ, ਰਮਿੰਦਰ ਪਾਲ ਢਿੱਲੋਂ ਗੁਰੂਸਰ, ਰਸ਼ਪਿੰਦਰ ਸਿੰਘ ਬੱਲੂ, ਮਾਸਟਰ ਕੇਵਲ ਸਿੰਘ ਗਿੱਲ ਪੱਖੀ ਕਲਾਂ, ਅਵਤਾਰ ਸਿੰਘ ਪਿਪਲੀ ਪ੍ਰਧਾਨ ਇੰਟਰਨੈਸ਼ਨਲ ਵੈਲਫੇਅਰ ਕਲੱਬ ਆਫ਼ ਇੰਡੀਆ, ਪਰਮਿੰਦਰ ਸਿੰਘ ਲਾਲੀ ਪਿੰਡ ਵਾਂ, ਸੁਖਪਾਲ ਸਿੰਘ ਪਿਪਲੀ, ਜਸਵੰਤ ਸਿੰਘ ਪੁਰਬਾ, ਕਬੱਡੀ ਕੁਮੈਂਟੇਟਰ ਸਤਨਾਮ ਖਾਰਾ, ਡਾ: ਹਰਿੰਦਰ ਪਾਲ ਸਿੰਘ ਸੰਧੂ ਐਮ.ਐਸ. ਪ੍ਰੋ. ਸਰਜਰੀ ਮੈਡੀਕਲ ਫ਼ਰੀਦਕੋਟ ਤੋਂ ਇਲਾਵਾ ਸਾਹਿਤਕ ਸਮੱਗਰੀ ਉਪਲਬਧ ਕਰਵਾਉਣ ਲਈ ਪ੍ਰਗਟ ਸਿੰਘ ਢੀਮਾਂ ਵਾਲੀ, ਗਿਰੀ ਬੁੱਕ ਡਿੱਪੂ ਫ਼ਰੀਦਕੋਟ, ਕੁਲਦੀਪ ਕੁਮਾਰ ਕੋਟਕਪੂਰਾ, ਪ੍ਰੋਗਰੈਸਿਵ ਬੁੱਕ ਸਟੋਰ ਫ਼ਰੀਦਕੋਟ ਦਾ ਮੈਂ ਤਹਿ ਦਿਲੋਂ ਧਨਵਾਦੀ ਹਾਂ। ਉਮੀਦ ਹੈ ਕਿ ਪਾਠਕ ਮੇਰੇ ਇਸ ਉਪਰਾਲੇ ਨੂੰ ਕਾਮਯਾਬ ਬਣਾਉਣ ਲਈ ਸਾਡੀ ਅਗਵਾਈ ਕਰਨਗੇ। ਆਮੀਨ

—ਅਮਰਜੀਤ ਬਰਾੜ
ਪਿੰਡ ਤੇ ਡਾਕਖਾਨਾ, ਗੋਲੇਵਾਲਾ ਜ਼ਿਲ੍ਹਾ : ਫ਼ਰੀਦਕੋਟ
ਤਹਿਸੀਲ : ਫ਼ਰੀਦਕੋਟ, ਪਿੰਨ : 151203
ਮੋਬਾਇਲ: 94179-49079

ਗਿਆਨ-ਗੰਗਾ

ਅਮਰਜੀਤ ਬਰਾੜ

ਪੀਪਲਜ਼ ਫੋਰਮ
ਬਰਗਾੜੀ, ਪੰਜਾਬ
www.peoplesforumpunjab.org

ਬਾਬਾ ਫ਼ਰੀਦ ਜੀ

ਸ਼ੇਖ ਬਾਬਾ ਫ਼ਰੀਦ ਸ਼ਕਰਗੰਜ ਪੰਜਾਬੀ ਸਾਹਿਤ ਅਤੇ ਸੂਫ਼ੀ ਸਾਹਿਤ ਦੇ ਮੋਢੀ ਅਤੇ ਮਹਾਨ ਮਾਨਵਤਾਵਾਦੀ ਸੰਤ ਹੋਏ ਹਨ ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਉਹਨਾਂ ਦਾ ਜਨਮ 1175 ਈਸਵੀ ਨੂੰ ਪਿੰਡ ਖੋਤਵਾਲ ਜ਼ਿਲ੍ਹਾ ਮੁਲਤਾਨ ਵਿੱਚ ਪਿਤਾ ਸ਼ੇਖ ਜਮਾਲੁਦੀਨ ਦੇ ਘਰ ਮਾਤਾ ਕਰਸੁਮ ਦੇ ਕੁੱਖੋਂ ਹੋਇਆ। 1266 ਈਸਵੀ ਵਿੱਚ ਉਹਨਾਂ ਦਾ ਦੇਹਾਂਤ ਹੋਇਆ।

1 ➢ ਦਰਵੇਸ਼ ਮਨੁੱਖਾਂ ਵਿੱਚ ਰੁੱਖਾਂ ਵਰਗੀ ਸਹਿਣਸ਼ੀਲਤਾ ਹੋਣੀ ਚਾਹੀਦੀ ਹੈ। ਰੁੱਖਾਂ ਨੂੰ ਲੋਕ ਪੱਥਰ ਵੀ ਮਾਰਦੇ ਹਨ, ਪਰ ਉਹ ਸਬਰ ਰੱਖ ਕੇ ਬਦਲੇ ਵਿੱਚ ਮਿੱਠੇ ਤੇ ਉਪਯੋਗੀ ਫੁੱਲ ਤੇ ਫਲ ਉਹਨਾਂ ਨੂੰ ਪ੍ਰਦਾਨ ਕਰਦੇ ਹਨ।

2 ➢ ਜੀਵਨ ਵਿੱਚ ਕੋਈ ਵੀ ਕੰਮ ਕਰਨ ਤੋਂ ਪਹਿਲਾਂ ਮਨੁੱਖ ਨੂੰ ਆਪਣੇ ਗਿਰੇਬਾਨ ਵਿੱਚ ਝਾਤੀ ਮਾਰ ਕੇ ਦੇਖ ਲੈਣਾ ਚਾਹੀਦਾ ਹੈ। ਜੇ ਮਨੁੱਖ ਆਪਣੀ ਆਪ ਨੂੰ ਤੀਖਣ ਬੁੱਧੀ ਵਾਲਾ ਸਮਝਦਾ ਹੈ ਤਾਂ ਉਸਨੂੰ ਮੰਦੇ ਕਰਮਾਂ ਤੋਂ ਬਚਣਾ ਚਾਹੀਦਾ ਹੈ।

3 ➢ ਜੇ ਸੰਸਾਰ ਵਿੱਚ ਕਿਸੇ ਪਰਾਏ ਦੀ ਅਧੀਨਗੀ ਕਰਨ ਦੀ ਥਾਂ ਜਾਨ ਵੀ ਵਾਰਨੀ ਪਵੇ ਤਾਂ ਸੰਕੋਚ ਨਹੀਂ ਕਰਨਾ ਚਾਹੀਦਾ, ਪਰ ਕਿਸੇ ਹੋਰ ਦਾ ਆਸਰਾ ਲੈ ਕੇ ਦਿਨ ਕਟੀ ਕਰਨ ਨਾਲੋਂ ਵੱਡਾ ਸੰਤਾਪ ਜਗਤ ਵਿੱਚ ਹੋਰ ਕੋਈ ਨਹੀਂ ਹੈ।

4 ➢ ਸਰੀਰ ਦੇ ਨਿਰਬਾਹ ਲਈ ਪਰਾਈ ਚੋਪੜੀ ਨਾਲੋਂ ਆਪਣੀ ਕਮਾਈ ਹੋਈ ਰੁੱਖੀ ਮਿੱਸੀ ਚੰਗੀ ਹੈ।

5 ➢ ਮਿੱਟੀ ਨੂੰ ਮਾੜਾ ਨਹੀਂ ਆਖਣਾ ਚਾਹੀਦਾ, ਮਿੱਟੀ ਦੀ ਬਰਾਬਰੀ ਕੋਈ ਨਹੀਂ ਕਰ ਸਕਦਾ। ਮਨੁੱਖ ਦੇ ਜਿਊਂਦਿਆਂ ਪੈਰਾਂ ਹੇਠ ਹੁੰਦੀ ਹੈ, ਮਰਿਆਂ ਉਸਦੇ ਉੱਤੇ ਹੋ ਜਾਂਦੀ ਹੈ।

6 ➢ ਜੋ ਜੱਟ ਠੀਕਰੀਆਂ ਬੀਜਦਾ ਹੈ, ਉਹ ਬਿਜੌਰ ਦੇ ਇਲਾਕੇ ਦਾ ਛੋਟਾ ਅੰਗੂਰ ਖਾਣ ਦੀ ਆਸ ਨਾ ਰੱਖੇ। ਸਾਰੀ ਉਮਰ ਉਨ ਕੱਤਣ ਵਾਲਾ ਰੇਸ਼ਮ ਪਹਿਨਣ ਦੀ ਆਸ ਨਾ ਰੱਖੇ।

7 ➢ ਚਸਕੇ ਮਨੁੱਖ ਨੂੰ ਖੁਆਰ ਕਰਦੇ ਹਨ ਜਦ ਕਿ ਆਪਣੇ ਹੱਥਾਂ ਦੀ ਕਮਾਈ ਹੋਈ ਸਾਦਾ ਰੋਟੀ ਕਿਤੇ ਚੰਗੀ ਹੈ। ਹੱਕ ਦੀ ਕਮਾਈ ਅੱਗੇ ਸਭ ਪਦਾਰਥ ਫਿੱਕੇ ਹਨ।

8 ➢ ਜੇ ਮਨ ਵਿੱਚ ਸਬਰ ਦੀ ਕਮਾਨ ਹੋਵੇ, ਸਬਰ ਹੀ ਕਮਾਨ ਦਾ ਚਿੱਲਾ ਹੋਵੇ,

ਸਬਰ ਦਾ ਹੀ ਤੀਰ ਹੋਵੇ ਤਾਂ ਪਰਮਾਤਮਾ ਇਸਦਾ ਨਿਸ਼ਾਨਾ ਖੁੰਝਣ ਨਹੀਂ ਦੇਂਦਾ।

9 ➢ ਸਬਰ ਹੀ ਜ਼ਿੰਦਗੀ ਦਾ ਅਸਲ ਨਿਸ਼ਾਨਾ ਹੈ। ਸਬਰ ਹੋਵੇ ਤਾਂ ਮਨੁੱਖ ਵਧ ਕੇ ਦਰਿਆ ਬਣ ਜਾਂਦਾ ਹੈ। ਸਬਰ ਵਾਲੇ ਦਿਲ ਵਿੱਚ ਹੀ ਸਾਰੇ ਜਗਤ ਵਾਲਾ ਪਿਆਰ ਪੈਦਾ ਹੁੰਦਾ ਹੈ।

10 ➢ ਬੁਰਾਈ ਕਰਨ ਵਾਲੇ ਨਾਲ ਵੀ ਭਲਾਈ ਕਰ, ਗੁੱਸਾ ਮਨ ਵਿੱਚ ਨਾ ਆਉਣ ਦੇ। ਇਸ ਤਰ੍ਹਾਂ ਸਰੀਰ ਨੂੰ ਕੋਈ ਰੋਗ ਨਹੀਂ ਲੱਗਦਾ ਅਤੇ ਹਰੇਕ ਚੰਗਾ ਗੁਣ ਸਾਂਭਿਆ ਰਹਿੰਦਾ ਹੈ।

11 ➢ ਦਰਿਆ ਦੀ ਕੰਨੀ 'ਤੇ ਉੱਘਾ ਹੋਇਆ ਵਿਚਾਰਾ ਰੁੱਖ ਕਿਤਨਾ ਕੁ ਚਿਰ ਧਰਵਾਸ ਬੰਨ੍ਹੇਗਾ? ਕੱਚੇ ਭਾਂਡੇ ਵਿੱਚ ਪਾਣੀ ਕਿਤਨਾ ਕੁ ਚਿਰ ਰੱਖਿਆ ਜਾ ਸਕਦਾ ਹੈ? ਇਸੇ ਤਰ੍ਹਾਂ ਮਨੁੱਖ ਮੌਤ ਦੀ ਨਦੀ ਦੇ ਕੰਢੇ 'ਤੇ ਖਲੋਤਾ ਹੋਇਆ ਹੈ, ਇਸ ਸਰੀਰ ਵਿਚੋਂ ਸੁਆਸ ਮੁਕਦੇ ਜਾ ਰਹੇ ਹਨ।

12 ➢ ਸੱਚਾ ਦਰਵੇਸ਼ ਸਹਿਨਸ਼ੀਲਤਾ ਦਾ ਧਾਰਨੀ ਹੁੰਦਾ ਹੈ। ਉਹ ਲਾਲਸਾ ਵੱਸ ਪੈ ਕੇ ਲਲਚਾਉਂਦਾ ਨਹੀਂ ਤੇ ਨਾ ਹੀ ਸਰੀਰਕ ਸੁੰਦਰਤਾ ਦੇ ਪਿੱਛੇ ਪੈ ਕੇ ਵਿਲਾਸਤਾ ਵਿੱਚ ਡੁੱਬਦਾ ਹੈ।

13 ➢ ਮਨੁੱਖ ਨੂੰ ਆਪਣੇ ਅੰਦਰ ਟਿਕਾਅ ਧਾਰਨ ਕਰਨਾ ਜ਼ਰੂਰੀ ਹੈ। ਉਸਨੂੰ ਦੁੱਖ ਅਤੇ ਸੁੱਖ ਨੂੰ ਸਮਾਨ ਸਮਝ ਕੇ ਸਮਦ੍ਰਿਸ਼ਟੀ ਦਾ ਧਾਰਨੀ ਹੋਣਾ ਚਾਹੀਦਾ ਹੈ। ਤ੍ਰਿਸ਼ਨਾਵਾਂ ਕਾਰਨ ਮਨੁੱਖ ਦੁਖੀ ਹੁੰਦਾ ਹੈ। ਵਿਅਕਤੀ ਆਪਣੇ ਸੀਮਤ ਦਾਇਰੇ ਵਿਚੋਂ ਬਾਹਰ ਨਿਕਲ ਕੇ ਹੀ ਦੁਨੀਆ ਦੇ ਦੁੱਖਾਂ ਬਾਰੇ ਜਾਣ ਸਕਦਾ ਹੈ।

14 ➢ ਕਿਸੇ ਦਾ ਦਿਲ ਨਾ ਦੁਖਾਉਣਾ, ਦੂਜਿਆਂ ਦਾ ਹੱਕ ਖੋਹਣ ਦੀ ਕੋਸ਼ਿਸ਼ ਨਾ ਕਰਨੀ, ਸਬਰ, ਸੰਤੋਖ, ਹਲੀਮੀ, ਮਿੱਠਤ ਤੇ ਅਹਿੰਸਾ ਨਾਲ ਸਮਾਜ ਵਿੱਚ ਵਿਚਰਨਾ ਦਰਵੇਸ ਮਨੁੱਖ ਦੇ ਲੱਛਣ ਹਨ।

15 ➢ ਜੇ ਮੈਂ ਇਹ ਜਾਣਦਾ ਹੁੰਦਾ ਕਿ ਮੇਰੇ ਸਰੀਰ ਰੂਪੀ ਭਾਂਡੇ ਵਿਚ ਬਹੁਤ ਥੋੜ੍ਹੇ ਸਵਾਸ ਹਨ ਤਾਂ ਮੈਂ ਇਸਨੂੰ ਸੋਚ ਸਮਝ ਕੇ ਖਰਚ ਕਰਦਾ ਅਤੇ ਆਪਣੇ ਜੋਬਨ ਦਾ ਝੂਠਾ ਘੁਮੰਡ ਨਾ ਕਰਦਾ।

16 ➢ ਸੱਚਾ ਦਰਵੇਸ਼ ਭੇਖ ਦਾ ਫ਼ਕੀਰ ਨਹੀਂ ਹੁੰਦਾ, ਸਗੋਂ ਉਸਦਾ ਜੀਵਨ ਸੱਚਾ-ਸੁੱਚਾ ਹੁੰਦਾ ਹੈ। ਭੇਖੀ ਨਾਲੋਂ ਨਿਮਰਤਾ ਵਾਲਾ ਮਨੁੱਖ ਪ੍ਰਮਾਤਮਾ ਦੇ ਪਿਆਰ ਦਾ ਹੱਕਦਾਰ ਬਣਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ

ਸਿੱਖ ਧਰਮ ਦੇ ਮੋਢੀ ਅਧਿਆਤਮਕ ਗੁਰੂ, ਧਾਰਮਿਕ ਰਹਿਬਰ, ਉੱਚ ਕੋਟੀ ਦੇ ਸਾਹਿਤਕਾਰ, ਸਮਾਜ-ਸੁਧਾਰਕ, ਮਨੁੱਖੀ ਆਜ਼ਾਦੀ ਦੇ ਅਲੰਬਰਦਾਰ, ਯੁੱਗ ਪੁਰਸ਼ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ 1469 ਈ. ਨੂੰ ਰਾਏ ਭੋਇੰ ਦੀ ਤਲਵੰਡੀ (ਪਾਕਿਸਤਾਨ) ਜ਼ਿਲ੍ਹਾ ਸ਼ੇਖੂਪੁਰ ਮਾਤਾ ਤ੍ਰਿਪਤਾ ਦੀ ਕੁੱਖੋਂ ਪਿਤਾ ਮਹਿਤਾ ਕਾਲੂ ਦੇ ਘਰ ਹੋਇਆ ਅਤੇ 1539 ਨੂੰ ਆਪ ਜੋਤੀ ਜੋਤ ਸਮਾ ਗਏ।

1 ➢ ਮਨੁੱਖੀ ਮਨ ਪੰਜ ਤੱਤਾਂ ਤੋਂ ਬਣਿਆ ਹੈ। ਇਸ ਸੰਸਾਰਕ ਜੀਵਨ ਦੀ ਖੇਡ ਵੀ ਪੰਜ ਤੱਤਾਂ ਦੀ ਹੈ। ਇਸ ਲਈ ਮਨ ਤੱਤਾਂ ਮਗਰ ਦੌੜਦਾ ਹੈ ਅਤੇ ਦੁਖੀ ਹੁੰਦਾ, ਲੋਕਾਂ ਦਾ ਗ਼ੁਲਾਮ ਹੁੰਦਾ ਹੈ। ਜੇ ਮਨ ਸਥਿਰ ਹੋ ਜਾਵੇ, ਜਿੱਤਿਆ ਜਾਵੇ ਤਾਂ ਸਾਰੇ ਦੁੱਖ ਖ਼ਤਮ ਹੋ ਜਾਂਦੇ ਹਨ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਮਨ ਦੇ ਫੁਰਨਿਆਂ ਨੂੰ ਕਾਬੂ ਕਰਨੇ ਸਾਰੇ ਵਿਸ਼ਵ ਦੀ ਪਾਤਸ਼ਾਹੀ ਪ੍ਰਾਪਤ ਕੀਤੀ ਜਾ ਸਕਦੀ ਹੈ।

2 ➢ ਦੁੱਖਾਂ ਵਿੱਚ ਫਸਿਆ ਬੰਦਾ ਸੁੱਖਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰਦਾ ਹੈ ਤੇ ਬਹੁਤ ਉਸਾਰੂ ਕੰਮ ਕਰ ਜਾਂਦਾ ਹੈ ਜਦੋਂ ਕਿ ਹਰ ਵੇਲੇ ਸੁੱਖ ਭੋਗਣ ਵਾਲੇ ਬੰਦੇ ਦੀ ਅਵਸਥਾ ਖੜ੍ਹੇ ਪਾਣੀ ਵਰਗੀ ਹੁੰਦੀ ਹੈ।

3 ➢ ਸਾਨੂੰ ਦੂਜਿਆਂ ਦੇ ਗੁਣਾਂ ਨਾਲ ਸਾਂਝ ਪਾਉਣੀ ਚਾਹੀਦੀ ਹੈ ਅਤੇ ਉਹਨਾਂ ਦੇ ਔਗੁਣਾਂ ਨੂੰ ਨਹੀਂ ਚਿਤਾਰਨਾ ਚਾਹੀਦਾ। ਦੂਜਿਆਂ ਦੇ ਗੁਣਾਂ ਨਾਲ ਸਾਂਝ ਪਾ ਕੇ ਅਸੀਂ ਜਿੱਥੇ ਉਹਨਾਂ ਨਾਲ ਸਮਾਜਿਕ ਤੌਰ 'ਤੇ ਜੁੜ ਜਾਂਦੇ ਹਾਂ ਉਥੇ ਉਹਨਾਂ ਦੇ ਗੁਣਾਂ ਨੂੰ ਗ੍ਰਹਿਣ ਕਰਕੇ ਆਪ ਗੁਣਾਂ ਨਾਲ ਅਮੀਰ ਹੁੰਦੇ ਹਾਂ।

4 ➢ ਮਨੁੱਖ ਦੀ ਰੱਖਿਆ ਦਾ ਸਭ ਤੋਂ ਵੱਡਾ ਸਾਧਨ ਨਿਮਰਤਾ ਹੈ। ਨਿਮਰਤਾ ਦੇ ਗੁਣ ਨੂੰ ਇਸ ਤਰ੍ਹਾਂ ਗ੍ਰਹਿਣ ਕਰ ਲੈਣਾ ਚਾਹੀਦਾ ਹੈ ਜਿਸ ਤਰ੍ਹਾਂ ਮਨੁੱਖਾ ਸਰੀਰ ਲਿਬਾਸ ਨੂੰ ਧਾਰਨ ਕਰਦਾ ਹੈ।

5 ➢ ਜਿਵੇਂ ਘੜੇ ਦਾ ਬੱਧਾ ਹੋਇਆ ਪਾਣੀ ਟਿਕਿਆ ਰਹਿੰਦਾ ਹੈ, ਪਰ ਪਾਣੀ ਤੋਂ ਬਿਨਾਂ ਘੜਾ ਬਣ ਨਹੀਂ ਸਕਦਾ, ਤਿਵੇਂ ਗਿਆਨ ਦਾ ਬੱਧਾ ਹੋਇਆ ਮਨ ਟਿਕਿਆ ਰਹਿੰਦਾ ਹੈ, ਪਰ ਗਿਆਨ ਗੁਰੂ ਤੋਂ ਬਿਨਾਂ ਨਹੀਂ ਹੋ ਸਕਦਾ।

6 ➢ ਕੌੜੇ ਤੇ ਫਿੱਕੇ ਬੋਲ ਬੋਲਣ ਨਾਲ ਸਰੀਰ ਤੇ ਮਨ ਦੋਵੇਂ ਫਿੱਕੇ ਅਤੇ ਬੇਵਸ ਹੋ ਜਾਂਦੇ ਹਨ ਅਤੇ ਇਸ ਨਾਲ ਮਨ ਦਾ ਖੇੜਾ ਅਤੇ ਸਰੀਰ ਦੀ ਅਰੋਗਤਾ ਮਾਰੀ ਜਾਂਦੀ ਹੈ।

7 ➢ ਮਨੁੱਖੀ ਸਰੀਰ ਦੇ ਕਿਸੇ ਵੀ ਕੰਮ ਵਿੱਚ ਸਫ਼ਲਤਾ ਪ੍ਰਾਪਤ ਕਰਨ ਲਈ ਜ਼ਰੂਰੀ

ਹੈ ਕਿ ਮਨੁੱਖ ਆਪਣੇ ਹੱਥੀ ਖੁਦ ਕੰਮ ਕਰੇ ਅਤੇ ਉਹ ਆਪਣੇ ਕੰਮ ਨੂੰ ਦੂਸਰਿਆਂ ਦੇ ਆਸਰੇ 'ਤੇ ਨਾ ਛੱਡੇ।

8 ➢ ਮਿੱਠਾ ਬੋਲਣਾ ਅਤੇ ਕਿਸੇ ਦਾ ਦਿਲ ਨਾ ਦੁਖਾਉਣਾ ਰੱਬ ਨੂੰ ਮਿਲਣ ਦੇ ਚਾਹਵਾਨ ਲਈ ਸਭ ਤੋਂ ਜ਼ਰੂਰੀ ਗੁਣ ਹੈ।

9 ➢ ਉਹ ਖਾਣਾ ਖੁਆਰੀ ਪੈਦਾ ਕਰਦਾ ਹੈ ਜਿਸ ਦੇ ਖਾਧਿਆਂ ਸਰੀਰ ਦੁਖੀ ਹੋਵੇ, ਸਰੀਰ ਵਿੱਚ ਕੋਈ ਰੋਗ ਪੈਦਾ ਹੋਵੇ ਜਾਂ ਮਨ ਵਿੱਚ ਮੰਦੇ ਖ਼ਿਆਲ ਪੈਦਾ ਹੋਣ।

10 ➢ ਮਨੁੱਖਤਾ ਪ੍ਰਤੀ ਪ੍ਰੇਮ ਪਰਮਾਤਮਾ ਪ੍ਰਤੀ ਪ੍ਰੇਮ ਦਾ ਚਿੰਨ੍ਹ ਹੈ। ਜੋ ਮਨੁੱਖ ਦੂਜੇ ਮਨੁੱਖ ਨੂੰ ਪ੍ਰੇਮ ਕਰਦਾ ਹੈ, ਅਸਲ ਵਿੱਚ ਉਹੀ ਪ੍ਰਮਾਤਮਾ ਨੂੰ ਪ੍ਰੇਮ ਕਰਦਾ ਹੈ।

11 ➢ ਇਸਤਰੀ ਤੋਂ ਮਨੁੱਖ ਜਨਮ ਲੈਂਦਾ ਹੈ, ਇਸਤਰੀ ਨਾਲ ਹੀ ਪੁਰਖ ਦਾ ਵਿਆਹ ਹੁੰਦਾ ਹੈ, ਇਸਤਰੀ ਦੀ ਸੰਗਤ ਵਿੱਚ ਉਹ ਰਹਿੰਦਾ ਹੈ ਅਤੇ ਇਸਤਰੀ ਜੋ ਰਾਜੇ-ਮਹਰਾਜਿਆਂ ਨੂੰ ਜਨਮ ਦਿੰਦੀ ਹੈ ਨੂੰ ਘਟੀਆ ਨਹੀਂ ਕਿਹਾ ਜਾ ਸਕਦਾ।

12 ➢ ਝੂਠ ਨਾਸ਼ਵਾਨ ਹੈ ਜਦ ਕਿ ਸੱਚ ਸਦੀਵੀ ਤੌਰ 'ਤੇ ਅਮਰ ਰਹਿੰਦਾ ਹੈ। ਸੱਚ ਰੱਬ ਦੀ ਜਾਤ ਹੈ ਅਤੇ ਸੱਚ ਹੀ ਰੱਬ ਹੈ।

13 ➢ ਜਿੱਥੇ ਤੁਹਾਡੀ ਬੋਲਬਾਣੀ ਦਾ ਸਤਿਕਾਰ ਨਹੀਂ ਕੀਤਾ ਜਾਂਦਾ ਉਥੇ ਚੁੱਪ ਰਹਿਣਾ ਹੀ ਠੀਕ ਹੁੰਦਾ ਹੈ।

14 ➢ ਦੁੱਖ ਮਨੁੱਖੀ ਜੀਵਨ ਦੀ ਕਸਵੱਟੀ ਹੈ। ਦੁਖ-ਸੁਖ ਮਨੁੱਖ ਦੇ ਪਹਿਰਾਵੇ ਵਾਂਗ ਹਨ।

15 ➢ ਦੁਨੀਆ ਦੇ ਸਾਰੇ ਦੁੱਖ ਹੰਕਾਰ ਵਿਚੋਂ ਪੈਦਾ ਹੁੰਦੇ ਹਨ।

16 ➢ ਮਨੁੱਖ ਦੀ ਸੂਝ-ਬੂਝ ਉਸ ਦੇ ਅਮਲਾਂ ਤੋਂ ਪੈਦਾ ਹੁੰਦੀ ਹੈ। ਮਨੁੱਖ ਦੀ ਮੱਤ ਅਤੇ ਉਸਦਾ ਆਚਰਨ ਵੱਖ-ਵੱਖ ਨਹੀਂ ਹੁੰਦੇ। ਦੋਹਾਂ ਦਾ ਇਕ ਦੂਜੇ ਉੱਪਰ ਪ੍ਰਭਾਵ ਪੈਂਦਾ ਹੈ।

17 ➢ ਇੱਛਾਵਾਂ 'ਤੇ ਜਿੱਤ ਹਾਸਲ ਕੀਤਿਆਂ ਸੰਸਾਰ ਜਿੱਤਿਆ ਜਾ ਸਕਦਾ ਹੈ।

18 ➢ ਮੁਕਤੀ ਦੀ ਕੁੰਜੀ ਗੁਰੂ ਕੋਲ ਹੈ।

19 ➢ ਕਿਸੇ ਹੋਰ ਨੂੰ ਆਪਣੇ ਕਰਮਾਂ ਦਾ ਦੋਸ਼ ਨਾ ਦੇਵੋ, ਅਸੀਂ ਆਪ ਆਪਣੇ ਕਰਮਾਂ ਦੇ ਜ਼ਿੰਮੇਵਾਰ ਹਾਂ।

20 ➢ ਅਖੌਤੀ ਸ੍ਰੇਸ਼ਟ ਜਾਤੀ ਵਿੱਚ ਜਨਮ ਲੈਣ ਨਾਲ ਉੱਜਲ ਭਵਿੱਖ ਦੀ ਚੇਸ਼ਟਾ ਨਹੀਂ ਕੀਤੀ ਜਾ ਸਕਦੀ।

21 ➢ ਨੀਚ ਉਹ ਨਹੀਂ ਸਮਝੇ ਜਾਣੇ ਚਾਹੀਦੇ, ਜਿਨ੍ਹਾਂ ਨੂੰ ਸਮਾਜ ਨੇ ਸਾਧਨ-ਵਿਹੂਣੇ ਕਰ ਦਿੱਤਾ ਹੈ, ਸਗੋਂ ਨੀਚ ਉਹ ਹਨ, ਜਿਨ੍ਹਾਂ ਨੂੰ ਗਿਆਨ ਨਹੀਂ ਹੈ ਕਿ ਸਾਰੇ ਮਨੁੱਖ ਹੀ ਬਰਾਬਰ ਹਨ।

22 ➢ ਵਿਚਾਰਾਂ ਦੀ ਪਵਿੱਤਰਤਾ ਤੋਂ ਬਗੈਰ ਤਨ ਦੀ ਪਵਿੱਤਰਤਾ ਦਾ ਕੋਈ ਮਹੱਤਵ ਨਹੀਂ ਹੈ।

23 ➤ ਮਨੁੱਖੀ ਸਰੀਰ ਹੀ ਸਭ ਤੋਂ ਵੱਡਾ ਮੰਦਰ ਹੈ। ਮਨੁੱਖੀ ਸਦਗੁਣਾ ਨੂੰ ਅਪਨਾਉਣਾ ਤੇ ਇਨ੍ਹਾਂ ਅਨੁਸਾਰ ਕਾਰਜਸ਼ੀਲ ਹੋਣਾ ਹੀ ਮਨੁੱਖ ਦੀ ਜੀਵਨ-ਸ਼ੈਲੀ ਨੂੰ ਸੁਧਾਰ ਸਕਦਾ ਹੈ।

24 ➤ ਜਿਹੜਾ ਮਨੁੱਖ ਆਪਣੇ ਅੰਦਰਲੇ ਸਦਗੁਣਾਂ ਨੂੰ ਵਿਕਸਿਤ ਕਰ ਲੈਂਦਾ ਹੈ, ਉਹ ਹੀ ਅਸਲ ਗਿਆਨਵਾਨ ਮੰਨਿਆ ਜਾ ਸਕਦਾ ਹੈ। ਗਿਆਨ-ਪ੍ਰਾਪਤੀ ਨਾਲ ਮਨੁਖ ਨੂੰ ਆਪਣੇ ਗੁਨਾਹਾਂ ਦੀ ਸੋਝੀ ਹੋ ਜਾਂਦੀ ਹੈ।

25 ➤ ਗਿਆਨ ਨੂੰ ਤਲਵਾਰ ਦਾ ਕੰਮ ਕਰਦਿਆਂ ਮਨੁੱਖ ਅੰਦਰਲੇ ਔਗੁਣਾਂ ਦਾ ਨਾਸ਼ ਕਰਨਾ ਚਾਹੀਦਾ ਹੈ।

26 ➤ ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ॥

27 ➤ ਸੁਣਨ ਨਾਲ, ਗਿਆਨ ਅਤੇ ਤਜਰਬੇ ਵਿੱਚ ਵਾਧਾ ਹੁੰਦਾ ਹੈ।

28 ➤ ਸ਼ਬਦ ਵਿੱਚ ਬਹੁਤ ਸ਼ਕਤੀ ਹੈ, ਪਰ ਬਹੁਤ ਘੱਟ ਲੋਕ ਇਸਨੂੰ ਜਾਣਦੇ ਹਨ।

29 ➤ ਇਸਤਰੀ ਜਿਸਨੇ ਵੱਡੇ-ਵੱਡੇ ਰਾਜਿਆਂ-ਮਹਾਂਰਾਜਿਆਂ ਨੂੰ ਜਨਮ ਦਿੱਤਾ ਹੈ ਨੂੰ ਘਟੀਆ ਨਹੀਂ ਕਿਹਾ ਜਾ ਸਕਦਾ।

ਸੁਆਮੀ ਵਿਵੇਕਾਨੰਦ

ਜਨਮ– 12 ਜਨਵਰੀ 1863 ਈ. ਮੌਤ– 4 ਜੁਲਾਈ 1902 ਈ.

ਸੁਆਮੀ ਜੀ ਨੇ ਹਜ਼ਾਰਾਂ ਸਾਲ ਤੋਂ ਸੁੱਤੀ ਭਾਰਤੀ ਕੌਮ ਨੂੰ ਜਗਾਇਆ ਅਤੇ ਸਮੁੱਚੇ ਵਿਸ਼ਵ ਵਿੱਚ ਭਾਰਤੀ ਸੰਸਕ੍ਰਿਤੀ ਦੀ ਗੌਰਵਤਾ ਨੂੰ ਉਜਾਗਰ ਕੀਤਾ।

1 ➢ ਜਿਹੜੀਆਂ ਕੌਮਾਂ ਨਾਰੀ ਦਾ ਸਤਿਕਾਰ ਨਹੀਂ ਕਰਦੀਆਂ ਉਹ ਨਾ ਅਤੀਤ ਵਿੱਚ ਵਿਕਸਿਤ ਹੋਈਆਂ ਹਨ ਨਾ ਭਵਿੱਖ ਵਿੱਚ ਖ਼ੁਸ਼ਹਾਲ ਹੋਣਗੀਆਂ।

2 ➢ ਜਿਹੜੀ ਜਾਤੀ ਦੁੱਖ ਅਤੇ ਭੁੱਖ ਨਾਲ ਤੜਪ ਰਹੀ ਹੈ ਉਸ ਅੱਗੇ ਧਰਮ ਪਰੋਸਣਾ ਧਰਮ ਦਾ ਅਪਮਾਨ ਹੈ।

3 ➢ ਇਸਤਰੀਆਂ ਦੀ ਜਾਗ੍ਰਿਤੀ ਤੋਂ ਬਿਨਾਂ ਜਗਤ ਦਾ ਕਲਿਆਣ ਸੰਭਵ ਨਹੀਂ। ਪੰਛੀ ਇਕ ਖੰਭ ਨਾਲ ਨਹੀਂ ਉੱਡ ਸਕਦਾ।

4 ➢ ਪ੍ਰਮਾਤਮਾ ਦੀ ਕਿੰਨੀ ਵੀ ਕ੍ਰਿਪਾ ਹੋਵੇ, ਮਨੁੱਖੀ ਯਤਨ ਬਿਨਾਂ ਪਰਿਵਰਤਨ ਨਹੀਂ ਵਾਪਰੇਗਾ।

5 ➢ ਗ੍ਰਹਿਸਥੀ ਬੰਦੇ ਦਾ ਜੀਵਨ ਵੀ ਓਨਾਂ ਹੀ ਮਹਾਨ ਹੈ ਜਿੰਨਾ ਕਿਸੇ ਬ੍ਰਹਮਚਾਰੀ ਦਾ, ਜਿਸਨੇ ਆਪਣਾ ਤਨ ਮਨ ਧਾਰਮਿਕ ਕਾਰਜ ਲਈ ਅਰਪਨ ਕੀਤਾ ਹੋਵੇ।

6 ➢ ਬੁਜ਼ਦਿਲੀ ਅਤੇ ਕਾਇਰਤਾ ਭ੍ਰਿਸ਼ਟਾਚਾਰ ਨੂੰ ਜਨਮ ਦੇਂਦੇ ਹਨ, ਹਰ ਬਦੀ ਦਾ ਮੁੱਢ ਬੰਨ੍ਹਦੇ ਹਨ।

7 ➢ ਜੀਵਨ ਉਸੇ ਮੁਤਾਬਕ ਚੰਗਾ ਜਾਂ ਮੰਦਾ ਹੈ ਜਿਸ ਮਾਨਸਿਕ ਸਥਿਤੀ ਮੁਤਾਬਕ ਅਸੀਂ ਉਸਨੂੰ ਵੇਖਦੇ ਹਾਂ ਉਂਝ ਇਹ ਆਪਣੇ–ਆਪ ਵਿੱਚ ਚੰਗਾ ਜਾਂ ਮੰਦਾ ਨਹੀਂ।

8 ➢ ਗੀਤ ਗਾਓ ਤੇ ਗ਼ਮਾਂ ਤੋਂ ਛੁਟਕਾਰਾ ਪਾਓ। ਰੱਬ ਦੇ ਵਾਸਤੇ ਦੂਜਿਆਂ ਨੂੰ ਗ਼ਮ ਵਿੱਚ ਨਾ ਡੋਬੋ।

9 ➢ ਸੱਚ ਲਈ ਹਰ ਵਸਤੂ ਦੀ ਬਲੀ ਦਿੱਤੀ ਜਾ ਸਕਦੀ ਹੈ ਪਰੰਤੂ ਸੱਚ ਦੀ ਬਲੀ ਕਿਸੇ ਵੀ ਵਸਤੂ ਲਈ ਨਹੀਂ ਦਿੱਤੀ ਜਾ ਸਕਦੀ।

10 ➢ ਇਹ ਵੀ ਠੀਕ ਨਹੀਂ ਕਿ ਤੁਸੀਂ ਮੈਨੂੰ ਆਪਣੇ ਮਾਪਦੰਡ ਨਾਲ ਪਰਖੋ ਤੇ ਮੈਂ ਤੁਹਾਨੂੰ ਆਪਣੇ ਮਾਪਦੰਡ ਨਾਲ। ਸੇਬ ਦੇ ਦਰੱਖਤ ਦੀ ਪਰਖ ਲਈ ਸੇਬ ਮਾਪਦੰਡ ਬਣਾਉਣਾ ਜ਼ਰੂਰੀ ਹੈ। ਬਲੂਤ ਦੇ ਦਰੱਖਤ ਦੀ ਪਰਖ ਲਈ ਉਸਦਾ ਆਪਣਾ ਮਾਪਦੰਡ।

11 ➢ ਤੁਸੀਂ ਮਾਲਕ ਵਾਂਗ ਕੰਮ ਕਰੋ ਨਾ ਕਿ ਗ਼ੁਲਾਮ ਵਾਂਗ। ਪਿਆਰ ਸਹਿਤ ਕੰਮ ਕਰੋ। ਪਿਆਰ ਦਾ ਹਰ ਕਾਰਜ ਖ਼ੁਸ਼ੀ ਦਿੰਦਾ ਹੈ। ਪਿਆਰ ਦਾ ਕੋਈ ਕਾਰਜ ਐਸਾ ਨਹੀਂ ਜਿਹੜਾ ਬਦਲੇ ਵਿੱਚ ਖ਼ੁਸ਼ੀ ਤੇ ਆਨੰਦ ਨਾ ਦੇਵੇ।

12 ➢ ਸੱਚਾ ਅਧਿਆਪਕ ਉਹ ਹੀ ਹੋ ਸਕਦਾ ਹੈ ਜਿਹੜਾ ਇਕਦਮ ਵਿਦਿਆਰਥੀ ਦੀ ਪੱਧਰ 'ਤੇ ਆ ਜਾਵੇ ਅਤੇ ਆਪਣੀ ਆਤਮਾ ਨੂੰ ਵਿਦਿਆਰਥੀ ਦੀ ਆਤਮਾ ਤੱਕ ਲੈ ਜਾਵੇ। ਉਸਨੂੰ ਵਿਦਿਆਰਥੀ ਦੀਆਂ ਅੱਖਾਂ ਰਾਹੀਂ ਵੇਖੋ, ਵਿਦਿਆਰਥੀ ਦੇ ਕੰਨਾਂ ਦੁਆਰਾ ਸੁਣੋ ਅਤੇ ਵਿਦਿਆਰਥੀ ਦੇ ਮਨ ਰਾਹੀਂ ਸਮਝੋ। ਕੇਵਲ ਅਜਿਹਾ ਅਧਿਆਪਕ ਹੀ ਅਮਲੀ ਤੌਰ 'ਤੇ ਸਿੱਖਿਆ ਦੇ ਸਕਦਾ ਹੈ। ਕੋਈ ਹੋਰ ਨਹੀਂ।

13 ➢ ਸਾਰਾ ਮਨੁੱਖੀ ਗਿਆਨ ਅਨੁਭਵ ਤੋਂ ਪੈਦਾ ਹੁੰਦਾ ਹੈ। ਅਨੁਭਵ ਤੋਂ ਬਿਨਾਂ ਕਿਸੇ ਹੋਰ ਤਰ੍ਹਾਂ ਅਸੀਂ ਕੁਝ ਨਹੀਂ ਜਾਣ ਸਕਦੇ।

14 ➢ ਜਿਸ ਮਨੁੱਖ ਦਾ ਮਨ ਉਹਦੇ ਅਧੀਨ ਹੋਵੇਗਾ, ਬਿਨਾਂ ਸ਼ੱਕ ਉਹ ਦੂਸਰਿਆਂ ਦੇ ਮਨਾਂ ਨੂੰ ਵੀ ਆਪਣੇ ਅਧੀਨ ਕਰ ਲਵੇਗਾ।

15 ➢ ਮੁਸੀਬਤਾਂ ਤੇ ਮੁਸ਼ਕਲਾਂ ਦਾ ਸਾਹਮਣਾ ਕਰੋ। ਉਹ ਸੁਲਝ ਜਾਣਗੀਆਂ, ਦੂਰ ਹੋ ਜਾਣਗੀਆਂ। ਜੇ ਭੱਜੋਗੇ ਤਾਂ ਉਹ ਤੁਹਾਡੇ ਮਗਰ ਭੱਜਣਗੀਆਂ।

16 ➢ ਚਲਾਕੀ ਨਾਲ ਕਦੇ ਕੋਈ ਮਹਾਨ ਨਹੀਂ ਬਣਦਾ। ਪ੍ਰੇਮ ਤੇ ਸੱਚਾਈ ਦੀ ਸ਼ਕਤੀ ਨਾਲ ਹੀ ਸਾਰੇ ਕੰਮ ਸਫਲ ਹੁੰਦੇ ਹਨ।

17 ➢ ਬਦਲੇ ਵਿੱਚ ਕੁਝ ਵੀ ਨਾ ਚਾਹੁਣ ਵਾਲਾ ਬਿਲਕੁਲ ਨਿਰਸਵਾਰਥ ਵਿਅਕਤੀ ਹੀ ਸਭ ਤੋਂ ਜ਼ਿਆਦਾ ਸਫਲ ਵਿਅਕਤੀ ਹੁੰਦਾ ਹੈ।

18 ➢ ਸ਼ਕਤੀ ਹਰ ਸੁਖ ਦੀ ਖਾਣ ਹੈ। ਕਮਜ਼ੋਰੀ ਸਦੀਵੀ ਦੁੱਖ ਤੇ ਅਸ਼ਾਂਤੀ ਹੈ।

19 ➢ ਮਨੁੱਖ ਦੇ ਅੰਦਰ ਜੋ ਪੂਰਨਤਾ ਪਹਿਲਾਂ ਤੋਂ ਹੀ ਬਿਰਾਜਮਾਨ ਹੈ, ਉਸਦੇ ਵਿਕਾਸ ਦਾ ਨਾਂ ਹੀ ਸਿੱਖਿਆ ਹੈ।

20 ➢ ਜੇਕਰ ਤੁਸੀਂ ਦੁਨੀਆ ਦਾ ਸੁਧਾਰ ਕਰਨਾ ਚਾਹੁੰਦੇ ਹੋ ਤਾਂ ਇਸਦੀ ਆਲੋਚਨਾ ਕਰਨੀ ਬੰਦ ਕਰ ਦੇਵੋ।

21 ➢ ਖ਼ੁਦ ਦੀ ਬਜਾਏ ਪਹਿਲਾਂ ਔਰਤ ਨੂੰ ਪੜ੍ਹਾਓ-ਲਿਖਾਓ, ਫ਼ਿਰ ਉਹ ਤੁਹਾਨੂੰ ਦਸੇਗੀ ਕਿ ਸਾਨੂੰ ਦੇਸ਼ ਵਿਚ ਕਿਹੜੇ-ਕਿਹੜੇ ਸੁਧਾਰ ਕਰਨੇ ਚਾਹੀਦੇ ਹਨ।

22 ➢ ਆਦਰਸ਼ ਨੂੰ ਪ੍ਰਾਪਤ ਕਰਨ ਲਈ ਸੌ ਵਾਰ ਯਤਨ ਕਰੋ, ਜੇਕਰ ਫ਼ਿਰ ਵੀ ਸਫ਼ਲ ਨਾ ਹੋਵੋ ਤਾਂ ਇਕ ਵਾਰ ਨਵਾਂ ਯਤਨ ਕਰਕੇ ਜ਼ਰੂਰ ਵੇਖੋ।

ਸ਼ੇਖ ਸਾਅਦੀ

ਸ਼ੇਖ ਸਾਅਦੀ ਫ਼ਾਰਸੀ ਭਾਸ਼ਾ ਦੇ ਮਹਾਨ ਕਵੀ ਅਤੇ ਸਾਹਿਤਕਾਰ ਸਨ। ਉਹਨਾਂ ਦਾ ਜਨਮ 1213 ਈ. ਨੂੰ ਈਰਾਨ ਵਿੱਚ ਹੋਇਆ ਅਤੇ 1292 ਈ. ਨੂੰ ਉਹਨਾਂ ਦਾ ਦੇਹਾਂਤ ਹੋਇਆ। ਉਹਨਾਂ ਨੇ ਆਪਣੇ ਜੀਵਨ ਵਿੱਚ ਲਗਭਗ 16 ਅਜਿਹੇ ਗ੍ਰੰਥਾਂ ਦੀ ਰਚਨਾ ਕੀਤੀ ਜਿਨ੍ਹਾਂ ਵਿੱਚ ਮਨੁੱਖ ਦੀਆਂ ਨੈਤਿਕ ਕਦਰਾਂ ਕੀਮਤਾਂ ਦੀ ਗੱਲ ਕਹੀ ਗਈ ਹੈ। ਉਹਨਾਂ ਕਈ ਦੇਸ਼ਾਂ ਦੀ ਸੈਰ ਵੀ ਕੀਤੀ।

1 ➢ ਉਹ ਮਨੁੱਖ ਸਚਮੁੱਚ ਬੁੱਧੀਮਾਨ ਹੈ ਜਿਹੜਾ ਗੁੱਸੇ ਦੀ ਹਾਲਤ ਵਿੱਚ ਵੀ ਕੋਈ ਗੱਲ ਮੂੰਹੋਂ ਨਹੀਂ ਕੱਢਦਾ।

2 ➢ ਲੋਭੀ ਸਾਰਾ ਸੰਸਾਰ ਪ੍ਰਾਪਤ ਕਰਨ ਮਗਰੋਂ ਵੀ ਭੁੱਖਾ ਹੀ ਰਹਿੰਦਾ ਹੈ।

3 ➢ ਜੇਕਰ ਤੁਸੀਂ ਆਪਣੀ ਸਿਆਣਪ ਜਤਾਉਣ ਲਈ ਕਿਸੇ ਸਿਆਣੇ ਅੱਗੇ ਜ਼ਿਆਦਾ ਗੱਲਾਂ ਕਰੋਗੇ ਤਾਂ ਤੁਹਾਡੀ ਮੂਰਖਤਾ ਹੀ ਪ੍ਰਗਟ ਹੋਵੇਗੀ।

4 ➢ ਜੇਕਰ ਮਨੁੱਖ ਪਰਉਪਕਾਰੀ ਨਹੀਂ ਹੈ ਤੇ ਉਹਦੇ ਅਤੇ ਕੰਧ ਉੱਤੇ ਉਲੀਕੇ ਚਿੱਤਰ ਵਿੱਚ ਕੋਈ ਫਰਕ ਨਹੀਂ ਹੈ।

5 ➢ ਜਿੱਥੇ ਇਸਤਰੀ ਦਾ ਮਾਣ ਹੈ, ਦੇਵਤੇ ਧਰਤੀ 'ਤੇ ਰਹਿਣਾ ਚਾਹੁੰਣਗੇ।

6 ➢ ਫ਼ਕੀਰ ਬਾਦਸ਼ਾਹਾਂ ਤੋਂ ਅਮੀਰ ਹੁੰਦੇ ਹਨ, ਕਿਉਂਕਿ ਉਹਨਾਂ ਕੋਲ ਸਬਰ ਸੰਤੋਖ ਦੀ ਦੌਲਤ ਵੀ ਹੁੰਦੀ ਹੈ।

7 ➢ ਛੋਟੇ ਲੋਕ ਦੂਸਰਿਆਂ ਬਾਰੇ ਗੱਲਾਂ ਕਰਦੇ ਹਨ, ਵਿਚਕਾਰਲੇ ਲੋਕ ਚੀਜ਼ਾਂ ਬਾਰੇ ਗੱਲਾਂ ਕਰਦੇ ਹਨ ਤੇ ਮਹਾਨ ਲੋਕ ਵਿਚਾਰਾਂ ਬਾਰੇ ਗੱਲਾਂ ਕਰਦੇ ਹਨ।

8 ➢ ਚੁੱਪ ਬੱਚੇ ਦਾ ਬੌਧਿਕ ਵਿਕਾਸ ਕਰਦੀ ਹੈ।

9 ➢ ਈਰਖਾਲੂ ਮਨੁੱਖ ਖ਼ੁਦ ਹੀ ਈਰਖਾ ਦੀ ਅੱਗ ਵਿੱਚ ਜਲਦਾ ਹੈ। ਉਸਨੂੰ ਹੋਰ ਜਲਾਉਣਾ ਵਿਅਰਥ ਹੈ।

10 ➢ ਉਸ ਮਨੁੱਖ ਦਾ ਚਿਤ ਕਦੇ ਪ੍ਰਸੰਨ ਨਹੀਂ ਹੋ ਸਕਦਾ ਜਿਸਨੇ ਪੈਸੇ ਲਈ ਆਪਣਾ ਈਮਾਨ ਵੇਚ ਦਿੱਤਾ ਹੈ।

11 ➢ ਮੈਂ ਕਿਸੇ ਨੂੰ ਇਸ ਕਰਕੇ ਹੁਕਮ ਨਹੀਂ ਦੇ ਸਕਦਾ ਕਿਉਂਕਿ ਮੈਂ ਹੁਕਮ ਲੈਣਾ ਵੀ ਨਹੀਂ ਚਾਹੁੰਦਾ। ਮੈਂ ਗ਼ੁਲਾਮ ਨਹੀਂ ਬਣਨਾ ਚਾਹੁੰਦਾ, ਇਸੇ ਲਈ ਮਾਲਕ ਵੀ ਨਹੀਂ ਬਣਾਂਗਾ।

12 ➢ ਚਾਪਲੂਸੀ ਮੂਰਖਾਂ ਦੀ ਖ਼ੁਰਾਕ ਹੈ।

13 ➢ ਮਨੁੱਖ ਨੂੰ ਚਾਹੀਦਾ ਹੈ ਕਿ ਦੀਵਾਰ 'ਤੇ ਹੱਥ ਚੁੱਕ ਕੇ ਆਪਣੀ ਹੋਂਦ ਨਹੀਂ ਗੁਆਉਣੀ ਚਾਹੀਦੀ।

14 ➢ ਜੇ ਤੁਸਾਂ ਨਫ਼ਰਤ ਕਰਨੀ ਹੈ ਤਾਂ ਨਫ਼ਰਤ ਕਰੋ ਝੂਠੇ ਵਿਖਾਵੇ ਨਾਲ, ਬੇਈਮਾਨੀ ਨਾਲ, ਬੁਜ਼ਦਿਲੀ, ਜ਼ੁਲਮ, ਕ੍ਰੋਧ ਤੇ ਈਰਖਾ ਨਾਲ।

15 ➢ ਗ਼ਰੀਬਾਂ ਉੱਤੇ ਜ਼ੁਲਮ ਨਾ ਕਰੋ, ਕਿਉਂਕਿ ਉਹਨਾਂ ਦੀਆਂ ਬਦਦੁਆਵਾਂ ਬਹੁਤ ਛੇਤੀ ਅਸਮਾਨ ਤੱਕ ਪਹੁੰਚ ਜਾਂਦੀਆਂ ਹਨ।

16 ➢ ਜੰਗਲ ਵਿੱਚ ਭੁੱਖ ਨਾਲ ਮਰਦੇ ਵਿਅਕਤੀ ਲਈ ਕੱਚੀ ਚਾਂਦੀ ਨਾਲੋਂ ਪੱਕੇ ਹੋਏ ਸ਼ਲਗਮ ਕਿਤੇ ਚੰਗੇ ਹਨ।

17 ➢ ਗ਼ਰੀਬ ਬਿੱਲੀ ਦੇ ਜੇ ਖੰਭ ਹੁੰਦੇ ਤਾਂ ਉਹ ਚਿੜੀਆਂ ਦਾ ਤਖ਼ਤਾ ਜਹਾਨ ਤੋਂ ਮੁਕਾ ਦਿੰਦੀ ਅਤੇ ਜੇਕਰ ਖੋਤੇ ਦੇ ਬਲਦ ਵਾਂਗੂੰ ਸਿੰਗ ਹੁੰਦੇ ਤਾਂ ਉਹ ਆਪਣੇ ਦੁਆਲੇ ਕਿਸੇ ਬੰਦੇ ਨੂੰ ਫਟਕਣ ਨਾ ਦੇਂਦਾ।

18 ➢ ਦੋ ਦੁਸ਼ਮਣਾਂ ਵਿਚਾਲੇ ਅਜਿਹੀ ਗੱਲ ਕਰੋ ਕਿ ਜੇ ਕਦੀ ਉਹ ਦੋਸਤ ਹੋ ਜਾਣ ਤਾਂ ਤੁਹਾਨੂੰ ਸ਼ਰਮਿੰਦਾ ਨਾ ਹੋਣਾ ਪਵੇ।

19 ➢ ਦੋ ਬੰਦੇ ਦੇਸ਼ ਅਤੇ ਮੱਤ ਦੇ ਦੁਸ਼ਮਣ ਹੁੰਦੇ ਹਨ। ਇਕ ਤਾਂ ਉਹ ਬਾਦਸ਼ਾਹ ਜਿਸ ਵਿੱਚ ਸਹਿਣਸ਼ੀਲਤਾ ਨਾ ਹੋਵੇ ਤੇ ਦੂਜਾ ਉਹ ਤਪੀ ਜਿਸਨੂੰ ਗਿਆਨ ਨਾ ਹੋਵੇ।

20 ➢ ਪੇਟ ਦਾ ਅਤਿਆਚਾਰ ਹਰ ਪੰਛੀ ਨੂੰ ਜਾਲ ਵਿੱਚ ਫਸਾ ਦਿੰਦਾ ਹੈ ਸ਼ਿਕਾਰੀਆਂ ਨੂੰ ਜਾਲ ਲਾਉਣ ਦੀ ਲੋੜ ਨਹੀਂ ਭਾਸਦੀ।

21 ➢ ਸਿਆਣਿਆਂ ਸਾਹਮਣੇ ਮਸਤ ਹਾਥੀ ਨਾਲ ਲੜਾਈ ਭਾਲਣ ਵਾਲਾ ਮਰਦ ਨਹੀਂ ਹੁੰਦਾ। ਸਗੋਂ ਮਰਦ ਉਹ ਹੈ ਜੋ ਕਰੋਧ ਆਉਣ 'ਤੇ ਚੁੱਪ ਵਟ ਲਵੇ ਤੇ ਝੂਠ ਨਾ ਬੋਲੇ।

22 ➢ ਚੰਗੀ ਕਿਸਮਤ, ਤਖ਼ਤ, ਰਾਜ ਭਾਗ ਲੈਣ ਦੇਣ ਸਭ ਫਜ਼ੂਲ ਹਨ ਕਿਉਂਕਿ ਨਾਸ਼ਮਾਨ ਹਨ। ਆਪ ਤੋਂ ਪਹਿਲਿਆਂ ਦੇ ਸ਼ੁਭ ਨਾਮ ਨਾ ਮਿਟਾ ਤਾਂ ਜੋ ਤੇਰਾ ਨਾਮ ਕਾਇਮ ਰਹੇ।

23. ➢ ਸੁੰਦਰ ਮੁਖੜਾ ਫੱਟੜ ਦਿਲ ਲਈ ਮੱਲ੍ਹਮ ਦਾ ਕੰਮ ਦੇਂਦਾ ਹੈ ਤੇ ਇਹ ਬੰਦ ਬੂਹਿਆਂ ਦੀ ਕੁੰਜੀ ਹੈ।

ਖ਼ਲੀਲ ਜਿਬਰਾਨ

ਜਨਮ 6 ਜਨਵਰੀ 1888   ਮੌਤ 10 ਅਪ੍ਰੈਲ 1931

ਖ਼ਲੀਲ ਜਿਬਰਾਨ ਦੀ ਜਨਮ ਭੂਮੀ ਸੀਰੀਆ ਹੈ ਅਤੇ ਉਸਦਾ ਨਾਂ ਵਿਸ਼ਵ ਦੇ ਗਿਣਵੇਂ-ਚੁਣਵੇਂ ਸਾਹਿਤਕਾਰਾਂ ਵਿੱਚ ਸ਼ਾਮਿਲ ਹੈ। ਉਸਨੂੰ ਦੁਨੀਆ ਦਾ ਸੈਰ-ਸਪਾਟਾ ਕਰਨ ਦਾ ਬਹੁਤ ਸ਼ੌਂਕ ਸੀ ਅਤੇ ਉਸਨੇ ਨਿੱਕੀ ਉਮਰੇ ਹੀ ਬੈਲਜੀਅਮ, ਫਰਾਂਸ ਅਤੇ ਅਮਰੀਕਾ ਵਰਗੇ ਦੇਸ਼ਾਂ ਦੀ ਸੈਰ ਕੀਤੀ। ਉੱਨੀ (19) ਵਰ੍ਹਿਆਂ ਦੀ ਉਮਰ ਵਿੱਚ ਹੀ ਉਸ ਦੀ ਸੰਸਾਰ ਪ੍ਰਸਿੱਧ ਪੁਸਤਕ 'ਦੀ ਪ੍ਰਾਫਿਟ' ਛਪ ਚੁੱਕੀ ਸੀ। ਬਰੋਕਨ ਵਿੰਗਜ਼ ਦੀ ਮੈਡ ਮੈਨ, ਆਦਿ ਉਸ ਦੀਆਂ ਜਗਤ ਪ੍ਰਸਿੱਧ ਪੁਸਤਕਾਂ ਹਨ। 1931 ਨੂੰ ਅਮਰੀਕਾ ਵਿੱਚ ਇਕ ਮੋਟਰ ਐਕਸੀਡੈਂਟ ਦੌਰਾਨ ਉਸਦੀ ਮੌਤ ਹੋ ਗਈ।

- ਚੰਗਾ ਮਨੁੱਖ ਉਹ ਹੈ ਜੋ ਆਪਣੀ ਵਡਿਆਈ ਸੁਣ ਕੇ ਤਾਂ ਲੱਜਿਤ ਹੁੰਦਾ ਹੈ ਤੇ ਆਪਣੀ ਨਿੰਦਾ ਸੁਣ ਕੇ ਖ਼ਾਮੋਸ਼ ਰਹਿੰਦਾ ਹੈ।
- ਤੁਹਾਡਾ ਦੋਸਤ ਇਕ ਅਜਿਹਾ ਖੇਤ ਹੈ ਜਿਸਨੂੰ ਤੁਸੀਂ ਪਿਆਰ ਨਾਲ ਬੀਜਦੇ ਅਤੇ ਸ਼ੁਕਰਾਨੇ ਨਾਲ ਵੱਢਦੇ ਹੋ।
- ਜੋ ਮਨੁੱਖ ਨਾਰੀ ਨੂੰ ਮੁਆਫ਼ ਨਹੀਂ ਕਰ ਸਕਦਾ, ਉਸਨੂੰ ਉਸਦੇ ਮਹਾਨ ਗੁਣਾਂ ਦਾ ਉਪਯੋਗ ਕਰਨ ਦਾ ਅਵਸਰ ਪ੍ਰਾਪਤ ਨਹੀਂ ਹੁੰਦਾ।
- ਪਿਆਰ ਕੁਝ ਵੀ ਨਹੀਂ ਦਿੰਦਾ, ਸਿਵਾਏ ਆਪਣੇ ਆਪ ਤੋਂ, ਤੇ ਨਾ ਹੀ ਕੁਝ ਹੋਰ ਮੰਗਦਾ ਹੈ, ਸਿਵਾਏ ਪਿਆਰ ਤੋਂ। ਪਿਆਰ ਕਬਜ਼ਾ ਨਹੀਂ ਹੁੰਦਾ, ਤੇ ਨਾ ਹੀ ਕਬਜ਼ੇ ਅਧੀਨ ਹੋ ਸਕਦਾ ਹੈ, ਕਿਉਂਕਿ ਪਿਆਰ ਨੂੰ ਪਿਆਰ ਹੀ ਰੱਜ ਦਿੰਦਾ ਹੈ।
- ਜਦੋਂ ਤੁਸੀਂ ਆਪਣੇ ਮਾਲ-ਮੱਤ ਵਿਚੋਂ ਕੁਝ ਦਿੰਦੇ ਹੋ ਤਾਂ ਤੁਹਾਡਾ ਦਿੱਤਾ ਬਹੁਤਾ ਅਰਥ ਨਹੀਂ ਰੱਖਦਾ। ਪਰ ਜਦੋਂ ਤੁਸੀਂ ਆਪਣਾ ਆਪਾ ਕਿਸੇ ਦੇ ਹਵਾਲੇ ਕਰਦੇ ਹੋ, ਤਾਂ ਉਹ ਸਚਮੁੱਚ ਤੁਹਾਡੀ ਦੇਣ ਹੁੰਦੀ ਹੈ।
- ਮੰਗੇ ਜਾਣ ਉੱਤੇ ਸਹਾਇਤਾ ਦੇਣੀ ਵੀ ਚੰਗੀ ਹੈ ਪਰ ਓਦੂੰ ਚੰਗੇਰਾ ਹੁੰਦਾ ਹੈ ਬਿਨ ਮੰਗਿਆਂ ਦੇ ਦੇਣਾ, ਕੇਵਲ ਸੂਝ ਦੀ ਚੁੱਪ ਚੁਪੀਤੀ ਬੋਲੀ ਸੁਣ ਕੇ।
- ਤੁਹਾਡਾ ਕੰਮ ਵਿੱਚ ਜੁਟੇ ਰਹਿਣਾ ਅਸਲ ਵਿੱਚ ਤੁਹਾਡਾ ਜੀਵਨ ਨੂੰ ਪਿਆਰ ਕਰਨਾ ਹੀ ਹੈ।

- ➢ ਜੋ ਆਦਮੀ ਸਵਾਲ ਕਰਨ ਵਿੱਚ ਹੁਸ਼ਿਆਰ ਹੋਵੇ, ਉਹ ਜਵਾਬ ਦੇਣ ਲਈ ਆਮ ਤੌਰ 'ਤੇ ਕਮਜ਼ੋਰ ਹੁੰਦਾ ਹੈ।
- ➢ ਸੁਪਨਿਆਂ ਉੱਤੇ ਯਕੀਨ ਰੱਖੋ, ਕਿਉਂਕਿ ਉਹਨਾਂ ਵਿੱਚ ਅਨੰਤਤਾ ਦਾ ਦਰ ਲੁਕਿਆ ਪਿਆ ਹੁੰਦਾ ਹੈ।
- ➢ ਸੁੰਦਰਤਾ ਕਿਸੇ ਪੰਜੇ ਵਿੱਚ ਜਕੜਿਆ ਹੋਇਆ ਖੰਭ ਨਹੀਂ ਤੇ ਨਾ ਹੀ ਪੌਦਿਆਂ ਅੰਦਰਲੇ ਦੁੱਧ ਸਮਾਨ ਕੋਈ ਨਪੀੜੀ ਹੋਈ ਸ਼ੈਅ ਹੈ। ਇਹ ਤਾਂ ਇਹਦੇ ਉਲਟ ਕੋਈ ਸਦਾ ਬਹਾਰ ਬਾਗ਼ ਹੈ ਤੇ ਅਨੰਤ ਤੱਕ ਉਡਦੇ ਫ਼ਰਿਸ਼ਤਿਆਂ ਦੀ ਟੋਲੀ ਹੈ।
- ➢ ਤੁਹਾਡੇ ਬੱਚੇ ਸਿਰਫ ਤੁਹਾਡੇ ਨਹੀਂ। ਉਹ ਧੀਆਂ-ਪੁੱਤਰ ਨੇ, ਸਰਬ ਜੀਵਨ ਦੇ, ਸਮੇਂ ਦੇ ਉਹ ਆਉਣ ਵਾਲੇ ਕੱਲ੍ਹ ਦੇ ਵਾਸੀ ਹਨ, ਤੁਸੀਂ ਕਮਾਨ ਹੋ, ਜਿਨ੍ਹਾਂ ਰਾਹੀਂ ਤੀਰ ਦੂਰ ਵਗਾਹ ਦਿੱਤੇ ਜਾਂਦੇ ਹਨ। ਧਨੁਖਧਾਰੀ ਆਪਣੇ ਉੱਡਣੇ ਤੀਰਾਂ ਨੂੰ ਪਿਆਰਦਾ ਹੈ ਬੱਚੇ ਵੀ ਉੱਡਣੇ ਤੀਰ ਹਨ, ਇਹਨਾਂ ਉੱਥਾ ਜਾਣਾ ਜਿੱਥੇ ਧਨੁੱਖਧਾਰੀ ਨਹੀਂ ਜਾ ਸਕਦਾ।
- ➢ ਇਹ ਸੁਖ ਆਰਾਮ ਦੀ ਲਾਲਸਾ ਤੁਹਾਨੂੰ ਆਪਣੇ ਵੱਸ ਕਰ ਲੈਂਦੀ ਹੈ, ਹੱਥ ਦੀ ਚਾਬਕ ਤੇ ਕੁੰਡੀ ਫੜ ਕੇ ਤੁਹਾਨੂੰ ਚਾਹੁੰਦੀ ਹੈ ਤੇ ਫੇਰ ਤੁਹਾਨੂੰ ਤੁਹਾਡੀਆਂ ਵਡੇਰੀਆਂ ਤ੍ਰਿਸ਼ਨਾਵਾਂ ਦੇ ਹੱਥੀਂ ਕਠਪੁਤਲੀ ਬਣਾ ਛੱਡਦੀ ਹੈ।
- ➢ ਧਰਤੀ ਆਪਣੀ ਉਪਜ ਤੁਹਾਡੇ ਹਵਾਲੇ ਕਰ ਦਿੰਦੀ ਹੈ ਤੇ ਜੇ ਤੁਹਾਨੂੰ ਆਪਣਾ ਹਿੱਸਾ ਲੈਣ ਦੀ ਜਾਚ ਆ ਜਾਵੇ ਤਾਂ ਫੇਰ ਤੁਹਾਡੇ ਵਿੱਚ ਕਸਰ ਬਾਕੀ ਨਹੀਂ ਰਹਿ ਜਾਵੇਗੀ। ਧਰਤੀ ਦੀਆਂ ਸੁਗਾਤਾਂ ਦੇ ਵੰਡ-ਵੰਡਾਅ ਨਾਲ ਹੀ ਤੁਹਾਨੂੰ ਰੱਜ ਆਵੇਗਾ ਤੇ ਤਸੱਲੀ ਮਿਲੇਗੀ। ਪਰ ਜੇ ਇਹ ਵੰਡ-ਵੰਡਾਅ ਪਿਆਰ ਤੇ ਕਿਰਪਾ-ਪੂਰਵਕ ਨਿਆਂ ਨਾਲ ਨਹੀਂ ਹੁੰਦਾ ਤਾਂ ਇਹ ਕਈਆਂ ਨੂੰ ਲਾਲਚੀ ਬਣਾ ਦੇਵੇਗਾ ਤੇ ਕਈਆਂ ਨੂੰ ਭੁੱਖਿਆਂ ਰੱਖ ਛੱਡੇਗਾ।
- ➢ ਤੁਸੀਂ ਕਿਸੇ ਸੂਰਤ ਵਿੱਚ ਵੀ ਕਿਸੇ ਇਕ ਪ੍ਰਾਹੁਣੇ ਨੂੰ ਦੂਜੇ ਨਾਲੋਂ ਵਧੇਰੇ ਸਤਿਕਾਰ ਨਹੀਂ ਦੇਵੋਗੇ, ਕਿਉਂਕਿ ਜਿਹੜਾ ਇਵੇਂ ਕਰਦਾ ਹੈ ਉਹ ਦੋਵਾਂ ਦਾ ਪਿਆਰ ਤੇ ਭਰੋਸਾ ਗੁਆ ਬੈਠਦਾ ਹੈ।
- ➢ ਜੇ ਗੁਰੂ ਸੱਚਮੁੱਚ ਹੀ ਗਿਆਤਾ ਹੋਵੇ ਤਾਂ ਉਹ ਤੁਹਾਨੂੰ ਆਪਣੀ ਅਕਲ ਦੀ ਵਲਗਣ ਵਿੱਚ ਨਹੀਂ ਵਲਦਾ, ਸਗੋਂ ਤੁਹਾਨੂੰ ਆਪਣੀ ਸਮਝ ਦੀਆਂ ਬਰੂਹਾਂ ਤੱਕ ਲਿਜਾਂਦਾ ਹੈ
- ➢ ਮਨੁੱਖ ਦਾ ਧਰਮ ਇਕ ਖੇਤ ਵਾਂਗ ਹੈ, ਜਿੱਥੇ ਆਸ ਦਾ ਬੂਟਾ ਲਗਦਾ ਹੈ ਅਤੇ ਵਿਸ਼ਵਾਸ ਦੀ ਖੇਤੀ ਹੁੰਦੀ ਹੈ।
- ➢ ਪਿਆਰ ਅਜਿਹਾ ਖ਼ੂਬਸੂਰਤ ਪੰਛੀ ਹੈ ਜੋ ਖਿੱਚ ਦਾ ਕੇਂਦਰ ਤਾਂ ਬਣਦਾ ਹੈ ਪਰ

ਜ਼ਖ਼ਮ ਖਾਣ ਤੋਂ ਇਨਕਾਰੀ ਹੈ।

- ਜ਼ਿੰਦਗੀ ਜਦੋਂ ਬੋਲਦੀ ਹੈ ਤਾਂ ਤੁਹਾਡੇ ਹੋਠਾਂ ਦੀ ਮੁਸਕਾਨ ਤੇ ਅੱਖਾਂ ਦੇ ਅੱਥਰੂ ਸ਼ਬਦ ਬਣ ਜਾਂਦੇ ਹਨ।
- ਬੱਚਿਆਂ ਨਾਲ ਇਕ ਪਿਤਾ ਵਾਂਗ ਨਹੀਂ ਸਗੋਂ ਇਕ ਸਾਥੀ ਵਾਂਗ ਖੇਡੋ ਜੋ ਖੇਡਾਂ ਖੇਡਣੀਆਂ ਸਿੱਖ ਰਿਹਾ ਹੋਵੇ।
- ਖ਼ੁਸ਼ੀ ਆਜ਼ਾਦੀ ਦਾ ਗੀਤ ਹੈ।
- ਸੱਚ ਸੁਣਨ ਵਾਲਾ ਸੱਚ ਕਹਿਣ ਵਾਲੇ ਤੋਂ ਛੋਟਾ ਨਹੀਂ ਹੈ।
- ਘਟੀਆ ਢੰਗ ਨਾਲ ਪ੍ਰਾਪਤ ਕੀਤੀ ਸਫ਼ਲਤਾ ਨਾਲੋਂ ਅਸਫ਼ਲਤਾ ਦੀ ਸ਼ਰਮਿੰਦਗੀ ਵਧੀਆ ਹੈ।
- ਸਹਿਣਸ਼ੀਲਤਾ ਹੰਕਾਰ ਦੇ ਰੋਗ ਦਾ ਪਿਆਰ ਵਿੱਚ ਲੀਨ ਹੋਣ ਦਾ ਨਾਮ ਹੈ।
- ਮਨੁੱਖ ਵਿੱਚ ਸਭ ਤੋਂ ਵੱਧ ਤਰਸਯੋਗ ਉਹ ਹੈ ਜੋ ਆਪਣੇ ਸੁਪਨਿਆਂ ਨੂੰ ਸੋਨੇ-ਚਾਂਦੀ ਵਿੱਚ ਬਦਲ ਲੈਂਦੇ ਹਨ।
- ਨਫ਼ਰਤ ਮਰੀ ਹੋਈ ਚੀਜ਼ ਹੈ। ਤੁਹਾਡੇ ਵਿਚੋਂ ਕੌਣ ਕਬਰ ਬਣੇਗਾ?
- ਸਿਰਫ਼ ਮੇਰੇ ਨਾਲੋਂ ਘਟੀਆ ਹੀ ਮੇਰੇ ਨਾਲ ਈਰਖ਼ਾ ਜਾਂ ਨਫ਼ਰਤ ਕਰ ਸਕਦੇ ਹਨ।
- ਪਿਆਰ ਤੇ ਸ਼ੱਕ ਆਪਸ ਵਿੱਚ ਕਦੇ ਵੀ ਨਹੀਂ ਬੋਲਦੇ।
- ਮਹਾਨ ਗਵੱਈਆ ਉਹ ਹੈ ਜੋ ਸਾਡੇ ਮਨਾਂ ਦੀ ਚੁੱਪ ਨੂੰ ਗਾਉਂਦਾ ਹੈ।
- ਪਿਆਰ ਆਤਮਕ ਰੂਹਾਂ ਦਾ ਮੇਲ ਹੈ। ਜੇ ਪਿਆਰ ਕਰਨ ਵਾਲਿਆਂ ਵਿੱਚ ਸੁਆਰਥ ਆ ਜਾਵੇ ਤਾਂ ਪਿਆਰ ਦੀ ਮੌਤ ਹੋ ਜਾਂਦੀ ਹੈ।
- ਉਸ ਕੌਮ ਦਾ ਕੀ ਬਣੇਗਾ ਜੋ ਉਦੋਂ ਤੱਕ ਬਗ਼ਾਵਤ ਨਹੀਂ ਕਰਦੀ ਜਦੋਂ ਤੱਕ ਧੌਣ ਤਲਵਾਰ ਦੀ ਧਾਰ ਹੇਠ ਨਹੀਂ ਆ ਜਾਂਦੀ।
- ਬਚਪਨ ਤੋਂ ਹੀ ਆਪਣੀ ਹੋਂਦ 'ਮੈਂ' ਲਈ ਔਰਤਾਂ ਦਾ ਦੇਣਦਾਰ ਰਿਹਾ ਹਾਂ। ਔਰਤਾਂ ਨੇ ਮੇਰੀਆਂ ਅੱਖਾਂ ਦੀਆਂ ਖਿੜਕੀਆਂ ਅਤੇ ਆਤਮਾ ਦੇ ਦਰਵਾਜ਼ੇ ਖੋਲ੍ਹੇ। ਜੇ ਕਦੇ ਇਹ ਔਰਤ-ਮਾਂ, ਭੈਣ ਜਾਂ ਦੋਸਤ ਨਾ ਹੁੰਦੀ, ਮੈਂ ਉਹਨਾਂ ਲੋਕਾਂ ਵਾਂਗ ਸੁੱਤਾ ਹੀ ਰਹਿ ਜਾਂਦਾ ਜੋ ਘੁਰਾੜੇ ਮਾਰ ਕੇ ਦੁਨੀਆ ਦੀ ਸਾਂਤੀ ਭੰਗ ਕਰਦੇ ਹਨ।
- ਇਸ ਜੀਵਨ ਵਿੱਚ ਮਾਂ ਹੀ ਸਭ ਕੁਝ ਹੈ, ਉਹ ਗ਼ਮ ਵਿੱਚ ਤਸੱਲੀ, ਦੁੱਖ ਵਿੱਚ ਆਸ ਅਤੇ ਕਮਜ਼ੋਰੀ ਦੇ ਪਲਾਂ ਵਿੱਚ ਤਾਕਤ ਹੈ। ਉਹ ਪਿਆਰ, ਧੀਰਜ ਤੇ ਖਿਮਾਂ ਦਾ ਸੋਮਾ ਹੈ।
- ਪਿਆਰ ਆਤਮਾ ਲਈ ਗਿਲਾਸ ਵਿੱਚ ਪਾਈ ਸ਼ਰਾਬ ਵਾਂਗ ਹੈ।
- ਉਹ ਮੈਨੂੰ ਕਹਿੰਦੇ ਹਨ- ਜੇ ਤੁਸੀਂ ਗ਼ੁਲਾਮ ਨੂੰ ਸੁੱਤਿਆ ਵੇਖਦੇ ਹੋ ਤਾਂ ਉਸਨੂੰ

ਜਗਾ ਦਿਓ ਅਤੇ ਆਜ਼ਾਦੀ ਦੇ ਅਰਥ ਸਮਝਾਓ।

- ਤੁਹਾਡੀ ਖ਼ੁਸ਼ੀ ਜਾਂ ਗ਼ਮ ਜਿੰਨਾ ਵੱਡਾ ਹੋਵੇ, ਸੰਸਾਰ ਤੁਹਾਡੀ ਨਜ਼ਰ ਵਿੱਚ ਓਨਾ ਛੋਟਾ ਹੁੰਦਾ ਜਾਂਦਾ ਹੈ।
- ਮੈਨੂੰ ਅਜਿਹੀ ਸਿਆਣਪ ਜੋ ਚੀਕਦੀ ਨਹੀਂ, ਅਜਿਹੀ ਫ਼ਿਲਾਸਫ਼ੀ ਜੋ ਹੱਸਦੀ ਨਹੀਂ ਅਤੇ ਉਹ ਮਹਾਨਤਾ ਜੋ ਬੱਚਿਆਂ ਸਾਹਮਣੇ ਝੁਕਦੀ ਨਹੀਂ ਤੋਂ ਦੂਰ ਹੀ ਰਹਿਣ ਦਿਓ।
- ਖ਼ੁਦਾ ਦੇ ਘਰ ਕੀਤੀਆਂ ਲੰਮੀਆਂ ਅਤੇ ਖੋਖਲੀਆਂ ਅਰਦਾਸਾਂ ਨਾਲੋਂ ਕਮਜ਼ੋਰ ਮੁਜਰਮ ਅਤੇ ਗੁਨਾਹਗਾਰ ਲਈ ਪਿਆਰ ਦੇ ਦੋ ਸ਼ਬਦ ਵਧੇਰੇ ਮਹੱਤਤਾ ਰੱਖਦੇ ਹਨ।
- ਜੁਆਨੀ ਵਿੱਚ ਜ਼ਿੰਦਗੀ ਖ਼ੂਬਸੂਰਤ ਇਰਾਦਾ ਹੈ, ਅਧਖੜ ਉਮਰ ਵਿੱਚ ਸੰਘਰਸ਼ ਅਤੇ ਬੁਢਾਪੇ ਵਿੱਚ ਸਿਆਣਪ ਹੈ।

ਭਾਈ ਗੁਰਦਾਸ ਜੀ

ਭਾਈ ਗੁਰਦਾਸ ਗੁਰਬਾਣੀ ਅਤੇ ਗੁਰਮਤਿ ਦੇ ਵਿਆਖਿਆਕਾਰ ਕਵੀ ਸਨ। ਉਹਨਾਂ ਦਾ ਜਨਮ 1551 ਈ. ਨੂੰ ਹੋਇਆ ਅਤੇ 1637 ਈ. ਨੂੰ ਉਹਨਾਂ ਦਾ ਦੇਹਾਂਤ ਹੋਇਆ। ਆਪ ਗੁਰੂ ਅਮਰਦਾਸ ਜੀ ਦੇ ਭਤੀਜੇ, ਬੀਬੀ ਭਾਨੀ ਜੀ ਦੇ ਨਜ਼ਦੀਕੀ ਭਰਾ ਅਤੇ ਗੁਰੂ ਅਰਜਨ ਦੇਵ ਜੀ ਦੇ ਮਾਮੇ ਸਨ।

- ਮਨੁੱਖ ਅੰਦਰ ਉਪਕਾਰ ਦੀ ਭਾਵਨਾ ਹੋਣੀ ਚਾਹੀਦੀ ਹੈ। ਉਦਾਰਤਾ ਦਾ ਗੁਣ ਸਮਾਜ ਨੂੰ ਸੁਖਾਵਾਂ ਬਣਾ ਸਕਦਾ ਹੈ। ਸੁਆਰਥ ਸਾਰੇ ਝਗੜਿਆਂ ਦੀ ਜੜ੍ਹ ਹੈ।
- ਮਨੁੱਖ ਆਪਣੇ ਕਰਮਾਂ ਦਾ ਬੀਜ ਬੀਜਦਾ ਹੈ, ਪਰ ਉਸਦਾ ਫਲ ਸਮੇਂ ਤੋਂ ਪਹਿਲਾਂ ਪ੍ਰਾਪਤ ਨਹੀਂ ਹੁੰਦਾ।
- ਮਨੁੱਖ ਦਾ ਵਰਤਮਾਨ ਉਸਦੇ ਭੂਤ 'ਤੇ ਨਿਰਭਰ ਹੈ ਅਤੇ ਭਵਿੱਖ ਵਰਤਮਾਨ 'ਤੇ। ਅਸੀਂ ਜੋ ਕੁਝ ਹਾਂ ਉਹ ਬੀਤੇ ਦੀ ਕਮਾਈ ਕਰਕੇ ਹਾਂ। ਅੱਗੋਂ ਜੋ ਹੋਵੇਗਾ ਉਹ ਵਰਤਮਾਨ ਦੇ ਜੀਵਨ 'ਤੇ ਨਿਰਭਰ ਕਰਦਾ ਹੈ।
- ਸੰਜਮ ਸਫ਼ਲ ਜੀਵਨ ਦਾ ਆਧਾਰ ਹੈ। ਖਾਣ-ਪੀਣ, ਪਹਿਨਣ ਅਤੇ ਭੋਗਣ ਵਿੱਚ ਸੰਜਮ ਜ਼ਰੂਰੀ ਹੈ। ਉਚੇਰੇ ਲਕਸ਼ ਦੀ ਪ੍ਰਾਪਤੀ ਲਈ ਖ਼ੁਸ਼ੀ, ਗ਼ਮੀ, ਵਰਤਣ ਆਦਿ ਸਭ ਨੂੰ ਸੰਜਮ ਦੀ ਲਗਾਮ ਪਾਉਣੀ ਜ਼ਰੂਰੀ ਹੈ।
- ਮਨੁੱਖੀ ਆਤਮਾ ਦਾ ਵਿਕਾਸ ਚੰਗੇਰੇ ਆਚਰਨ 'ਤੇ ਨਿਰਭਰ ਹੈ। ਇਹ ਆਚਰਨ ਹੀ ਮਨੁੱਖ ਨੂੰ ਪਸ਼ੂ ਜੀਵਨ ਤੋਂ ਉਚੇਰਾ ਕਰਦਾ ਹੈ। ਮਨੁੱਖੀ ਜਨਮ ਵਿੱਚ ਪਸ਼ੂਆਂ ਵਰਗਾ ਵਿਵਹਾਰ ਨਿਸਚੇ ਹੀ ਉਸਨੂੰ ਗਿਰਾਵਟ ਵਲ ਲਿਜਾਂਦਾ ਹੈ।
- ਨਿਮਰਤਾ ਸ਼ੁਭ ਜੀਵਨ ਦਾ ਮੁੱਖ ਆਧਾਰ ਹੈ। ਕਿਸੇ ਵਸਤੂ ਦਾ ਨਿਵਾਸ ਨੀਵੀਂ ਜਾਂ ਡੂੰਘੀ ਥਾਂ 'ਤੇ ਹੁੰਦਾ ਹੈ। ਇਸਤੋਂ ਉਲਟ ਅਹੰਕਾਰ ਇਕ ਐਸਾ ਰੋਗ ਹੈ ਜੋ ਗੁਣਾਂ ਨੂੰ ਵੀ ਨਿਗਲ ਜਾਂਦਾ ਹੈ।
- ਭਲਾ ਕਰਨ ਵਾਲੇ ਨੂੰ ਸਾਰਾ ਸੰਸਾਰ ਹੀ ਭਲਾ ਕਰਨ ਵਾਲਾ ਦਿਸਦਾ ਹੈ। ਉਹ ਸਾਰਿਆਂ ਨੂੰ ਭਲਾ ਕਰਕੇ ਹੀ ਦੇਖਦਾ ਹੈ। ਜਿਹੜਾ ਆਪ ਬੁਰਾ ਹੈ, ਉਸਨੂੰ ਸਾਰਾ ਸੰਸਾਰ ਹੀ ਬੁਰਾ ਦਿਖਾਈ ਦਿੰਦਾ ਹੈ।
- ਧਰਤੀ ਨੂੰ ਅਸਮਾਨਾਂ ਨਾਲ ਖਹਿੰਦੇ ਉੱਚੇ ਪਹਾੜ ਭਾਰੇ ਨਹੀਂ ਲੱਗਦੇ, ਕੋਟ, ਗੜ੍ਹ, ਘਰ-ਬਾਰ, ਜੀਵ-ਜੰਤੂ ਵੀ ਭਾਰੇ ਨਹੀਂ ਲੱਗਦੇ, ਪਰ ਉਸਨੂੰ ਅਕ੍ਰਿਤਘਣ ਮਨੁੱਖ ਭਾਰੇ ਲੱਗਦੇ ਹਨ।
- ਕੋਈ ਮਾੜੀ ਗੱਲ ਮੂਲੋਂ ਹੀ ਨਹੀਂ ਕਰਨੀ ਚਾਹੀਦੀ ਕਿਉਂਕਿ ਇੰਜ ਹੌਲ਼ੀ-ਹੌਲ਼ੀ

ਬੁਰਾ ਕਰਨ ਦਾ ਸੁਭਾਅ ਬਣ ਜਾਂਦਾ ਹੈ।

- ➢ ਚੰਗਾ ਜੀਵਨ ਜਿਉਣ ਦੀ ਅਗਵਾਈ ਆਗੂਆਂ ਨੇ ਦੇਣੀ ਹੁੰਦੀ ਹੈ ਪਰ ਜਿਹੜੇ ਆਗੂ ਆਪ ਹੀ ਕੁਰਾਹੇ ਪਏ ਹੋਣ ਉਹ ਦੂਜਿਆਂ ਨੂੰ ਕਿਵੇਂ ਮੰਜ਼ਿਲ ਉੱਤੇ ਪਹੁੰਚਾ ਸਕਦੇ ਹਨ।
- ➢ ਵਿਅਕਤੀ ਕੌਮ ਜਾਂ ਦੇਸ਼ ਉਹੋ ਹੀ ਮਹਾਨ ਹੁੰਦਾ ਹੈ ਜੋ ਸਦਾਚਾਰਕ ਤੌਰ 'ਤੇ ਉੱਚਾ ਹੋਵੇ। ਆਚਰਨ ਤੋਂ ਡਿੱਗਿਆ ਆਦਮੀ ਪਸ਼ੂ ਸਮਾਨ ਹੁੰਦਾ ਹੈ।
- ➢ ਆਪਣੇ ਅੰਦਰ ਗੁਣ ਪੈਦਾ ਕਰਕੇ ਆਪਣੇ ਤੱਕ ਸਾਂਭੀ ਰੱਖਣਾ ਤੰਗਦਿਲੀ ਹੈ। ਕਿਰਤ ਕਰਕੇ ਲੋੜਵੰਦਾਂ ਵਿੱਚ ਵੰਡਣਾ ਹੀ ਗੁਣਕਾਰੀ ਹੈ।
- ➢ ਬੁਰੇ ਨੂੰ ਸਾਰੇ ਬੁਰੇ ਦਿਸਦੇ ਹਨ ਜਦਕਿ ਮਹਾਨ ਭਲਾ ਬਣਨ ਨਾਲ ਸਾਰੇ ਭਲੇ ਜਾਪਣ ਲੱਗ ਪੈਂਦੇ ਹਨ।
- ➢ ਨਿੰਦਾ ਕਰਨ ਨਾਲ ਦੂਜਿਆਂ ਦਾ ਭਾਵੇਂ ਕੁਝ ਨਾ ਵਿਗੜੇ ਪਰ ਨਿੰਦਕ ਆਪ ਜ਼ਰੂਰ ਸੜਦਾ ਹੈ।
- ➢ ਜਿਹੜਾ ਦਸਾਂ ਨਹੁੰਆਂ ਦੀ ਕਿਰਤ ਕਰਕੇ ਖਾਣ ਦੀ ਥਾਂ ਪੂਜਾ ਦਾ ਜਾਂ ਲੋਕਾਂ ਦਾ ਧਨ ਲੈ ਕੇ ਖਾਂਦਾ ਹੈ, ਉਹ ਧਨ ਇਸ ਤਰ੍ਹਾਂ ਤਬਾਹ ਕਰਦਾ ਹੈ ਜਿਵੇਂ ਹਜ਼ਾਰਾਂ ਮਣਾਂ ਰੂੰ ਵਿੱਚ ਇਕ ਚੰਗਿਆੜੀ ਪਾ ਦੇਣ ਨਾਲ ਸਾਰਾ ਰੂੰ ਸੜ ਜਾਂਦਾ ਹੈ।
- ➢ ਕੁਦਰਤ ਦਾ ਵਰਣਨ ਅੱਖਰਾਂ ਵਿਚ ਕਰਨਾ ਅਸੰਭਵ ਹੈ। ਇਸਦਾ ਬੀਜ ਇਸਦੇ ਅੰਦਰ ਹੀ ਹੈ।

ਮਹਾਤਮਾ ਬੁੱਧ

ਜਨਮ- 563 ਈ.ਪੂ.

ਬੁੱਧ ਨੇ ਸਾਰਾ ਜੀਵਨ ਮਾਨਵਤਾ ਨੂੰ ਸ਼ਾਂਤੀ ਦਾ ਉਪਦੇਸ਼ ਦਿੱਤਾ ਅਤੇ ਬੁੱਧ ਧਰਮ ਦੀ ਨੀਂਹ ਰੱਖੀ। ਉਹ ਭਾਰਤ ਦੇ ਉੱਤਰ-ਪੂਰਬ ਵੱਲ ਕਪਿਲਵਸਤੂ ਨਾਂ ਦੇ ਸਥਾਨ 'ਤੇ ਪੈਦਾ ਹੋਏ। ਉਹਨਾਂ ਦੇ ਮਹਾਨ ਵਿਚਾਰਾਂ ਨੇ ਪੂਰੀ ਦੁਨੀਆ ਨੂੰ ਨਵਾਂ ਰਾਹ ਦਿਖਾਇਆ ਅਤੇ ਉਹਨਾਂ ਸਮੁੱਚੇ ਸੰਸਾਰ ਵਿਚ ਅਹਿੰਸਾ, ਸੱਚ ਅਤੇ ਸ਼ਾਂਤੀ ਦਾ ਪ੍ਰਚਾਰ ਕੀਤਾ।

- ਖ਼ਾਮੋਸ਼ੀ ਅੱਗੇ ਬੇਨਤੀ ਨਾ ਕਰੋ, ਕਿਉਂਕਿ ਇਹ ਬੋਲ ਨਹੀਂ ਸਕਦੀ।
- ਸ਼ਸਤਰ ਨਾਲ ਜਿੱਤੇ ਹੋਏ ਮਨੁੱਖਾਂ ਦਾ ਮਨ ਕਦੇ ਫੇਰ ਗੁੱਸੇ ਵਿੱਚ ਆ ਸਕਦਾ ਹੈ ਪਰ ਸ਼ਾਂਤੀ ਦੇ ਢੰਗਾਂ ਨਾਲ ਜਿੱਤੇ ਹੋਏ ਲੋਕਾਂ ਦਾ ਮਨ ਸਦਾ ਲਈ ਸ਼ਾਂਤ ਹੋ ਜਾਂਦਾ ਹੈ।
- ਜਿਹੜਾ ਆਦਮੀ ਸੰਸਾਰ ਦੀ ਤ੍ਰਿਸ਼ਨਾ ਤੋਂ ਰਹਿਤ ਹੈ ਉਹਦੇ ਲਈ ਕੁਝ ਵੀ ਮੁਸ਼ਕਲ ਨਹੀਂ।
- ਇਸ ਸਰੀਰ ਤੋਂ ਬਿਨਾਂ ਰੂਪ, ਕਿਰਿਆ ਤੋਂ ਬਿਨਾਂ ਗਿਆਨ ਅਤੇ ਸ਼ਕਤੀ ਤੋਂ ਬਿਨਾਂ ਧਰਮ ਕਿਸੇ ਕੰਮ ਨਹੀਂ।
- ਇਸਤਰੀਆਂ ਦਾ ਦਿਲ ਜਿੱਤਣ ਲਈ ਨਿਮਰਤਾ ਤੇ ਉਹਨਾਂ ਦੇ ਅਨੁਕੂਲ ਵਿਵਹਾਰ ਜ਼ਰੂਰੀ ਹੈ। ਗੁਣ ਹੀ ਪ੍ਰੇਮ ਦਾ ਸਰੋਤ ਹੈ। ਇਸਤਰੀਆਂ ਆਦਰ ਦੀਆਂ ਭੁੱਖੀਆਂ ਹੁੰਦੀਆਂ ਹਨ।
- ਭੋਗਾਂ ਵਿੱਚ ਲੀਨ ਮਨੁੱਖ ਦੀ ਬਿਰਤੀ ਪਤਨ ਵੱਲ ਹੁੰਦੀ ਹੈ- ਉਹ ਉੱਤਮ ਨਹੀਂ ਹੋ ਸਕਦੀ।
- ਜੋ ਬੁਰੇ ਕੰਮ ਤੋਂ ਰੋਕਦਾ ਹੈ, ਭਲੇ ਲਈ ਪ੍ਰੇਰਦਾ ਹੈ, ਔਖ ਸਮੇਂ ਛੱਡ ਕੇ ਨਹੀਂ ਜਾਂਦਾ। ਇਹਨਾਂ ਤਿੰਨ ਗੁਣਾਂ ਵਾਲਾ ਹੀ ਵਾਸਤਵਿਕ ਮਿੱਤਰ ਹੈ।
- ਨੇਕੀ ਹੀ ਮਨੁੱਖ ਦੀ ਮਿੱਤਰ ਹੈ। ਬਾਕੀ ਵੈਰੀ ਸਮਾਨ ਹੈ, ਇਸ ਲਈ ਕਰਮ ਦੇ ਇਸ ਰਹੱਸ ਨੂੰ ਸਮਝੋ।
- ਉਹ ਮਿੱਤਰ ਨਹੀਂ ਜਿਸ ਵਿੱਚ ਮਿੱਤਰਾਂ ਵਾਲਾ ਗੁਣ ਨਾ ਹੋਵੇ, ਇਸ ਤਰ੍ਹਾਂ ਹੀ ਉਹ ਉੱਤਮ ਗਿਆਨ ਨਹੀਂ ਜੋ ਦੁੱਖ ਦਾ ਅੰਤ ਨਾ ਕਰ ਸਕੇ।
- ਬਾਹਰਲੇ ਵੈਰੀਆਂ ਨੂੰ ਸ਼ਸਤਰਾਂ ਨਾਲ ਜਿੱਤਣਾ ਸੰਭਵ ਹੈ ਪਰ ਕਿਸੇ ਅੰਦਰਲੇ

ਵੈਰੀ ਨੂੰ ਜਿੱਤਣਾ ਔਖਾ ਹੈ ਉਹ ਵੀ ਜਦੋਂ ਪੂਰੀ ਤਰ੍ਹਾਂ ਇਕ ਮੁੱਠ ਹੋਣ ਤਾਂ ਇਹ ਹੋਰ ਵੀ ਔਖਾ ਹੈ।

- ਜੇ ਪੂਰਨ ਸੁਖ ਚਾਹੁੰਦੇ ਹੋ ਤਾਂ ਸੰਤੋਖ ਦਾ ਸਹਾਰਾ ਲਵੋ। ਸੰਤੋਖੀ ਧਰਤੀ 'ਤੇ ਸੁਖ ਨਾਲ ਰਹਿੰਦਾ ਹੈ ਅਤੇ ਜਿਹੜਾ ਸੰਤੋਖੀ ਨਹੀਂ ਹੈ ਉਸਨੂੰ ਸੁਰਗ ਵਿੱਚ ਵੀ ਸੁਖ ਨਹੀਂ ਮਿਲਦਾ।
- ਸੰਸਾਰ ਦਾ ਮੂਲ ਕਾਰਨ ਇੱਛਾ ਹੈ। ਇਹ ਵਿਚਾਰ ਹੀ ਉੱਤਮ ਹੈ। ਇੱਛਾ ਦੇ ਖ਼ਾਤਮੇ ਨਾਲ ਸੰਸਾਰ ਦਾ ਖ਼ਾਤਮਾ ਹੋ ਜਾਂਦਾ ਹੈ। ਕਾਰਨ ਤੋਂ ਬਿਨਾਂ ਕਾਰਜ ਨਹੀਂ ਹੋ ਸਕਦਾ।
- ਸ਼ਰਮ ਕਾਮ ਦਾ ਪਰਦਾ ਹੈ, ਸ਼ੀਲ ਦਾ ਜ਼ੇਵਰ ਹੈ ਅਤੇ ਦੋਸ਼ਾਂ ਲਈ ਅੰਕੁਸ਼ ਹੈ ਇਸ ਲਈ ਲੱਜਾਸ਼ੀਲ ਹੋਣਾ ਠੀਕ ਹੈ।
- ਮਨ ਬਾਂਦਰ ਦੀ ਤਰ੍ਹਾਂ ਚੰਚਲ ਹੈ। ਸਿਆਣਿਆਂ ਨੂੰ ਚਾਹੀਦਾ ਹੈ ਕਿ ਉਹ ਕਿਸੇ ਜੁਗਤ, ਸੇਵਾ ਅਤੇ ਸ਼ਕਤੀ ਨਾਲ ਇਸਨੂੰ ਕਾਬੂ ਵਿੱਚ ਰੱਖਣ।
- ਉਮਰ ਦੇ ਨਾਲ ਜੋਬਨ ਨਸ਼ਟ ਹੋ ਜਾਂਦਾ ਹੈ। ਮੌਤ ਨਾਲ ਇਹ ਜੀਵਨ ਵੀ ਨਸ਼ਟ ਹੋ ਜਾਂਦਾ ਹੈ। ਰੋਗ ਸਰੀਰ ਦਾ ਨਾਸ਼ ਕਰ ਦਿੰਦਾ ਹੈ ਪਰ ਧਰਮ ਦਾ ਖ਼ਾਤਮਾ ਕੋਈ ਵੀ ਨਹੀਂ ਕਰ ਸਕਦਾ।
- ਦੁਨੀਆ ਵਿੱਚ ਜਿਹੜੇ ਮਨੁੱਖ ਗਰੀਬੀ ਦੇ ਸਮੇਂ ਵੀ ਮਿੱਤਰਾਂ ਵਾਂਗ ਸਹਾਈ ਹੁੰਦੇ ਹਨ। ਮੈਂ ਅਸਲ ਵਿੱਚ ਉਨ੍ਹਾਂ ਨੂੰ ਹੀ ਸਹੀ ਮਿੱਤਰ ਸਮਝਦਾ ਹਾਂ।
- ਜੇ ਸੰਸਾਰ ਵਿੱਚ ਸਰੀਰ ਨੂੰ ਦੁੱਖ ਦੇਣਾ ਹੀ ਧਰਮ ਹੈ ਫੇਰ ਤਾਂ ਸਰੀਰ ਦਾ ਸੁਖ ਅਧਰਮ ਕਿਹਾ ਜਾਵੇਗਾ।
- ਬਹੁਤ ਵੱਡੀ ਜਾਇਦਾਦ ਦੇ ਹੋਣ 'ਤੇ ਵੀ ਜੋ ਸੰਤੁਸ਼ਟ ਨਹੀਂ ਉਸਨੂੰ ਇਸ ਦੁਨੀਆ ਵਿੱਚ ਸੁਖ ਤੇ ਸ਼ਾਂਤੀ ਨਹੀਂ ਮਿਲਦੀ।
- ਮਾਰਨ ਵਾਲਾ ਨਾਸ ਕਰਦਾ ਤੇ ਉਜਾੜਦਾ ਹੈ, ਪਿਆਰ ਵਾਲਾ ਜ਼ਿੰਦਗੀ ਨੂੰ ਕਾਇਮ ਰੱਖਦਾ ਹੈ।
- ਸੱਚਾ ਅਸੂਲ ਸੱਚਾ ਮਨੋਰਥ, ਸੱਚਾ ਬੋਲ ਅਤੇ ਸੱਚਾ ਵਤੀਰਾ ਹੀ ਮਹਾਨ ਜੀਵਨ ਹੈ।
- ਨਫ਼ਰਤ ਨਫ਼ਰਤ ਨਾਲ ਨਹੀਂ, ਪ੍ਰੇਮ ਨਾਲ ਸ਼ਾਂਤ ਹੁੰਦੀ ਹੈ।
- ਹਰ ਬੁੱਧ ਇਕ ਨਵੇਂ ਬੁੱਧ ਨੂੰ ਜਨਮ ਦਿੰਦਾ ਹੈ।
- ਬੁਰਾਈ ਕਰਜ਼ੇ ਵਧਾਂਦੀ ਜਾਂਦੀ ਹੈ, ਨੇਕੀ ਛੁਡਾਈ ਤੇ ਸੁਰਖਰੂ ਕਰਦੀ ਹੈ, ਬੁਰਾਈ ਤੋਂ ਬਚ, ਨੇਕੀ ਵੱਲ ਤੁਰ, ਆਪੇ ਉੱਤੇ ਕਾਬੂ ਪਾ, ਇਹੀ ਸੱਚਾ ਮਾਰਗ ਹੈ।

ਰਸੂਲ ਹਮਜ਼ਾਤੋਵ

ਰਸੂਲ ਹਮਜ਼ਾਤੋਵ ਰੂਸ ਆਊਲ ਤਸਾਦਾ ਵਿੱਚ 1926 ਵਿੱਚ ਪੈਦਾ ਹੋਇਆ। ਉਹ ਇਕ ਪ੍ਰਸਿੱਧ ਕਵੀ ਤੇ ਲੇਖਕ ਸੀ ਤੇ ਉਸਨੂੰ ਲੈਨਿਨ ਦੇ ਨਾਂਅ ਦਾ ਇਨਾਮ ਵੀ ਮਿਲ ਚੁੱਕਾ ਹੈ। 'ਮੇਰਾ ਦਾਗਿਸਤਾਨ' ਉਸਦੀ ਸੰਸਾਰ ਪ੍ਰਸਿੱਧ ਪੁਸਤਕ ਹੈ।

- ਇਸਤਰੀਆਂ ਦੇ ਅੱਥਰੂਆਂ ਵਿੱਚ ਵੀ ਅੱਗ ਹੁੰਦੀ ਹੈ। ਬੰਦੂਕ ਦੀ ਨਾਲੀ ਦੇ ਸਿਰੇ ਅਤੇ ਪਿਆਰ ਵਿਚੋਂ ਕੱਢੀ ਗਈ ਤਲਵਾਰ ਦੀ ਧਾਰ ਵਿੱਚ ਵੀ ਅੱਗ ਹੁੰਦੀ ਹੈ। ਪਰ ਸਭ ਤੋਂ ਵੱਧ ਦਿਆਲੂ ਅਤੇ ਸਨੇਹ ਭਰੀ ਅੱਗ ਮਾਂ ਦੇ ਹਿਰਦੇ ਅਤੇ ਹਰ ਘਰ ਦੇ ਚੁੱਲ੍ਹੇ ਵਿੱਚ ਹੁੰਦੀ ਹੈ।
- ਹਰੇਕ ਵਿਅਕਤੀ ਲਈ ਉਹਦੀ ਮੂਲ ਭਾਸ਼ਾ ਉਹਦੀ ਮਾਂ ਦੀ ਭਾਸ਼ਾ ਹੈ, ਜਿਹੜਾ ਸੁਖ ਘਰ ਵਿੱਚ ਨਹੀਂ ਮਿਲਿਆ ਉਹ ਬਾਹਰ ਸੜਕ 'ਤੇ ਨਹੀਂ ਮਿਲੇਗਾ। ਜਿਹੜਾ ਆਪਣੀ ਮਾਂ ਦੀ ਚਿੰਤਾ ਨਹੀਂ ਕਰਦਾ ਉਹ ਬੇਗਾਨੀ ਔਰਤ ਦੀ ਚਿੰਤਾ ਵੀ ਨਹੀਂ ਕਰੇਗਾ। ਜਦੋਂ ਹੱਥ ਵਿੱਚ ਮਜ਼ਬੂਤੀ ਨਾਲ ਤਲਵਾਰ ਫੜਨੀ ਹੋਵੇ ਜਾਂ ਕਿਸੇ ਦੋਸਤ ਨਾਲ ਨਿੱਘ ਭਰੇ ਜੋਸ਼ ਨਾਲ ਹੱਥ ਮਿਲਾਉਣਾ ਹੋਵੇ ਤਾਂ ਹੱਥ ਦੀਆਂ ਸਾਰੀਆਂ ਉਂਗਲਾਂ ਮੂਲ ਹੁੰਦੀਆਂ ਹਨ।
- ਜਿਹੜਾ ਆਪਣੀ ਨਸਲ ਦੀ ਚਿੰਤਾ ਨਹੀਂ ਕਰਦਾ, ਉਹ ਸਾਰੀ ਦੁਨੀਆ ਦੀ ਚਿੰਤਾ ਨਹੀਂ ਕਰ ਸਕਦਾ।
- ਤਲਵਾਰ ਲਈ ਸਭ ਤੋਂ ਜ਼ਿਆਦਾ ਭਰੋਸੇ ਦੀ ਥਾਂ ਮਿਆਨ ਹੈ। ਅੱਗ ਲਈ ਚੁੱਲ੍ਹਾ ਅਤੇ ਮਨੁੱਖ ਲਈ ਘਰ।
- ਜਦੋਂ ਪਿਓ ਮਰਦੇ ਤਾਂ ਉਹ ਵਿਰਸੇ ਵਿੱਚ ਪੁੱਤਰਾਂ ਵਾਸਤੇ ਘਰ ਅਤੇ ਖੇਤ ਛੱਡ ਕੇ ਜਾਂਦੇ। ਪਰ ਮਰਨ ਵਾਲੀਆਂ ਪੀੜ੍ਹੀਆਂ ਆਉਣ ਵਾਲੀਆਂ ਪੀੜ੍ਹੀਆਂ ਵਾਸਤੇ ਵਿਰਸੇ ਵਿੱਚ ਭਾਸ਼ਾ ਛੱਡਦੀਆਂ ਹਨ।
- ਸੱਚਮੁੱਚ ਅਸੀਂ ਸਾਰੀ ਦੁਨੀਆ ਲਈ ਜ਼ਿੰਮੇਵਾਰ ਹਾਂ, ਪਰ ਜਿਹੜਾ ਕੋਈ ਆਪਣੀ ਜਨਮ ਭੂਮੀ ਲਈ ਪਿਆਰ ਨਹੀਂ ਰੱਖਦਾ, ਉਹ ਸਾਰੀ ਦੁਨੀਆ ਨੂੰ ਵੀ ਪਿਆਰ ਨਹੀਂ ਦੇ ਸਕਦਾ।
- ਖ਼ੁਦ ਨੂੰ ਸਮਝਣ ਵਾਸਤੇ ਕਿਤਾਬ ਦੀ ਲੋੜ ਹੈ। ਦੂਸਰਿਆਂ ਨੂੰ ਸਮਝਣ ਵਾਸਤੇ ਵੀ ਕਿਤਾਬ ਦੀ ਲੋੜ ਹੈ। ਕਿਤਾਬਾਂ ਤੋਂ ਬਿਨਾਂ ਕੋਈ ਵੀ ਜਾਤੀ ਉਸ ਆਦਮੀ ਵਰਗੀ ਹੈ ਜਿਸਦੀ ਅੱਖ ਉੱਤੇ ਪੱਟੀ ਬੱਝੀ ਹੋਵੇ, ਜਿਹੜਾ ਇੱਧਰ-ਉਧਰ ਭਟਕਦਾ ਰਹਿੰਦਾ ਹੈ ਅਤੇ ਦੁਨੀਆ ਨੂੰ ਦੇਖ ਨਹੀਂ ਸਕਦਾ। ਪੁਸਤਕਾਂ ਤੋਂ ਬਿਨਾਂ ਕੋਈ ਵੀ ਜਾਤੀ ਉਸ ਵਿਅਕਤੀ ਵਰਗੀ ਹੈ ਜਿਹਦੇ ਕੋਲ ਦਰਪਨ ਨਾ

ਹੋਵੇ, ਜਿਹੜੀ ਆਪਣਾ ਚਿਹਰਾ ਨਹੀਂ ਵੇਖ ਸਕਦੀ।

- ਮਾਂ ਬੋਲੀ ਦੀ ਮਾਂ ਭੂਮੀ ਵਾਂਗ ਰੱਖਿਆ ਕਰਨੀ ਚਾਹੀਦੀ ਹੈ।
- ਜੇ ਤੁਸੀਂ ਵਰਤਮਾਨ 'ਤੇ ਪਿਸਤੌਲ ਚਲਾਓਗੇ ਤਾਂ ਭਵਿੱਖ ਤੁਹਾਨੂੰ ਤੋਪ ਨਾਲ ਉਡਾ ਦੇਵੇਗੇ।
- ਕਾਬਲੀਅਤ ਤੋਂ ਵੱਡਾ ਇਨਾਮ ਨਹੀਂ, ਜ਼ਿੰਦਗੀ ਤੋਂ ਵੱਡਾ ਕੋਈ ਖ਼ਜ਼ਾਨਾ ਨਹੀਂ। ਇਹਨੂੰ ਸਾਂਭ ਕੇ ਰੱਖੋ।
- ਗੀਤਾਂ ਦਾ ਜਨਮ ਦਿਲ ਵਿੱਚ ਹੁੰਦਾ ਹੈ, ਫਿਰ ਦਿਲ ਉਹਨਾਂ ਨੂੰ ਜ਼ੁਬਾਨ ਤੱਕ ਪੁਚਾਉਂਦਾ ਹੈ, ਇਸ ਤੋਂ ਬਾਅਦ ਜ਼ਬਾਨ ਉਹਨਾਂ ਨੂੰ ਸਭ ਲੋਕਾਂ ਦੇ ਦਿਲਾਂ ਤੱਕ ਪੁਚਾਉਂਦੀ ਹੈ ਅਤੇ ਸਾਰੇ ਲੋਕਾਂ ਦੇ ਦਿਲ ਉਹ ਗੀਤ ਆਉਣ ਵਾਲੀਆਂ ਸਦੀਆਂ ਨੂੰ ਸੌਂਪ ਦਿੰਦੇ ਹਨ।
- ਗਾਇਕ ਨੂੰ ਚੁੱਪ ਰਹਿਣ ਲਈ ਮਜਬੂਰ ਕੀਤਾ ਜਾ ਸਕਦਾ ਹੈ ਪਰ ਗੀਤ ਨੂੰ ਕਦੇ ਨਹੀਂ। ਅਸੀਂ ਕਬਰਾਂ ਉੱਤੇ ਬਹੁਤ ਸਾਰੇ ਪੱਥਰ ਲੱਗੇ ਹੋਏ ਵੇਖਦੇ ਹਾਂ। ਉੱਥੇ ਲੋਕ ਦਫ਼ਨ ਹਨ ਪਰ ਗੀਤਾਂ ਦੀਆਂ ਕਬਰਾਂ ਕੀਹਨੇ ਵੇਖੀਆਂ ਹਨ।
- ਤਲਵਾਰ ਦੇ ਕਾਰਨ ਤਾਂ ਬਹੁਤ ਸਾਰੀਆਂ ਲੜਾਈਆਂ ਹਾਰੀਆਂ ਗਈਆਂ ਨੇ ਪਰ ਕਿਤਾਬਾਂ ਦੇ ਕਾਰਨ ਇਕ ਵੀ ਨਹੀਂ।
- ਜ਼ਮੀਨ ਵੇਚ ਦਿਓ ਘਰ ਵੇਚ ਦਿਓ, ਸਾਰੀ ਜਾਇਦਾਦ ਗੁਆ ਦਿਓ, ਪਰ ਆਪਣੇ ਅੰਦਰਲੇ ਇਨਸਾਨ ਨੂੰ ਨਾ ਵੇਚੋ ਤੇ ਨਾ ਗੁਆਓ।
- ਇਨਸਾਨ ਅਤੇ ਆਜ਼ਾਦੀ, ਇਨਸਾਨ ਅਤੇ ਇੱਜ਼ਤ, ਇਨਸਾਨ ਅਤੇ ਬਹਾਦਰੀ ਇਹਨਾਂ ਸਾਰਿਆਂ ਦਾ ਇਕ ਅਰਥ ਹੈ।
- ਯੋਧੇ ਲਈ ਸ਼ੇਰ ਦੀ ਖੱਲ ਪਾਉਣੀ ਬਿਲਕੁਲ ਜ਼ਰੂਰੀ ਨਹੀਂ ਤੇ ਬੁਜ਼ਦਿਲ ਵਿਅਕਤੀ ਦਾ ਦਿਲ ਲੋਹੇ ਦੀ ਸੰਜੋਅ ਹੇਠ ਵੀ ਕੰਬਦਾ ਰਹਿੰਦਾ ਹੈ।
- ਅਤਿ ਤੀਖਣ ਤੇ ਕੋਮਲ ਵਿਚਾਰਾਂ ਲਈ ਖੁਸ਼ਕ ਜ਼ਬਾਨ ਇਸੇ ਤਰ੍ਹਾਂ ਹੈ, ਜਿਸ ਤਰ੍ਹਾਂ ਲੇਲੇ ਲਈ ਭੇੜੀਆ।
- ਕਿਸੇ ਦੂਜੀ ਕੌਮ ਵਾਲੀ ਇਸਤਰੀ ਨਾਲ ਪਿਆਰ ਵਿਆਹ ਕਰਾਉਣਾ ਕੋਈ ਬੁਰੀ ਗੱਲ ਨਹੀਂ। ਇਹ ਬਿਲਕੁਲ ਠੀਕ ਹੈ ਕਿ ਫੁੱਲਾਂ ਦੀ ਵੰਨਗੀ ਜਿੰਨੀ ਜ਼ਿਆਦਾ ਹੋਵੇਗੀ, ਗੁਲਦਸਤਾ ਓਨਾ ਹੀ ਖ਼ੂਬਸੂਰਤ ਹੋਵੇਗਾ। ਆਕਾਸ਼ ਵਿੱਚ ਜਿੰਨੇ ਜ਼ਿਆਦਾ ਤਾਰੇ ਹੋਣਗੇ, ਇਹ ਓਨਾ ਹੀ ਜ਼ਿਆਦਾ ਚਮਕੇਗਾ। ਅਸਮਾਨੀ ਪੀਂਘ ਖ਼ੂਬਸੂਰਤ ਹੁੰਦੀ ਹੈ, ਕਿਉਂਕਿ ਇਸਨੇ ਜ਼ਮੀਨ ਦੇ ਸਾਰੇ ਹੀ ਰੰਗ ਇਕੱਠੇ ਕਰ ਲੈਣੇ ਹੁੰਦੇ ਹਨ।
- ਮੈਂ ਆਪਣੇ ਵਚਨ ਦਾ ਮਾਲਕ ਹਾਂ, ਚਾਹਾਂ ਤਾਂ ਇਸਨੂੰ ਪੂਰਾ ਕਰਾਂ, ਚਾਹਾਂ ਤਾਂ ਤੋੜ ਦਿਆਂ। ਮੇਰੇ ਲਈ ਹੋ ਸਕਦਾ ਹੈ ਇਹ ਠੀਕ ਹੋਵੇ, ਪਰ ਲੇਖਕ ਨੇ ਆਪਣੇ ਵਚਨ ਦਾ, ਆਪਣੀ ਸੌਗੰਧ ਦਾ ਜਾਂ ਆਪਣੀ ਬਦ-ਦੁਆ ਦਾ

ਸੱਚਾ ਸਵਾਮੀ ਹੋਣਾ ਚਾਹੀਦਾ ਹੈ। ਇਕੋ ਮੰਤਵ ਲਈ ਉਸਨੂੰ ਦੋ ਸਹੁੰਆਂ ਨਹੀਂ ਖਾਣੀਆਂ ਚਾਹੀਦੀਆਂ। ਆਮ ਕਰਕੇ, ਜਿਹੜਾ ਅਕਸਰ ਸਹੁੰਆਂ ਖਾਂਦਾ ਰਹਿੰਦਾ ਹੈ, ਮੇਰੀ ਰਾਏ ਵਿੱਚ ਉਹ ਬਿਲਕੁਲ ਝੂਠਾ ਹੈ।

➢ ਮੇਰੀ ਮਾਤਭੂਮੀ ਮੇਰਾ ਵਿਸ਼ਾ ਹੈ। ਮੇਰੇ ਲਈ ਇਸਨੂੰ ਲੱਭਣ ਜਾਂ ਚੁਣਨ ਦੀ ਲੋੜ ਨਹੀਂ। ਅਸੀਂ ਮਾਤਭੂਮੀ ਨਹੀਂ ਚੁਣਦੇ, ਮਾਤਭੂਮੀ ਸਾਨੂੰ ਸ਼ੁਰੂ ਤੋਂ ਹੀ ਚੁਣ ਲੈਂਦੀ ਹੈ। ਆਕਾਸ਼ ਤੋਂ ਬਿਨ੍ਹਾਂ ਕੋਈ ਉਕਾਬ ਨਹੀਂ ਹੋ ਸਕਦਾ, ਤੇਜ਼ ਤੇ ਸ਼ੁਧ ਜਲਧਾਰਾ ਤੋਂ ਬਿਨਾਂ ਕੋਈ ਟਰਾਊਟ ਮੱਛੀ ਨਹੀਂ ਹੋ ਸਕਦੀ। ਬਿਲਕੁਲ ਉਸੇ ਤਰ੍ਹਾਂ ਮਾਤਭੂਮੀ ਤੋਂ ਬਿਨਾਂ ਕੋਈ ਲੇਖਕ ਨਹੀਂ ਹੋ ਸਕਦਾ।

ਸ਼ਹੀਦ ਭਗਤ ਸਿੰਘ

ਭਾਰਤ ਦੇ ਮਹਾਨ ਦੇਸ਼ ਭਗਤਾਂ ਵਿੱਚੋਂ ਸ਼ਹੀਦ ਭਗਤ ਸਿੰਘ ਇਕ ਮਹਾਨ ਨਿੱਡਰ ਅਤੇ ਦਲੇਰ ਦੇਸ਼ ਭਗਤ ਸਨ ਜਿਨ੍ਹਾਂ ਭਾਰਤ ਦੀ ਜੰਗੇ-ਏ-ਆਜ਼ਾਦੀ ਵਿੱਚ ਵਡਮੁੱਲਾ ਯੋਗਦਾਨ ਪਾਇਆ। ਉਹਨਾਂ ਦਾ ਜਨਮ ਪਿੰਡ ਖਟਕੜ ਕਲਾਂ ਵਿਖੇ 28 ਸਤੰਬਰ 1907 ਈ. ਨੂੰ ਹੋਇਆ ਅਤੇ 23 ਮਾਰਚ 1931 ਈ. ਨੂੰ ਅੰਗਰੇਜ਼ਾਂ ਦੁਆਰਾ ਉਹਨਾਂ ਨੂੰ ਫਾਂਸੀ ਦਿੱਤੀ ਗਈ।

➢ ਪਿਸਤੌਲ ਤੇ ਬੰਬ ਕਦੇ ਇਨਕਲਾਬ ਨਹੀਂ ਲਿਆਉਂਦੇ ਬਲਕਿ ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ 'ਤੇ ਤਿੱਖੀ ਹੁੰਦੀ ਹੈ।

➢ ਕਿਸੇ ਵੀ ਜਾਤੀ ਦੀ ਤਰੱਕੀ ਲਈ ਚੰਗੇ ਸਾਹਿਤ ਦੀ ਜ਼ਰੂਰਤ ਹੁੰਦੀ ਹੈ। ਜਿਉਂ ਜਿਉਂ ਦੇਸ਼ ਦਾ ਸਾਹਿਤ ਉੱਚਾ ਉੱਠਦਾ ਹੈ, ਤਿਉਂ-ਤਿਉਂ ਦੇਸ਼ ਤਰੱਕੀ ਕਰਦਾ ਜਾਂਦਾ ਹੈ।

➢ ਇਕ ਵਿਵੇਕਸ਼ੀਲ, ਤਰਕਪੂਰਨ ਜੀਵਨ ਜਿਊਣਾ ਆਸਾਨ ਕੰਮ ਨਹੀਂ ਹੈ। ਅੰਧ-ਵਿਸ਼ਵਾਸੀ ਰਹਿ ਕੇ ਤਸੱਲੀ ਜਾਂ ਰਾਹਤ ਪ੍ਰਾਪਤ ਕਰਨਾ ਆਸਾਨ ਹੈ, ਪਰ ਇਹ ਸਾਡਾ ਫ਼ਰਜ਼ ਹੈ ਕਿ ਅਸੀਂ ਨਿਰੰਤਰ ਇਕ ਤਰਕਮਈ ਜੀਵਨ ਜੀਵੀਏ।

➢ ਇਕ ਆਦਮੀ ਜੋ ਯਥਾਰਥਵਾਦੀ ਹੋਣ ਦਾ ਦਾਅਵਾ ਕਰਦਾ ਹੈ ਉਸਨੂੰ ਸੰਪੂਰਨ ਪ੍ਰਾਚੀਨ ਵਿਸ਼ਵਾਸ ਨੂੰ ਚੁਣੌਤੀ ਦੇਣੀ ਪੈਂਦੀ ਹੈ। ਉਸਦੇ ਲਈ ਸਭ ਤੋਂ ਪਹਿਲੀ ਅਤੇ ਮਹੱਤਵਪੂਰਨ ਗੱਲ ਇਹ ਹੈ ਕਿ ਉਹ ਪੁਰਾਣੇ ਢਾਂਚੇ ਨੂੰ ਡੇਗ ਦੇਵੇ ਅਤੇ ਨਵੇਂ ਦਰਸ਼ਨ ਲਈ ਰਾਹ ਸਾਫ਼ ਕਰ ਦੇਵੇ।

➢ ਜਿਹੜਾ ਧਰਮ ਇਨਸਾਨ ਨੂੰ ਇਨਸਾਨ ਤੋਂ ਵੱਖ ਕਰੇ, ਮੁਹੱਬਤ ਦੀ ਥਾਂ ਉਹਨਾਂ ਨੂੰ ਇਕ ਦੂਜੇ ਨਾਲ ਨਫ਼ਰਤ ਕਰਨੀ ਸਿਖਾਵੇ, ਅੰਧ-ਵਿਸ਼ਵਾਸ ਨੂੰ ਉਤਸ਼ਾਹਤ ਕਰਕੇ ਲੋਕਾਂ ਦੇ ਬੌਧਿਕ ਵਿਕਾਸ 'ਚ ਰੋਕ ਬਣੇ, ਦਿਮਾਗ ਨੂੰ ਖੁੰਢਾ ਕਰੇ, ਉਹ ਕਦੇ ਵੀ ਮੇਰਾ ਧਰਮ ਨਹੀਂ ਬਣ ਸਕਦਾ।

➢ ਇਨਕਲਾਬ ਕੋਈ ਮਾਯੂਸੀ 'ਚੋਂ ਪੈਦਾ ਹੋਇਆ ਫਲਸਫ਼ਾ ਨਹੀਂ ਤੇ ਨਾ ਹੀ ਸਰ-ਫਰੋਸ਼ੀ ਦਾ ਕੋਈ ਸਿਧਾਂਤ ਹੈ। ਇਨਕਲਾਬ ਰੱਬ ਵਿਰੋਧੀ ਹੋ ਸਕਦਾ ਹੈ ਪਰ ਮਨੁੱਖ ਵਿਰੋਧੀ ਨਹੀਂ। ਇਹ ਇਕ ਪੁਖਤਾ ਤੇ ਜ਼ਿੰਦਾ ਤਾਕਤ ਹੈ। ਇਨਕਲਾਬ ਇਕ ਨਿਯਮ ਹੈ, ਇਕ ਆਦੇਸ਼ ਹੈ ਅਤੇ ਇਕ ਸੱਚਾਈ ਹੈ।

➢ ਆਲੋਚਨਾ ਅਤੇ ਆਜ਼ਾਦ ਵਿਚਾਰ ਕਿਸੇ ਇਨਕਲਾਬੀ ਦੇ ਜ਼ਰੂਰੀ ਗੁਣ ਹਨ। ਨਿਰਾ ਵਿਸ਼ਵਾਸ ਅਤੇ ਅੰਧਵਿਸ਼ਵਾਸ ਖ਼ਤਰਨਾਕ ਹੈ, ਇਸ ਨਾਲ ਦਿਮਾਗ

ਖੁੰਢਾ ਹੁੰਦਾ ਹੈ ਅਤੇ ਆਦਮੀ ਪਿਛਾਂਹ ਖਿੱਚੂ ਬਣ ਜਾਂਦਾ ਹੈ।

- ਇਨਕਲਾਬ ਤਾਂ ਸਿਰਫ ਨਿਰੰਤਰ ਕੰਮ ਕਰਦੇ ਰਹਿਣ ਨਾਲ, ਯਤਨਾਂ ਨਾਲ, ਕਸ਼ਟ ਸਹਿਣ ਤੇ ਕੁਰਬਾਨੀਆਂ ਰਾਹੀਂ ਹੀ ਪੈਦਾ ਕੀਤਾ ਜਾ ਸਕਦਾ ਹੈ ਅਤੇ ਕੀਤਾ ਜਾਵੇਗਾ।
- ਕੋਈ ਵੀ ਜਰਨੈਲ ਅਜਿਹੀ ਯੁੱਧਨੀਤੀ ਨਹੀਂ ਅਪਣਾ ਸਕਦਾ, ਜਿਸ ਵਿੱਚ ਉਸਨੂੰ ਸੋਚੇ ਹੋਏ ਫ਼ਾਇਦੇ ਨਾਲੋਂ ਬਹੁਤੀ ਕੁਰਬਾਨੀ ਦੇਣੀ ਪਵੇ।
- ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਜਨਤਾ ਦੀ ਮਾਨਸਿਕ ਆਜ਼ਾਦੀ ਜ਼ਰੂਰੀ ਹੈ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਜਨਤਾ ਦੇ ਆਰਥਿਕ ਪੱਧਰ ਨੂੰ ਉੱਚਾ ਚੁੱਕਿਆ ਜਾਵੇ ਅਤੇ ਉਹਨਾਂ ਨੂੰ ਕਿਸਮਤਵਾਦ ਦੇ ਚੱਕਰ ਵਿਚੋਂ ਬਾਹਰ ਕੱਢਿਆ ਜਾਵੇ।
- ਜਦੋਂ ਤਾਕਤ ਦੀ ਵਰਤੋਂ ਕਿਸੇ ਨੂੰ ਤੰਗ ਕਰਨ ਲਈ ਕੀਤੀ ਜਾਵੇ ਤਾਂ ਇਹ ਹਿੰਸਾ ਹੈ, ਪਰ ਜਦੋਂ ਤਾਕਤ ਦੀ ਵਰਤੋਂ ਕਿਸੇ ਮਹਾਨ ਉਦੇਸ਼ ਦੀ ਪੂਰਤੀ ਲਈ ਕੀਤੀ ਜਾਵੇ ਤਾਂ ਨੈਤਿਕਤਾ ਦੇ ਤੌਰ 'ਤੇ ਇਹ ਉਚਿਤ ਹੈ।
- ਹਿੰਸਾ ਦੀ ਵਰਤੋਂ ਤਦ ਹੀ ਦਰੁਸਤ ਹੈ ਜਦੋਂ ਇਸ ਤੋਂ ਬਿਨਾਂ ਕਿਸੇ ਬੇਹੱਦ ਔਖੀ ਸਥਿਤੀ ਵਿਚੋਂ ਨਿਕਲਣ ਦਾ ਕੋਈ ਹੋਰ ਰਾਹ ਨਾ ਰਹਿ ਗਿਆ ਹੋਵੇ। ਅਹਿੰਸਾ ਸਾਰੇ ਜਨਤਕ ਅੰਦੋਲਨਾਂ ਦਾ ਲਾਜ਼ਮੀ ਸਿਧਾਂਤ ਹੋਣਾ ਚਾਹੀਦਾ ਹੈ।
- ਵਿਸ਼ਵਾਸ ਕਸ਼ਟਾਂ ਨੂੰ ਹਲਕਾ ਕਰ ਦਿੰਦਾ ਹੈ। ਇਥੋਂ ਤੱਕ ਕਿ ਉਹਨਾਂ ਨੂੰ ਸੁਖਦਾਇਕ ਬਣਾ ਦਿੰਦਾ ਹੈ।
- ਸਾਡੇ ਭੌਤਿਕ ਪਦਾਰਥਾਂ ਨੂੰ ਕੋਈ ਵੀ ਤਾਕਤ ਸਾਡੇ ਤੋਂ ਖੋਹ ਸਕਦੀ ਹੈ। ਪਰੰਤੂ ਸਾਡੀਆਂ ਅਧਿਆਤਮਕ ਸ਼ਕਤੀਆਂ ਕੋਈ ਵੀ ਇਸ ਤਰ੍ਹਾਂ ਨਹੀਂ ਖੋਹ ਸਕਦਾ। ਤੁਸੀਂ ਇਕ ਕਲਾਕਾਰ ਨੂੰ ਮਾਰ ਸਕਦੇ ਹੋ, ਪਰ ਤੁਸੀਂ ਉਸਦੀ ਕਲਾ ਜਾਂ ਵਿਚਾਰਾਂ ਨੂੰ ਨਹੀਂ ਮਾਰ ਸਕਦੇ।
- ਮੇਰਾ ਉਦੇਸ਼ ਤਾਂ ਇਹ ਹੈ ਕਿ ਜਨਤਾ ਸ਼ਹੀਦਾਂ ਦੀਆਂ ਕੁਰਬਾਨੀਆਂ ਅਤੇ ਜੀਵਨ ਭਰ ਦੇਸ਼ ਦੇ ਹੀ ਕੰਮ ਵਿੱਚ ਲੱਗੇ ਰਹਿਣ ਦੀਆਂ ਉਨ੍ਹਾਂ ਦੀ ਮਿਸਾਲ ਤੋਂ ਪ੍ਰੇਰਨਾ ਪ੍ਰਾਪਤ ਕਰੇ ਅਤੇ ਵਕਤ ਆਉਣ 'ਤੇ ਉਸ ਸਮੇਂ ਦੇ ਹਾਲਾਤ ਨੂੰ ਵੇਖਦਿਆਂ ਆਪਣੇ ਕੰਮਾਂ ਦਾ ਖ਼ੁਦ ਫ਼ੈਸਲਾ ਕਰਨ।
- ਕਿਸੇ ਵੀ ਵਿਅਕਤੀ ਦੀ ਅੱਖਾਂ ਬੰਦ ਕਰਕੇ ਤਾਰੀਫ ਕਰਨ ਦੀ ਬਜਾਏ ਉਸਦੇ ਕੀਤੇ ਚੰਗੇ ਕੰਮਾਂ 'ਤੇ ਗੌਰ ਕਰਨਾ ਚਾਹੀਦਾ ਹੈ ਜੋ ਕਿ ਮਾਨਵਜਾਤੀ ਭਵਿੱਖ ਵਾਸਤੇ ਬੇਹਤਰ ਹੈ।
- ਸਮਾਜ ਦੇ ਦੁਸ਼ਮਣ ਵਿਅਕਤੀ ਨਹੀਂ ਸਗੋਂ ਉਹ ਸੰਸਥਾਵਾਂ ਹੁੰਦੀਆਂ ਹਨ ਜੋ ਲੁੱਟ ਦੇ ਤੰਤਰ ਨੂੰ ਬਣਾਈ ਤੇ ਚਲਾਈ ਰੱਖਣ ਵਿੱਚ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਹਿੱਸੇਦਾਰ ਹੁੰਦੀਆਂ ਹਨ।

ਅਚਾਰੀਆ ਰਜਨੀਸ਼

ਜਨਮ- 11 ਦਸੰਬਰ 1931 ਮੌਤ- 19 ਜਨਵਰੀ 1990

ਓਸ਼ੋ ਰਜਨੀਸ਼ ਭਾਰਤ ਵਿੱਚ ਮੱਧ ਪ੍ਰਦੇਸ ਦੇ ਕੁਛਵਾੜਾ ਪਿੰਡ ਵਿੱਚ ਪੈਦਾ ਹੋਏ। 14 ਸਾਲ ਦੀ ਉਮਰ ਵਿੱਚ ਇਹਨਾਂ ਨੂੰ ਸਮਾਧੀ ਦੀ ਝਲਕ ਦਾ ਅਨੁਭਵ ਹੋਇਆ। ਉਹ ਦੁਨੀਆ ਦੇ ਮਹਾਨ ਖੋਜੀ, ਮਨੋਵਿਗਿਆਨੀ ਅਤੇ ਲੇਖਕ ਹੋਏ ਅਤੇ ਦੁਨੀਆ ਵਿੱਚ ਉਹਨਾਂ ਦੇ ਲੱਖਾਂ ਸ਼ਰਧਾਲੂ ਹਨ।

➢ ਹੰਕਾਰ ਤੁਹਾਡੀ ਅੱਖ 'ਚ ਪਿਆ ਹੋਇਆ ਕੱਖ ਹੈ।

➢ ਗਿਆਨ ਦਾ ਅਰਥ ਹੈ ਆਪਣੇ ਆਪ ਨੂੰ ਜਾਣਨਾ, ਦਇਆ ਦਾ ਅਰਥ ਹੈ ਦੂਜਿਆਂ ਨੂੰ ਪਛਾਨਣਾ।

➢ ਪ੍ਰੇਮ ਰੌਸ਼ਨੀ ਹੈ ਅਤੇ ਤੁਹਾਡੇ ਜੀਵਨ ਵਿੱਚ ਪ੍ਰੇਮ ਦਾ ਕੋਈ ਵੀ ਦੀਵਾ ਨਹੀਂ ਬਲਦਾ, ਇਸ ਲਈ ਪਾਪ ਹੈ।

➢ ਜੇਕਰ ਤੁਸੀਂ ਦੂਜੇ ਨੂੰ ਦੁੱਖ ਦਿੰਦੇ ਹੋ ਤਾਂ ਤੁਹਾਡੇ ਵੱਲ ਵੀ ਦੁੱਖ ਹੀ ਪਰਤੇਗਾ। ਜੇਕਰ ਤੁਸੀਂ ਦੂਜੇ ਨੂੰ ਸੁਖ ਦਿੰਦੇ ਹੋ ਤਾਂ ਉਹ ਸੁਖ ਤੁਹਾਨੂੰ ਵੀ ਪ੍ਰਾਪਤ ਹੋ ਜਾਵੇਗਾ।

➢ ਸੰਜਮ ਤੋਂ ਬਿਨਾਂ ਆਦਮੀ ਅਜਿਹਾ ਹੈ, ਜਿਹੜਾ ਸਾਰੀਆਂ ਦਿਸ਼ਾਵਾਂ ਵਿੱਚ ਭੱਜ ਰਿਹਾ ਹੋਵੇ, ਬਿਨਾਂ ਸੰਜਮ ਤੋਂ ਜੀਵਨ ਅਜਿਹਾ ਹੈ ਜਿਵੇਂ ਹਨੇਰੇ ਵਿੱਚ ਅੰਨ੍ਹਾ ਆਦਮੀ ਤੀਰ ਨੂੰ ਚਲਾ ਦੇਵੇ।

➢ ਸੱਚਾ ਗਿਆਨ ਜੀਵਨ ਦੇ ਅਨੁਭਵ ਤੋਂ ਪੈਦਾ ਹੁੰਦਾ ਹੈ।

➢ ਸੱਚੀ ਧਾਰਮਿਕਤਾ ਤੁਹਾਡੇ ਖਿੜੇ ਹੋਏ ਦਿਲ ਦਾ ਨਾਉਂ ਹੈ।

➢ ਮੇਰੇ ਲਈ ਸਭ ਤੋਂ ਔਖਾ ਕੰਮ ਇਹੋ ਹੈ ਕਿ ਮੈਂ ਤੁਹਾਨੂੰ ਜਾਗਰੂਕ ਕਰਾਂ ਅਤੇ ਦੱਸਾਂ ਕਿ ਇਹ ਲੋਕ ਵਰਤਮਾਨ ਸਥਿਤੀ ਦੇ ਸਿਰਜਣਹਾਰੇ ਹਨ।

➢ ਮੇਰੀ ਨਜ਼ਰ ਵਿੱਚ ਧਾਰਮਿਕ ਆਦਮੀ ਉਹ ਹੈ ਜੋ ਜਗਤ ਵਿੱਚ ਕੁਝ ਖ਼ੂਬਸੂਰਤੀ ਜਾਂ ਕੁਝ ਖ਼ੁਸ਼ੀ ਵਧਾ ਸਕਿਆ ਜੋ ਪਹਿਲਾਂ ਉੱਥੇ ਨਹੀਂ ਸੀ।

➢ ਅਗਿਆਨ ਹੀ ਪਾਪ ਹੈ। ਬਾਕੀ ਸਾਰੇ ਪਾਪ ਤਾਂ ਉਸਦੀ ਹੀ ਛਾਇਆ ਹਨ।

➢ ਅਸੀਂ ਧਰਮ ਦਾ ਤਜਰਬਾ ਕਰਕੇ ਵੇਖ ਲਿਆ ਹੈ। ਉਹ ਅਸਫਲ ਰਿਹਾ। ਅਸੀਂ ਸਿਆਸਤ ਨੂੰ ਅਜ਼ਮਾ ਲਿਆ ਹੈ। ਉਹ ਵੀ ਨਾਕਾਮ ਰਹੀ। ਹੁਣ ਅਸੀਂ ਵਿਗਿਆਨ ਨੂੰ ਅਜ਼ਮਾਉਣਾ ਹੈ, ਇਕ ਮੌਕਾ ਉਸਨੂੰ ਵੀ ਦੇਵੋ।

- ➢ ਜਦੋਂ ਬੱਚੇ ਨੂੰ ਬਚਪਨ ਤੋਂ ਹੀ ਜੀਵਨ ਦਾ ਸਤਿਕਾਰ ਕਰਨਾ ਸਿਖਾਇਆ ਜਾਵੇਗਾ-ਜਿਵੇਂ ਦਰਖ਼ਤਾਂ, ਪਸ਼ੂ ਪੰਛੀਆਂ ਦਾ ਸਨਮਾਨ ਆਦਿ ਤਾਂ ਉਹ ਵੱਡਾ ਹੋ ਕੇ ਕਿਵੇਂ ਕਿਸੇ ਦਾ ਖ਼ੂਨ ਕਰ ਸਕਦਾ ਹੈ।
- ➢ ਵਿਗਿਆਨੀਆਂ ਨੂੰ ਹੌਂਸਲਾ ਕਰਕੇ ਇਹ ਕਹਿਣਾ ਪਵੇਗਾ ਕਿ ਉਹ ਕਿਸੇ ਦੇਸ਼ ਜਾਂ ਧਰਮ ਦੇ ਨਹੀਂ। ਉਹ ਜੋ ਵੀ ਕਰਨਗੇ ਪੂਰੀ ਮਨੁੱਖਤਾ ਲਈ ਕਰਨਗੇ। ਇਹ ਇਕ ਬਹੁਤ ਵੱਡੀ ਆਜ਼ਾਦੀ ਹੋਵੇਗੀ।
- ➢ ਜੋ ਸਿੱਖਿਆ ਤੁਹਾਡੇ ਸਰੀਰ ਅਤੇ ਤੁਹਾਡੀ ਚੇਤਨਾ, ਇਹਨਾਂ ਦੋ ਵਿਸ਼ਿਆਂ ਨੂੰ ਨਹੀਂ ਛੋਂਹਦੀ, ਉਹ ਨਾ ਸਿਰਫ਼ ਅਧੂਰੀ ਹੈ ਸਗੋਂ ਅਤਿਅੰਤ ਨੁਕਸਾਨਦਾਇਕ ਹੈ।
- ➢ ਭਵਿੱਖ ਵਿੱਚ ਇਤਿਹਾਸ ਦੇ ਪੰਨੇ ਉਹਨਾਂ ਲੋਕਾਂ ਨਾਲ ਭਰੇ ਹੋਣੇ ਚਾਹੀਦੇ ਹਨ ਜਿਨ੍ਹਾਂ ਨੇ ਜ਼ਿੰਦਗੀ ਨੂੰ ਸੁਹਜ ਅਤੇ ਖ਼ੂਬਸੂਰਤੀ ਬਖ਼ਸ਼ੀ ਹੈ।
- ➢ ਹਰੇਕ ਬੱਚੇ ਨੂੰ ਇਹ ਸਿਖਾਇਆ ਜਾਵੇ ਕਿ ਉਸਦੇ ਗੁੱਸੇ, ਨਫ਼ਰਤ ਅਤੇ ਈਰਖਾ ਨੂੰ ਪਿਆਰ ਵਿੱਚ ਕਿਵੇਂ ਬਦਲਿਆ ਜਾ ਸਕਦਾ ਹੈ।
- ➢ ਸੰਸਾਰ ਵਿੱਚ ਕੋਈ ਵੀ ਵਿਅਕਤੀ ਅਪਰਾਧੀ ਨਹੀਂ। ਵਿਅਕਤੀ ਰੋਗੀ ਹੋ ਸਕਦਾ ਹੈ ਅਤੇ ਉਸਨੂੰ ਹਮਦਰਦੀ ਅਤੇ ਵਿਗਿਆਨਕ ਇਲਾਜ ਦੀ ਲੋੜ ਹੈ।
- ➢ ਵਿਗਿਆਨੀ ਨੂੰ ਇਨਕਲਾਬੀ ਵੀ ਹੋਣਾ ਚਾਹੀਦਾ ਹੈ। ਪਹਿਲਾਂ ਉਸਨੂੰ ਇਕ ਅਧਿਆਤਮਕ ਖੋਜੀ ਹੋਣਾ ਚਾਹੀਦਾ ਹੈ ਅਤੇ ਉਸ ਤੋਂ ਬਾਅਦ ਇਨਕਲਾਬੀ। ਉਸਨੇ ਖ਼ੁਦ ਤੈਅ ਕਰਨਾ ਹੈ ਕਿ ਬਿਹਤਰ ਜੀਵਨ ਲਈ ਕੀ ਉਪਯੋਗੀ ਹੈ।
- ➢ ਜਦੋਂ ਤੁਸੀਂ ਸਿੱਖਿਆ ਲੈ ਰਹੇ ਹੋ ਤਾਂ ਨਾਲ ਹੀ ਚੁੱਪ-ਚੁਪੀਤੇ ਅਤੇ ਸੂਖਮ ਢੰਗ ਨਾਲ ਤੁਹਾਡੀ ਸੱਤਾ ਵਿੱਚ ਆਉਣ ਦੀ ਤਿਆਰੀ ਹੋ ਰਹੀ ਹੈ। ਇਸ ਤਰ੍ਹਾਂ ਕਿ ਸੱਤਾ ਤੁਹਾਨੂੰ ਭ੍ਰਿਸ਼ਟ ਨਹੀਂ ਕਰ ਸਕੇਗੀ ਅਤੇ ਤੁਸੀਂ ਸੱਤਾ ਦੀ ਕੁਵਰਤੋਂ ਨਹੀਂ ਕਰ ਸਕੋਗੇ।
- ➢ ਤੁਸੀਂ ਖੋਜ ਦੇ ਮਾਰਗ 'ਤੇ ਨਹੀਂ ਤੁਰਨਾ ਚਾਹੁੰਦੇ ਉਹ ਔਕੜਾਂ ਭਰਿਆ ਹੈ. ਉਸਦੇ ਲਈ ਤੁਹਾਨੂੰ ਅੰਧਵਿਸ਼ਵਾਸ ਛੱਡਣੇ ਪੈਣਗੇ।
- ➢ ਅਸੀਂ ਜਿਸਦੀ ਖਾਤਰ ਲੜਦੇ ਹਾਂ, ਆਖਿਰ ਨੂੰ ਉਹੀ ਅਸੀਂ ਹੋ ਜਾਂਦੇ ਹਾਂ। ਜਿਹੋ ਜਿਹਾ ਅਸੀਂ ਸੰਘਰਸ਼ ਕਰਦੇ ਹਾਂ, ਉਹੋ-ਜਿਹੇ ਅਸੀਂ ਹੋ ਜਾਂਦੇ ਹਾਂ।
- ➢ ਜਿਹੜਾ ਆਦਮੀ ਇਹ ਸੋਚਦਾ ਹੈ ਕਿ ਲੋਕ ਕੀ ਕਹਿੰਦੇ ਹਨ, ਉਹ ਆਦਮੀ ਕਦੇ ਵੀ ਜੀਵਨ ਦੇ ਅਨੁਭਵ ਨੂੰ ਪਹੁੰਚ ਨਹੀਂ ਸਕਦਾ। ਭੀੜ ਦੇ ਹਿਸਾਬ ਨਾਲ ਚੱਲਣ ਵਾਲਾ ਵਿਅਕਤੀ ਸ਼ਖ਼ਸੀਅਤ ਦੀ ਉਸਾਰੀ ਨਹੀਂ ਕਰ ਸਕਦਾ।

ਸੁਕਰਾਤ

ਜਨਮ- 469 ਈ.ਪੂ. ਮੌਤ- 399 ਈ.ਪੂ.

ਯੂਨਾਨ ਦਾ ਵਿਸ਼ਵ ਪ੍ਰਸਿੱਧ ਫਿਲਾਸਫਰ। ਇਹਨਾਂ ਨੇ ਖ਼ੁਦ ਕੁਝ ਨਹੀਂ ਲਿਖਿਆ। ਇਹਨਾਂ ਦੀ ਜੀਵਨੀ ਅਤੇ ਫਿਲਾਸਫੀ ਬਾਰੇ ਇਹਨਾਂ ਦੇ ਸ਼ਾਗਿਰਦਾਂ ਦੀਆਂ ਲਿਖਤਾਂ ਤੋਂ ਪਤਾ ਚੱਲਦਾ ਹੈ।

- ਜੇ ਮੈਨੂੰ ਕੋਈ ਗਿਆਨ ਹੈ ਤਾਂ ਇਹੀ ਹੈ ਕਿ ਮੈਨੂੰ ਕੋਈ ਗਿਆਨ ਨਹੀਂ।
- ਆਨੰਦ ਉਹ ਖ਼ੁਸ਼ੀ ਹੈ ਜਿਸਨੂੰ ਭੋਗਣ ਤੋਂ ਬਾਅਦ ਪਛਤਾਉਣਾ ਨਹੀਂ ਪੈਂਦਾ।
- ਪ੍ਰਸਿੱਧੀ, ਬਹਾਦਰੀ ਭਰਪੂਰ ਕਾਰਨਾਮਿਆਂ ਦੀ ਖ਼ੁਸ਼ਬੂ ਹੁੰਦੀ ਹੈ।
- ਕਠੋਰਤਾ ਇਕ ਕਮਜ਼ੋਰ ਬੰਦੇ ਦੀ ਝੂਠੀ ਸ਼ਕਤੀ ਹੈ।
- ਇਕ ਅਨਾੜੀ ਮਨੁੱਖ ਨੂੰ ਬਹਿਸ ਵਿੱਚ ਹਰਾਉਣਾ ਅਸੰਭਵ ਹੈ।
- ਵਿਆਹ ਕਰਾਉਣ ਵਾਲੇ ਤਾਂ ਦੁਖੀ ਹੁੰਦੇ ਹੀ ਹਨ, ਪਰ ਵਿਆਹ ਨਾ ਕਰਾਉਣ ਵਾਲੇ ਕਿਸੇ ਵੀ ਪੱਖੋਂ ਸੁਖੀ ਨਹੀਂ ਕਹੇ ਜਾ ਸਕਦੇ।
- ਮੂਰਖ ਮਿੱਤਰ ਨਾਲੋਂ ਸਿਆਣਾ ਦੁਸ਼ਮਣ ਚੰਗਾ ਹੈ।
- ਦੁਨੀਆ ਦਾ ਸਭ ਤੋਂ ਚੰਗਾ ਸਕੂਲ ਮਾਂ ਦਾ ਗੋਡਾ ਹੈ ਜਿਸ ਨਾਲ ਲੱਗ ਕੇ ਅਗਲੀ ਪੀੜ੍ਹੀ ਜੀਵਨ ਦੇ ਪਹਿਲੇ ਸਬਕ ਪੜ੍ਹਦੀ ਹੈ।
- ਇਸਤਰੀ ਕੋਲ ਪੁਰਸ਼ 'ਤੇ ਕਾਬੂ ਪਾਉਣ ਲਈ ਸਭ ਤੋਂ ਵਧੀਆ ਹਥਿਆਰ ਹੰਝੂ ਹਨ।
- ਮੌਤ ਤੋਂ ਡਰਨਾ ਡਰਪੋਕਾਂ ਦਾ ਕੰਮ ਹੈ ਕਿਉਂਕਿ ਅਸਲ ਜੀਵਨ ਤਾਂ ਮੌਤ ਹੀ ਹੈ।
- ਕਿਸੇ ਵੱਲੋਂ ਆਪਣੇ ਨਾਲ ਕੀਤੀ ਬੁਰਿਆਈ ਨੂੰ ਲਿਖੋ, ਪਰ ਰੇਤ ਉੱਤੇ, ਐਪਰ ਭਲਾਈ ਨੂੰ ਪੱਥਰ 'ਤੇ ਉਕਰ ਕੇ ਰੱਖੋ।
- ਆਪਣੇ ਅੰਦਰ ਦੱਬੇ ਹੋਏ ਵਿਚਾਰਾਂ ਨੂੰ ਬਾਹਰ ਕੱਢ ਕੇ ਆਪਣੇ ਆਪ ਨੂੰ ਸ਼ੁੱਧ ਕਰ ਲਵੋ।
- ਸੁਸਾਇਟੀ ਕਿਵੇਂ ਬਚ ਸਕਦੀ ਹੈ ਤੇ ਸ਼ਕਤੀਸ਼ਾਲੀ ਹੋ ਸਕਦੀ ਹੈ ਜੇਕਰ ਇਸਦੇ ਆਗੂ ਸਭ ਤੋਂ ਸਿਆਣੇ ਤੇ ਵਿਚਾਰਵਾਨ ਪੁਰਸ਼ ਹੋਣ।
- ਸੰਤੁਸ਼ਟਤਾ ਇਕ ਕੁਦਰਤੀ ਦੌਲਤ ਹੈ ਤੇ ਅੱਯਾਸ਼ੀ ਨਕਲੀ ਗੁਰਬਤ।
- ਆਲਸ ਵਿੱਚ ਜੀਵਨ ਬਤੀਤ ਕਰਨਾ ਆਤਮ ਹੱਤਿਆ ਦੇ ਸਮਾਨ ਹੈ।
- ਸੰਸਾਰ 'ਚ ਇੱਜ਼ਤ ਮਾਨ ਨਾਲ ਜੀਵਨ ਜਿਊਣ ਦਾ ਸੌਖਾ ਤੇ ਨਿਸਚਿਤ

ਤਰੀਕਾ ਇਹ ਹੈ ਕਿ ਮਨੁੱਖ ਅਸਲ 'ਚ ਜੋ ਹੈ, ਉਸੇ ਤਰ੍ਹਾਂ ਦਾ ਆਪਣੇ ਆਪ ਨੂੰ ਪ੍ਰਗਟ ਕਰੇ।

- ਮਰਦ ਅਤੇ ਇਸਤਰੀ ਦਾ ਹੌਸਲਾ ਇਕੋ ਜਿਹਾ ਨਹੀਂ ਹੁੰਦਾ। ਮਰਦ ਦੀ ਖ਼ੂਬੀ ਹੁਕਮ ਕਰਨ ਤੇ ਮਨਾਉਣ ਵਿੱਚ ਹੈ ਤੇ ਇਸਤਰੀ ਦੀ ਖ਼ੂਬੀ ਹੁਕਮ ਮੰਨਣ ਵਿੱਚ।
- ਜਿਹੜਾ ਮਨੁੱਖ ਗੁੱਸਾ ਪੀ ਜਾਂਦਾ ਹੈ, ਓਹੀ ਦੂਜਿਆਂ ਦੇ ਕ੍ਰੋਧ 'ਤੋਂ ਬਚ ਸਕਦਾ ਹੈ।
- ਜਿਸ ਮਨੁੱਖ ਦੀਆਂ ਇੰਦਰੀਆਂ ਵਸ 'ਚ ਨਹੀਂ, ਉਹ ਢੱਠੇ ਹੋਏ ਮਕਾਨ ਵਾਂਗ ਹੈ।
- ਜੀਵਨ ਪ੍ਰੀਖਿਆ ਬਾਝੋਂ ਵਿਅਰਥ ਹੈ।
- ਚਾਪਲੂਸੀ ਵਿਖਾਵੇ ਦੀ ਮਿੱਤਰਤਾ ਵਾਂਗ ਹੈ।
- ਜੋ ਮਨੁੱਖ ਆਪਣੇ ਕ੍ਰੋਧ ਨੂੰ ਆਪਣੇ 'ਤੇ ਲਾਗੂ ਕਰਦਾ ਹੈ ਉਹੀ ਦੂਜਿਆਂ ਦੇ ਕ੍ਰੋਧ ਤੋਂ ਬਚ ਸਕਦਾ ਹੈ।
- ਹਰ ਦੁੱਖ ਦੀ ਕੁੱਖ ਵਿਚ ਇਕ ਸਬਕ ਲੁਕਿਆ ਹੁੰਦਾ ਹੈ।
- ਨਿਮਰਤਾ ਦੇ ਬਿਨਾਂ ਮਨ ਉਸ ਲੱਕੜੀ ਵਾਂਗ ਹੈ, ਜਿਹੜੀ ਸਿਰਫ਼ ਬਾਲਣ ਦੇ ਕੰਮ ਆਉਂਦੀ ਹੈ।
- ਆਦਮੀ ਜਿੱਥੇ ਡਿੱਗਦਾ ਹੈ, ਉਸਨੂੰ ਉਥੋਂ ਹੀ ਉੱਠਣਾ ਪੈਂਦਾ ਹੈ।
- ਉੱਚਿਤ ਮੌਕਾ ਗੁਆ ਦੇਣ 'ਤੇ ਸੌਖ ਵੀ ਮੁਸ਼ਕਲ ਬਣ ਜਾਂਦੀ ਹੈ।
- ਇਮਾਨਦਾਰ ਵਿਅਕਤੀ ਸਭ ਤੋਂ ਚੰਗਾ ਮਿੱਤਰ ਹੁੰਦਾ ਹੈ।
- ਜੇਕਰ ਸਾਨੂੰ ਸੱਚੇ ਆਨੰਦ ਦੀ ਕਦਰ ਹੈ ਤਾਂ ਇਹ ਸਾਡੇ ਹਿਰਦੇ ਦੇ ਅੰਦਰ ਹੈ। ਮੂਰਖ ਲੋਕ ਇਸਨੂੰ ਬਾਹਰੋਂ ਤਲਾਸ਼ਦੇ ਹਨ।
- ਦਿਲ ਨਾਲ ਕਹੀ ਹੋਈ ਗੱਲ ਕਦੇ ਵੀ ਪ੍ਰਭਾਵਹੀਣ ਨਹੀਂ ਹੁੰਦੀ।

ਭਾਈ ਵੀਰ ਸਿੰਘ

ਭਾਈ ਵੀਰ ਸਿੰਘ ਨਵੀਨ ਪੰਜਾਬੀ ਕਵਿਤਾ ਦੇ ਮੋਢੀ ਸਨ ਅਤੇ ਉਹਨਾਂ ਪੰਜਾਬੀ ਵਿੱਚ ਮਹਾਂ-ਕਾਵਿ ਲਿਖਣ ਦੀ ਵੀ ਪਹਿਲ ਕੀਤੀ। ਪੰਜਾਬੀ ਬੋਲੀ ਨੂੰ ਅਮੀਰ ਬਨਾਉਣ ਲਈ ਇਹਨਾਂ ਨੇ ਮੋਢੀਆਂ ਵਾਲੀ ਭੂਮਿਕਾ ਨਿਭਾਈ ਹੈ। ਉਹਨਾਂ ਦਾ ਜਨਮ 1872 ਈ. ਨੂੰ ਅੰਮ੍ਰਿਤਸਰ ਵਿਖੇ ਕਟੜਾ ਗਰਬਾ ਸਿੰਘ ਵਿਖੇ ਡਾਕਟਰ ਚਰਨ ਸਿੰਘ ਦੇ ਘਰ ਹੋਇਆ। 1957 ਈ. ਵਿੱਚ ਆਪ ਅਕਾਲ ਚਲਾਣਾ ਕਰ ਗਏ।

- ਹੈਰਾਨੀ ਦੀ ਗੱਲ ਹੈ ਕਿ ਮਨੁੱਖ ਬੀਤ ਚੁੱਕੇ 'ਕੱਲ੍ਹ' ਅਤੇ ਆਉਣ ਵਾਲੇ 'ਭਲਕ' ਦੀ ਚਿੰਤਾ ਵਿੱਚ ਆਪਣੇ 'ਵਰਤਮਾਨ' ਸਮੇਂ ਨੂੰ ਨਰਕ ਬਣਾ ਲੈਂਦਾ ਹੈ ਜਦਕਿ 'ਕੱਲ੍ਹ' ਅਤੇ 'ਭਲਕ' ਮਨੁੱਖ ਦੇ ਕੋਲ ਵੀ ਨਹੀਂ ਹਨ।
- ਹਰ ਭੁੱਲ ਦੁੱਖ ਲਿਆਉਂਦੀ ਹੈ। ਹਰ ਦੁੱਖ ਮਨ ਨੂੰ ਮਤਿ ਦੇਂਦਾ ਹੈ। ਮਨੁੱਖ ਨੇ ਜੋ ਕੁਝ ਸਿੱਖਿਆ ਹੈ ਦੁੱਖ ਦੀ ਭੱਠੀ ਵਿੱਚ ਹੀ ਤਪ ਕੇ ਸਿੱਖਿਆ ਹੈ।
- ਗ਼ੁਲਾਮੀ ਦੀ ਸੱਟ ਸਭ ਸੱਟਾਂ ਨਾਲੋਂ ਤਗੜੀ ਹੈ। ਗ਼ੁਲਾਮੀ ਦੇ ਸੁੱਕੇ ਹਰੇ ਹੁੰਦੇ ਨਹੀਂ ਦਿਸਦੇ। ਗ਼ੁਲਾਮੀ ਦੀ ਸਭ ਤੋਂ ਘਿਨਾਉਣੀ ਅਵਸਥਾ ਉਹ ਹੈ ਜਦ ਗ਼ੁਲਾਮ ਨੂੰ ਆਪਣੀ ਗ਼ੁਲਾਮੀ ਵਿੱਚ ਸੁਖ ਪ੍ਰਤੀਤ ਹੋਣ ਲੱਗ ਪਏ। ਇਸ ਸਥਿਤੀ ਵਿੱਚ ਗ਼ੁਲਾਮ ਵਿਚੋਂ ਗ਼ੁਲਾਮੀ ਵਿਰੁੱਧ ਲੜਨ ਦਾ ਅਹਿਸਾਸ ਹੀ ਮਰ ਜਾਂਦਾ ਹੈ ਅਤੇ ਗ਼ੁਲਾਮੀ ਦੀਆਂ ਜ਼ੰਜੀਰਾਂ ਪਿਆਰੀਆਂ ਲੱਗਣ ਲੱਗ ਪੈਂਦੀਆਂ ਹਨ।
- ਗ਼ੁਲਾਮ ਕੌਮਾਂ ਦੇ ਸਰੀਰ ਦੇ ਨਾਲ਼-ਨਾਲ਼ ਉਹਨਾਂ ਦੇ ਮਨ ਵੀ ਗ਼ੁਲਾਮ ਸੋਚਣੀ ਦਾ ਸ਼ਿਕਾਰ ਹੋ ਜਾਂਦੇ ਹਨ। ਇਸੇ ਕਰਕੇ ਗ਼ੁਲਾਮ ਕੌਮਾਂ ਆਪਣੀ ਗ਼ੁਲਾਮੀ ਅਤੇ ਗ਼ੁਲਾਮੀ ਦੇ ਦੁਖੜਿਆਂ ਨੂੰ ਆਪਣੇ ਕਰਮਾਂ ਦਾ ਫ਼ਲ ਮਿੱਠਾ ਸਮਝ ਕੇ ਮੰਨਣ ਲੱਗ ਪੈਂਦੀਆਂ ਹਨ।
- ਖੁੱਲ੍ਹ ਸੁਤੰਤਰਤਾ ਦਾ ਆਧਾਰ ਹੈ। ਖੁੱਸੀ ਹੋਈ ਸੁਤੰਤਰਤਾ ਨਾਲੋਂ ਮੌਤ ਚੰਗੀ ਹੈ।
- ਸਮੇਂ 'ਤੇ ਕੋਈ ਕਾਬੂ ਨਹੀਂ ਪਾ ਸਕਦਾ। ਸਮਾਂ ਉਡਦਾ ਜਾਂਦਾ ਹੈ। ਕੋਈ ਇਸ ਨੂੰ ਫੜ ਕੇ ਰੋਕ ਨਹੀਂ ਸਕਦਾ।

ਐਮਰਸਨ

ਜਨਮ- 25.5.1803 ਮੌਤ- 27.4.1882

ਅਮਰੀਕਨ ਕਵੀ, ਨਿਬੰਧਕਾਰ ਲੇਖਕ ਤੇ ਫ਼ਿਲਾਸਫਰ। ਉਹਨਾਂ ਦੀਆਂ ਪ੍ਰਕਾਸ਼ਤ ਕਵਿਤਾਵਾਂ ਨੇ ਬਹੁਤ ਪ੍ਰਸਿੱਧੀ ਪ੍ਰਾਪਤ ਕੀਤੀ। ਇਹ ਇਕ ਮਹਾਨ ਤੇ ਸ਼ਕਤੀਸ਼ਾਲੀ ਪ੍ਰਚਾਰਕ ਅਤੇ ਆਗੂ ਹੋਏ ਸਨ।

➢ ਮੈਨੂੰ ਉਸ ਵਿਅਕਤੀ ਦੀ ਜ਼ਰੂਰਤ ਹੈ ਜੋ ਮੈਥੋਂ ਉਹ ਕੰਮ ਕਰਵਾ ਸਕੇ ਜਿਸਨੂੰ ਮੈਂ ਕਰਨਾ ਚਾਹੁੰਦਾ ਹਾਂ।

➢ ਜੋ ਵੀ ਮਨੁੱਖ ਮੈਨੂੰ ਮਿਲਦਾ ਹੈ ਉਹ ਕਿਸੇ ਨਾ ਕਿਸੇ ਗੀਤ ਵਿੱਚ ਮੈਥੋਂ ਸ਼੍ਰੇਸ਼ਠ ਹੁੰਦਾ ਹੈ। ਇਸ ਲਈ ਮੈਂ ਉਸ ਤੋਂ ਕੁਝ ਨਾ ਕੁਝ ਜ਼ਰੂਰ ਸਿੱਖ ਲੈਂਦਾ ਹਾਂ।

➢ ਸ਼ਿਸ਼ਟਾਚਾਰ ਛੋਟੇ-ਛੋਟੇ ਤਿਆਗ ਨਾਲ ਬਣਦਾ ਹੈ।

➢ ਮੈਨੂੰ ਸਿਖਾਉ ਕਿ ਮੈਂ ਨਾ ਤਾਂ ਕਿਸੇ ਦੀ ਸਸਤੀ ਪ੍ਰਸ਼ੰਸਾ ਕਰਾਂ ਅਤੇ ਨਾ ਕਿਸੇ ਤੋਂ ਆਪਣੀ ਸਸਤੀ ਪ੍ਰਸ਼ੰਸਾ ਕਰਵਾਵਾਂ।

➢ ਖ਼ੁਸ਼ੀ ਨੂੰ ਅਸੀਂ ਜਿੰਨਾ ਲੁਟਾਵਾਂਗੇ ਉਨੀ ਹੀ ਉਹ ਵਧਦੀ ਹੈ।

➢ ਇਕ ਮਨੁੱਖ ਉਹੀ ਕੁਝ ਹੁੰਦਾ ਹੈ, ਜੋ ਉਸਦੀ ਮਾਤਾ ਉਸਨੂੰ ਬਣਾ ਦਿੰਦੀ ਹੈ।

➢ ਇਕ ਮਿੰਟ ਲਈ ਗੁੱਸੇ ਵਿੱਚ ਆ ਕੇ ਅਸੀਂ ਖ਼ੁਸ਼ੀ ਦੇ ਸੱਠ ਸੈਕਿੰਡ ਗੁਆ ਲੈਂਦੇ ਹਾਂ।

➢ ਹਰ ਝੱਖੜ ਹਨੇਰੀ ਪਿੱਛੋਂ ਸੂਰਜ ਚੜ੍ਹਦਾ ਹੈ ਤੇ ਹਰ ਸਮੱਸਿਆ ਦਾ ਕੋਈ ਨਾ ਕੋਈ ਹੱਲ ਹੁੰਦਾ ਹੈ।

➢ ਸੱਚੇ ਦਿਲ ਨਾਲ ਕੰਮ ਕਰਨ ਵਾਲੇ ਲੋਕਾਂ ਨੂੰ ਆਪਣੇ ਕੰਮ ਕਰਨ ਦੇ ਸਹਾਇਕ ਸਮਾਨਾਂ ਦਾ ਪਤਾ ਹੁੰਦਾ ਹੈ।

➢ ਉਹ ਆਦਮੀ ਜਿਸ ਅੰਦਰ ਸੱਚੀ ਤੜਪ ਦੀ ਗਰਮੀ ਤੇ ਜੋਸ਼ 'ਤੇ ਵਲਵਲੇ ਨਹੀਂ ਉਹ ਕਿਸੇ ਕੰਮ ਦਾ ਆਦਮੀ ਨਹੀਂ।

➢ ਉੱਚੇ ਉਦੇਸ਼ ਵਾਲੇ ਬੰਦੇ ਨੂੰ ਆਰਾਮ ਪ੍ਰਸਤੀ ਤੇ ਲੋਕਪ੍ਰਿਯਤਾ ਤੋਂ ਬਚਣਾ ਚਾਹੀਦਾ ਹੈ।

➢ ਸੁੰਦਰਤਾ ਦੀ ਤਲਾਸ਼ ਵਿੱਚ ਭਾਵੇਂ ਅਸੀਂ ਸਾਰੀ ਦੁਨੀਆ ਦਾ ਚੱਕਰ ਲਾ ਆਈਏ, ਜੇ ਉਹ ਸਾਡੇ ਅੰਦਰ ਨਹੀਂ ਤਾਂ ਕਿਧਰੇ ਵੀ ਨਹੀਂ ਮਿਲੇਗੀ।

➢ ਜਿਸ ਘਰ ਵਿੱਚ ਪੜ੍ਹਨ ਲਈ ਵੰਨ-ਸੁਵੰਨੀਆਂ ਪੁਸਤਕਾਂ ਦਾ ਭੰਡਾਰ ਹੈ, ਉਸ ਘਰ ਵਿੱਚ ਰਹਿੰਦੇ ਬਾਲ ਕਦੇ ਗਰੀਬ ਨਹੀਂ ਹੋ ਸਕਦੇ, ਉਹ ਤਾਂ ਅਮੀਰ

ਹਨ, ਅਮੁੱਲ ਖ਼ਜ਼ਾਨੇ ਦੇ ਮਾਲਕ, ਜੋ ਖ਼ਰਚਿਆਂ, ਵਰਤਿਆਂ ਕਦੇ ਨਹੀਂ ਮੁਕਦਾ।

➢ ਹੀਰੇ, ਜਵਾਹਰਾਤ, ਅੰਗੂਠੀਆਂ ਕੋਈ ਉਪਹਾਰ ਨਹੀਂ। ਉਪਹਾਰ ਤਾਂ ਤੁਹਾਡੇ ਆਪੇ ਦਾ, ਸਵੈ ਦਾ ਟੋਟਾ ਹੋਣਾ ਚਾਹੀਦਾ ਹੈ।

➢ ਪਿਆਰ ਇਕ ਰੱਬੀ ਨੂਰ ਹੈ, ਇਸਨੂੰ ਕਿਸੇ ਹੋਛੇਪਣ ਨਾਲ ਨਹੀਂ, ਸਗੋਂ ਮਨੁੱਖੀ ਜ਼ਿੰਦਗੀ ਦੀ ਪੂਰੀ ਦੀ ਪੂਰੀ ਕੀਮਤ ਅਦਾ ਕਰਕੇ ਹੀ ਝੋਲੀ ਪਾਇਆ ਜਾ ਸਕਦਾ ਹੈ।

➢ ਨਿਗੂਣੇ ਤੋਂ ਨਿਗੂਣਾ ਅਨੁਭਵ ਵੀ ਵਿਚਾਰਾਂ ਦੇ ਪ੍ਰਗਟਾਉ ਲਈ ਬੜਾ ਮਹੱਤਵਪੂਰਨ ਹੋ ਸਕਦਾ ਹੈ।

➢ ਜ਼ਿੰਦਗੀ ਦੀ ਸਭ ਤੋਂ ਖ਼ੂਬਸੂਰਤ ਨਿਆਮਤ ਇਹ ਹੈ ਕਿ ਕੋਈ ਵੀ ਬੰਦਾ ਇਮਾਨਦਾਰੀ ਨਾਲ ਕਿਸੇ ਦੀ ਮਦਦ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਹ ਆਪਣੀ ਮਦਦ ਆਪ ਹੀ ਕਰ ਲੈਂਦਾ ਹੈ।

➢ ਜਦੋਂ ਕੋਈ ਮਨੁੱਖ ਆਪਣੇ ਕੰਮ ਵਿੱਚ ਆਪਣਾ ਮਨ ਲਗਾ ਦਿੰਦਾ ਹੈ ਅਤੇ ਪੂਰੀ ਕੋਸ਼ਿਸ਼ ਕਰਦਾ ਹੈ ਤਾਂ ਉਸਨੂੰ ਸ਼ਾਂਤੀ ਅਤੇ ਖ਼ੁਸ਼ੀ ਦਾ ਅਨੁਭਵ ਹੁੰਦਾ ਹੈ।

➢ ਮਹਾਨ ਵਿਅਕਤੀਆਂ ਵਿੱਚ ਮਹਾਨ ਨੁਕਸ ਵੀ ਹੁੰਦੇ ਹਨ।

➢ ਆਪਣੇ ਕੀਮਤੀ ਸਮੇਂ ਦਾ ਹਰ ਪਲ ਮਿਹਨਤ 'ਚ ਬਿਤਾਉਣ ਨਾਲ ਆਨੰਦ ਤਾਂ ਹਾਸਲ ਹੁੰਦਾ ਹੀ ਹੈ, ਪਛਤਾਵੇ ਦਾ ਅਹਿਸਾਸ ਵੀ ਨਹੀਂ ਹੁੰਦਾ।

➢ ਗਰੀਬ ਇਤਿਹਾਸ ਦਾ ਸਭ ਤੋਂ ਵੱਡਾ ਆਦਮੀ ਹੈ।

➢ ਇੱਕ ਚੰਗਾ ਚੇਤਾ ਉਹ ਹੈ, ਜਿਹੜਾ ਨਿਕੰਮੀਆਂ ਗੱਲਾਂ ਭੁਲਾਉਣ ਦੀ ਮੁਹਾਰਤ ਰੱਖਦਾ ਹੈ।

➢ ਮਿਹਨਤ ਦਾ ਅੰਤ ਆਰਾਮ ਹੈ।

➢ ਕੁਝ ਲੋਕ ਮਰਨ ਤੋਂ ਐਨਾ ਡਰਦੇ ਹਨ ਕਿ ਉਹ ਜੀਣਾ ਆਰੰਭ ਹੀ ਨਹੀਂ ਕਰਦੇ।

ਰਾਬਿੰਦਰ ਨਾਥ ਟੈਗੋਰ

ਪਹਿਲਾ ਭਾਰਤੀ ਬੰਗਾਲੀ ਸਾਹਿਤਕਾਰ ਜਿਸਨੂੰ 'ਗੀਤਾਂਜਲੀ' ਨਾਂ ਦੀ ਇਕ ਕਿਤਾਬ ਲਿਖਣ 'ਤੇ ਨੋਬਲ ਪੁਰਸ਼ਕਾਰ ਮਿਲਿਆ। ਸਾਹਿਤ ਦੇ ਖੇਤਰ ਵਿੱਚ ਇਹ ਪਹਿਲਾ ਭਾਰਤੀ ਨੋਬਲ ਪੁਰਸਕਾਰ ਸੀ। ਮਹਾਤਮਾ ਗਾਂਧੀ ਨੇ ਇਹਨਾਂ ਨੂੰ ਗੁਰਦੇਵ ਟੈਗੋਰ ਦਾ ਨਾਂ ਦਿੱਤਾ।

- ਅਧਿਆਪਕ ਉਸ ਮੋਮਬੱਤੀ ਵਾਂਗ ਹੈ ਜੋ ਖ਼ੁਦ ਬਲਦੀ ਹੈ ਪਰ ਦੂਜਿਆਂ ਨੂੰ ਰੌਸ਼ਨੀ ਦਿੰਦੀ ਹੈ।
- ਪਵਿੱਤਰਤਾ ਉਹ ਧਨ ਹੈ ਜਿਹੜਾ ਪ੍ਰੇਮ ਨਾਲ ਪ੍ਰਾਪਤ ਹੁੰਦਾ ਹੈ।
- ਜੋ ਕੰਮ ਕੁਦਰਤ ਦੇ ਹਨ ਉਹਨਾਂ ਨੂੰ ਮਨੁੱਖ ਕਦੇ ਨਹੀਂ ਕਰ ਸਕਦਾ।
- ਜਿਹਨਾਂ ਮਾਪਿਆਂ ਨੇ ਆਪਣੇ ਬੱਚਿਆਂ ਲਈ ਸਿਰਫ਼ ਆਪਣੀ ਹੀ ਕੁਚੱਜੀ ਜਿਹੀ ਨਕਲ ਪੈਦਾ ਕਰਕੇ ਦਿੱਤੀ ਹੈ, ਉਹਨਾਂ ਆਪਣੀ ਬਾਜ਼ੀ ਹਾਰ ਦਿੱਤੀ ਹੈ।
- ਹਰ ਨਵਾਂ ਜੰਮਣ ਵਾਲਾ ਬੱਚਾ ਇਹ ਸੁਨੇਹਾ ਲੈ ਕੇ ਆਉਂਦਾ ਹੈ ਕਿ ਰੱਬ ਅਜੇ ਮਨੁੱਖ ਤੋਂ ਨਿਰਾਸ਼ ਨਹੀਂ ਹੋਇਆ ਤੇ ਉਸਨੇ ਰੱਬ ਦੀ ਇਹ ਆਸ ਪੂਰੀ ਕਰਨੀ ਹੈ ਕਿ ਜਿਹੜਾ ਬੱਚਾ ਉਸਨੇ ਬਣਾਇਆ ਹੈ ਉਹ ਅਜਿਹਾ ਹੋਣਹਾਰ ਨਿਕਲੇਗਾ ਕਿ ਉਹ ਸੰਸਾਰ ਦੀ ਵਿਗੜੀ ਹੋਣੀ ਨੂੰ ਸੰਵਾਰ ਦੇਵੇਗਾ।
- ਸੁੰਦਰਤਾ ਨਰਕ ਵਿੱਚ ਵੀ ਹੈ। ਪਰ ਉਥੇ ਰਹਿਣ ਵਾਲੇ ਇਹਦੀ ਪਛਾਣ ਨਹੀਂ ਕਰ ਸਕਦੇ। ਇਹੀ ਤਾਂ ਉਹਨਾਂ ਲਈ ਸਭ ਤੋਂ ਵੱਡੀ ਸਜ਼ਾ ਹੈ।
- ਇਕ ਜਗਦਾ ਦੀਵਾ ਹੀ ਦੂਜੀ ਜੋਤ ਜਗਾ ਸਕਦਾ ਹੈ।
- ਜੇ ਕਿਸੇ ਕੌਮ ਨੂੰ ਖ਼ਤਮ ਕਰਨਾ ਹੈ ਤਾਂ ਉਸ ਤੋਂ ਉਸਦਾ ਸੱਭਿਆਚਾਰ, ਸੰਸਕ੍ਰਿਤੀ ਅਤੇ ਇਤਿਹਾਸ ਖੋਹ ਲਵੋ।
- ਘਮੰਡ ਮਨੁੱਖੀ ਸਰੀਰ 'ਤੇ ਅਚੇਤ ਹੀ ਚਰਬੀ ਦੀ ਤਹਿ ਚੜ੍ਹਨ ਵਾਂਗ ਵਧਦਾ ਜਾਂਦਾ ਹੈ ਅਤੇ ਜਿਸ 'ਤੇ ਹੀ ਛਾ ਜਾਂਦਾ ਹੈ ਉਸਨੂੰ ਇਸਦੇ ਨਿਤਾਪ੍ਰਤਿ ਫੈਲਾਓ ਦਾ ਪਤਾ ਨਹੀਂ ਲੱਗਦਾ।
- ਕੁਦਰਤ ਨੇ ਅੱਖੀਆਂ ਇਕ ਐਸੀ ਚੀਜ਼ ਬਣਾਈਆਂ ਹਨ, ਜਿਨ੍ਹਾਂ ਨੂੰ ਪ੍ਰਗਟਾਵੇ ਲਈ ਕਿਸੇ ਤਰ੍ਹਾਂ ਦੇ ਸ਼ਬਦਾਂ ਦੀ ਉੱਕਾ ਲੋੜ ਨਹੀਂ।
- ਧਰਮ ਦੂਜਿਆਂ ਨਾਲ ਲੜਨ ਲਈ ਨਹੀਂ ਹੁੰਦਾ ਸਗੋਂ ਆਪਾ ਜਿੱਤਣ ਲਈ ਹੁੰਦਾ ਹੈ।
- ਔਰਤ ਦੀ ਇੱਜ਼ਤ ਕਰੋ, ਇਹ ਸੋਚ ਕੇ ਨਹੀਂ ਕਿ ਉਹ ਇਕ ਔਰਤ ਹੈ ਬਲਕਿ

ਇਹ ਸੋਚ ਕੇ ਕਿ ਜਿਸ ਨੇ ਤੁਹਾਨੂੰ ਜਨਮ ਦਿੱਤਾ ਹੈ ਉਹ ਵੀ ਇਕ ਔਰਤ ਹੈ।

- ਇਕ ਚੰਗੀ ਜ਼ਿੰਦਗੀ ਉਹ ਹੈ ਜੋ ਪਿਆਰ ਅਤੇ ਗਿਆਨ ਤੋਂ ਕੁਝ ਸਿੱਖਦੀ ਹੈ।
- ਰੁੱਖ ਫੁੱਲਾਂ ਤੋਂ, ਮਨੁੱਖ ਦੋਸਤਾਂ ਤੋਂ ਅਤੇ ਕੰਮਾਂ ਆਚਰਣ ਤੋਂ ਪਛਾਣੀਆਂ ਜਾਂਦੀਆਂ ਹਨ।
- ਸੁਤੰਤਰ ਇਸਤਰੀ ਦੀ ਵਫ਼ਾ ਮਰਦ ਦਾ ਸਭ ਤੋਂ ਵੱਡਾ ਇਨਾਮ ਹੈ।
- ਸਿੱਖਿਆ ਤੋਂ ਭਾਵ ਮਨ ਨੂੰ ਉਸ ਧਰਮ ਸੱਚ ਦੀ ਖੋਜ ਕਰਨ ਦੇ ਯੋਗ ਬਣਾਉਣਾ ਹੈ, ਜੋ ਸਾਨੂੰ ਅਗਿਆਨਤਾ ਦੇ ਹਨੇਰੇ ਤੋਂ ਮੁਕਤੀ ਦੁਆਉਂਦਾ ਹੈ।
- ਜ਼ੁਲਮ ਕਰਨ ਵਾਲੇ ਭੁੱਲ ਜਾਂਦੇ ਹਨ। ਪਰ ਜਿਨ੍ਹਾਂ ਉੱਪਰ ਜ਼ੁਲਮ ਹੁੰਦਾ ਹੈ, ਉਹ ਕਿਵੇਂ ਭੁੱਲ ਸਕਦੇ ਹਨ।
- ਜੋ ਸੱਚ ਹੈ, ਜੋ ਸੁੰਦਰ ਹੈ, ਉਹ ਹੀ ਕਲਾ ਹੈ
- ਵਿਚਾਰ ਜਦੋਂ ਪ੍ਰਕਿਰਤੀ ਨਾਲ ਇਕਮਿਕ ਹੋ ਜਾਣ ਤਾਂ ਉਹ ਅਚਾਰ ਬਣ ਜਾਂਦੇ ਹਨ।
- ਜੇਕਰ ਭੁੱਲਾਂ ਨੂੰ ਰੋਕਣ ਲਈ ਬੂਹੇ ਬੰਦ ਕਰ ਲੈਂਦੇ ਹੋ ਤਾਂ ਸੱਚ ਵੀ ਬਾਹਰ ਰਹਿ ਜਾਏਗਾ।
- ਥੋੜ੍ਹਾ ਪੜ੍ਹਨਾ ਤੇ ਵੱਧ ਸੋਚਣਾ, ਘੱਟ ਬੋਲਣਾ ਤੇ ਵੱਧ ਸੁਣਨਾ ਇਹੋ ਹੀ ਬੁਧੀਮਾਨੀ ਹੈ।
- ਫੁੱਲ ਇਕੱਠੇ ਕਰਨ ਲਈ ਨਾ ਰੁਕੋ, ਅੱਗੇ ਵਧੋ, ਤੁਹਾਡੇ ਰਾਹ 'ਚ ਫੁੱਲ ਹੀ ਫੁੱਲ ਆਉਣਗੇ।
- ਅਸੀਂ ਮਹਾਨਤਾ ਦੇ ਨੇੜੇ ਹੁੰਦੇ ਹਾਂ, ਜਦੋਂ ਅਸੀਂ ਨਿਮਰਤਾ ਵਿੱਚ ਹੁੰਦੇ ਹਾਂ।
- ਬੱਚੇ ਭਾਵੇਂ ਮਕਾਨ ਦਾ ਹੁਲੀਆ ਨਾ ਸੁਆਰ ਸਕਣ ਪਰ 'ਘਰ' ਉਹਨਾਂ ਦੇ ਹੋਣ ਨਾਲ ਹੀ ਬਣਦਾ ਹੈ।
- ਕੁਦਰਤ ਨਾਲ ਸੰਬੰਧ ਜੋੜਨ ਤੋਂ ਬਿਨਾਂ ਕੋਈ ਸਿੱਖਿਆ ਪੂਰੀ ਨਹੀਂ ਹੁੰਦੀ।
- ਜਿਹੜੇ ਸ਼ਾਂਤੀ ਪੂਰਵਕ ਸਭ ਕੁਝ ਸਹਿ ਜਾਂਦੇ ਹਨ, ਜ਼ਰੂਰ ਉਹਨਾਂ ਨੂੰ ਗਹਿਰੀ ਸੱਟ ਵੱਜੀ ਹੁੰਦੀ ਹੈ।
- ਚਿੜੀਆਂ ਦੇ ਖੰਭਾਂ ਨੂੰ ਸੋਨੇ ਨਾਲ ਮੜ੍ਹ ਦੇਵੋ ਬਸ ਫੇਰ ਉਹ ਕਦੇ ਅੰਬਰ ਦੇ ਹਾਣ ਦੀਆਂ ਨਹੀਂ ਹੋ ਸਕਦੀਆਂ।

ਸ਼ੈਕਸਪੀਅਰ

ਜਨਮ : 24-4-1564 ਮੌਤ : 23-4-1616

ਵਿਸ਼ਵ ਪ੍ਰਸਿੱਧ ਅੰਗਰੇਜ਼ੀ ਨਾਟਕਕਾਰ, ਕਵੀ ਅਤੇ ਅਦਾਕਾਰ। ਸ਼ੈਕਸਪੀਅਰ ਦਾ ਲਿਖਣ ਕਾਲ 1590-1613 ਈ. ਤੱਕ ਰਿਹਾ ਹੈ। ਹਰ ਪ੍ਰਕਾਰ ਦੇ ਮਨੁੱਖ ਦੀ ਮੂਰਤ ਇਹਨਾਂ ਨੇ ਘੜੀ ਹੈ। ਇਹਨਾਂ ਦੇ ਨਾਟਕਾਂ ਦੀ ਆਲੋਚਨਾ ਉੱਪਰ ਗ੍ਰੰਥਾਂ ਦੇ ਗ੍ਰੰਥ ਲਿਖੇ ਗਏ ਹਨ।

- ਪਿਆਰ ਦਾ ਭੋਜਨ ਸੰਗੀਤ ਹੈ। ਜਦੋਂ ਤੱਕ ਜੀਵਨ ਵਿੱਚ ਸੰਗੀਤ ਹੈ ਇਹ ਜੀਵਨ ਚੱਲਦਾ ਰਹੇਗਾ।
- ਪਿਆਰ ਮਰਦ ਦੇ ਜੀਵਨ ਦਾ ਕੇਵਲ ਇਕ ਅੰਗ ਹੈ, ਪਰੰਤੂ ਇਸਤਰੀ ਤਾਂ ਆਦਿ ਤੋਂ ਅੰਤ ਤੱਕ ਸਾਰੀ ਪਿਆਰ ਦੀ ਪੁਤਲੀ ਹੁੰਦੀ ਹੈ।
- ਉਹ ਪਿਆਰ ਪਿਆਰ ਨਹੀਂ ਹੁੰਦਾ ਜਿਹੜਾ ਕਿਸੇ ਤਬਦੀਲੀ ਕਾਰਨ ਬਦਲ ਜਾਵੇ।
- ਸੱਚਾ ਪਿਆਰ ਸਮੇਂ ਦਾ ਗੁਲਾਮ ਨਹੀਂ ਹੁੰਦਾ।
- ਪ੍ਰੇਮ ਜੀਵਨ ਦਾ ਸੰਗੀਤ ਹੈ ਅਤੇ ਇਸਨੂੰ ਲਗਾਤਾਰ ਵੱਜਦਾ ਰਹਿਣ ਦਿਓ।
- ਸਭ ਤੋਂ ਵੱਧ ਪ੍ਰਾਪਤੀ ਉਸਨੂੰ ਹੁੰਦੀ ਹੈ, ਜਿਸਨੂੰ ਸੰਤੋਖ ਹੈ।
- ਕਾਇਰ ਆਪਣੀ ਮੌਤ ਤੋਂ ਪਹਿਲਾਂ ਕਈ ਵਾਰ ਮਰਦਾ ਹੈ ਪਰ ਯੋਧਾ ਸਿਰਫ਼ ਇਕ ਵਾਰ।
- ਜੇ ਅਸੀਂ ਫੁੱਲਾਂ ਵਾਂਗ ਟਹਿਕਣਾ ਲੋਚਦੇ ਹਾਂ ਤਾਂ ਸਾਨੂੰ ਕੰਡਿਆਂ ਨਾਲ ਵੀ ਹੱਸ ਕੇ ਸਮਾਂ ਗੁਜ਼ਾਰ ਲੈਣਾ ਚਾਹੀਦਾ ਹੈ।
- ਸਬਰ ਕਾਮਯਾਬੀ ਦਾ ਸਭ ਤੋਂ ਵੱਡਾ ਭੇਦ ਹੈ।
- ਝੂਠ ਦੀਆਂ ਜੜ੍ਹਾਂ ਨਹੀਂ ਹੁੰਦੀਆਂ, ਪਰ ਸੱਚ ਬਣਿਆ ਹੀ ਜੜ੍ਹਾਂ ਦਾ ਹੁੰਦਾ ਹੈ।
- ਮੁਸੀਬਤ ਇੱਕ ਉਹ ਤੱਕੜੀ ਹੈ ਜਿਸ ਵਿੱਚ ਦੋਸਤ ਤੋਲੇ ਜਾਂਦੇ ਹਨ।
- ਅਨੁਭਵ ਦੱਸਦਾ ਹੈ ਕਿ ਸੰਕਟ ਵਿੱਚ ਦ੍ਰਿੜ੍ਹ ਨਿਸ਼ਚਾ ਹੀ ਪੂਰੀ ਸਹਾਇਤਾ ਕਰਦਾ ਹੈ।
- ਗੁੱਸਾ ਅਕਲ ਨੂੰ ਖਾ ਜਾਂਦਾ ਹੈ, ਹੰਕਾਰ ਮਨ ਨੂੰ ਅਤੇ ਚਿੰਤਾ ਉਮਰ ਨੂੰ ਖਾ ਜਾਂਦੀ ਹੈ।
- ਨਾਂ ਵਿੱਚ ਕੀ ਪਿਆ ਹੈ, ਜਿਸਨੂੰ ਅਸੀਂ ਗੁਲਾਬ ਕਹਿੰਦੇ ਹਾਂ, ਕਿਸੇ ਦੂਜੇ ਨਾਂ ਨਾਲ ਵੀ ਉਹ ਉਤਨੀ ਹੀ ਸੁਗੰਧੀ ਦਿੰਦਾ ਰਹੇਗਾ।

- ਹਰ ਇੱਕ ਚਮਕਦਾਰ ਵਸਤੂ ਸੋਨਾ ਨਹੀਂ ਹੁੰਦੀ।
- ਹਰੇਕ ਦੀ ਗੱਲ ਸੁਣੋ, ਪਰ ਆਪਣਾ ਫੈਸਲਾ ਗੁਪਤ ਰੱਖੋ।
- ਇਮਾਨਦਾਰ ਹੋਣਾ, ਦਸ ਹਜ਼ਾਰ ਵਿਚੋਂ ਇੱਕ ਹੋਣਾ ਹੈ।
- ਜੇ ਤੁਹਾਡੇ ਵਿੱਚ ਕਿਸੇ ਗੁਣ ਦੀ ਥੁੜ ਹੈ ਤਾਂ ਉਸ ਗੁਣ ਨੂੰ ਅਪਣਾ ਲਵੋ।
- ਕੋਈ ਵਸਤੂ ਚੰਗੀ ਜਾਂ ਬੁਰੀ ਨਹੀਂ, ਸਾਡੇ ਵਿਚਾਰ ਹੀ ਉਸਨੂੰ ਉਹੋ ਜਿਹੀ ਬਣਾ ਦਿੰਦੇ ਹਨ।
- ਸਾਡੇ ਸ਼ੰਸੇ ਹੀ ਸਾਨੂੰ ਸਭ ਤੋਂ ਜ਼ਿਆਦਾ ਧੋਖਾ ਦਿੰਦੇ ਹਨ। ਇਹਨਾਂ ਦੇ ਕਾਰਨ ਸਾਡੇ ਹੱਥਾਂ ਵਿਚੋਂ ਉਹ ਪਦਾਰਥ ਨਿਕਲ ਜਾਂਦੇ ਹਨ, ਜਿਨ੍ਹਾਂ ਨੂੰ ਅਸੀਂ ਪ੍ਰਾਪਤ ਕਰ ਸਕਦੇ ਸੀ।
- ਮਨੁੱਖਾਂ ਦੁਆਰਾ ਕੀਤੀ ਗਈ ਬੁਰਾਈ ਉਹਨਾਂ ਤੋਂ ਬਾਅਦ ਵੀ ਕਾਇਮ ਰਹਿੰਦੀ ਹੈ।
- ਹਰ ਇੱਕ ਉਪਦੇਸ਼ ਸੁਣੋ, ਪਰ ਆਪਣਾ ਉਪਦੇਸ਼ ਕੁਝ ਹੀ ਲੋਕਾਂ ਨੂੰ ਦੇਵੋ।
- ਜਿਸਨੇ ਇਕ ਵਾਰੀ ਵਿਸ਼ਵਾਸਘਾਤ ਕੀਤਾ ਹੋਵੇ, ਉਸਦਾ ਕਦੀ ਭਰੋਸਾ ਨਾ ਕਰੋ।
- ਸਮੁੱਚਾ ਸੰਸਾਰ ਇਕ ਮੰਚ ਹੈ ਅਤੇ ਸਾਰੇ ਮਰਦ ਅਤੇ ਔਰਤਾਂ ਇਸ ਮੰਚ ਉੱਤੇ ਕੰਮ ਕਰਨ ਵਾਲੇ ਕਲਾਕਾਰ।
- ਦੋਸ਼ ਮਨ 'ਤੇ ਇੰਜ ਅਸਰ ਕਰਦਾ ਹੈ ਜਿਸ ਤਰ੍ਹਾਂ ਲੋਹੇ ਉੱਤੇ ਜੰਗਾਲ। ਜਿਵੇਂ ਜੰਗਾਲ ਲੋਹੇ ਨੂੰ ਖਾਂਦਾ ਹੈ ਤਿਵੇਂ ਦੋਸ਼ ਮਨ ਨੂੰ।
- ਜਿੱਥੇ ਡਰ, ਫ਼ਿਕਰ ਤੇ ਚਿੰਤਾ ਹੈ, ਉਤੇ ਨੀਂਦ ਅਤੇ ਸੁੱਖ-ਆਰਾਮ ਦਾ ਵਾਸਾ ਨਹੀਂ।
- ਸੰਤੋਖੀ ਮਨ ਗਰੀਬੀ ਵਿੱਚ ਵੀ ਸੁਖੀ ਹੈ। ਪਰ ਬਹੁਤਾ ਧਨ ਵੀ ਉਦੋਂ ਦੁੱਖ ਦਾ ਕਾਰਨ ਬਣ ਜਾਂਦਾ ਹੈ, ਜੇ ਇਹ ਚਿੰਤਾ ਬਣੀ ਰਹੇ ਕਿ ਖ਼ਬਰੇ ਕਦੋਂ ਇਹ ਧਨ ਖੁਸ ਜਾਵੇ।
- ਆਦਮੀ ਜਿੱਥੇ ਡਿੱਗਦਾ ਹੈ, ਉਸਨੂੰ ਉੱਥੋਂ ਹੀ ਉੱਠਣਾ ਪੈਂਦਾ ਹੈ।

ਕਨਫ਼ਿਊਸ਼ਸ

ਅੱਜ ਤੋਂ ਸਦੀਆਂ ਪਹਿਲਾਂ ਚੀਨ ਦੇ ਵਿੱਚ ਲੂ ਨਾਂ ਦੇ ਰਾਜ ਵਿੱਚ ਕਨਫ਼ਿਊਸ਼ਸ ਦਾ ਜਨਮ ਹੋਇਆ। ਅਧਿਆਪਕ ਦੇ ਤੌਰ 'ਤੇ ਕਨਫ਼ਿਊਸ਼ਸ ਦੀ ਕੀਰਤੀ ਦੂਰ-ਦੂਰ ਤੱਕ ਫੈਲ ਗਈ ਅਤੇ ਉਹਨਾਂ ਦੀ ਵਿਸ਼ਾਲ ਵਿਦਵਤਾ ਦੇ ਚਰਚੇ ਹੋਣ ਲੱਗੇ। 30 ਸਾਲ ਦੀ ਉਮਰ ਤੱਕ ਉਹਨਾਂ ਨੂੰ ਚੀਨੀ ਸਭਿਅਤਾ ਦੇ ਆਰੰਭ ਤੇ ਵਿਕਾਸ ਬਾਰੇ ਮੁਕੰਮਲ ਪਤਾ ਲੱਗ ਚੁੱਕਾ ਸੀ। ਉਹ ਉੱਚਕੋਟੀ ਦੇ ਸੰਗੀਤਕਾਰ ਵੀ ਸਨ। ਉਹਨਾਂ ਦੇ ਉੱਚੇ ਵਿਚਾਰਾਂ ਨੇ ਇਕ ਨਵੀਨ ਧਰਮ ਦਾ ਨਿਰਮਾਣ ਕੀਤਾ।

- ਜੋ ਵਕਤ ਨਾਲ ਬਦਲਦੇ ਨਹੀਂ, ਉਹ ਜਾਂ ਤਾਂ ਸਭ ਤੋਂ ਸਿਆਣੇ ਮਨੁੱਖ ਹੁੰਦੇ ਹਨ ਜਾਂ ਸਭ ਤੋਂ ਵੱਧ ਬੇਵਕੂਫ਼।
- ਜਦੋਂ ਆਪਣੇ ਦਰਵਾਜ਼ੇ ਦੀਆਂ ਪੌੜੀਆਂ ਮੈਲੀਆਂ ਹੋਣ ਤਾਂ ਆਪਣੇ ਪੜੋਸੀ ਦੀ ਛੱਤ 'ਤੇ ਪਈ ਗੰਦਗੀ ਦੀ ਸ਼ਿਕਾਇਤ ਨਾ ਕਰੋ।
- ਨੇਕ ਪੁਰਸ਼ਾਂ ਦੀ ਬੋਲੀ ਕੋਮਲ ਤੇ ਧੀਮੀ ਹੁੰਦੀ ਹੈ, ਉਹ ਕਠੋਰਤਾ ਦੇ ਔਗੁਣਾਂ ਤੋਂ ਚੰਗੇ ਜਾਣੂ ਹੁੰਦੇ ਹਨ।
- ਮਨੁੱਖ ਜਦੋਂ ਪੈਦਾ ਹੁੰਦੇ ਹਨ, ਉਹਨਾਂ ਦੀ ਸਥਿਤੀ ਲਗਪਗ ਇਕੋ ਜਿਹੀ ਹੁੰਦੀ ਹੈ, ਪਰ ਬਾਅਦ ਵਿੱਚ ਆਦਤਾਂ ਦੇ ਪੱਖ ਤੋਂ ਉਹਨਾਂ ਦੀ ਸਥਿਤੀ ਅਲੱਗ-ਅਲੱਗ ਹੋ ਜਾਂਦੀ ਹੈ।
- ਮੈਂ ਕਿਸੇ ਅਜਿਹੇ ਵਿਅਕਤੀ ਨੂੰ ਜਾਣਦਾ ਨਹੀਂ ਜਿਸਨੇ ਵਿਸ਼ਵਾਸ ਨਾ ਹੋਣ ਦੇ ਬਾਵਜੂਦ ਤਰੱਕੀ ਕੀਤੀ ਹੋਵੇ।
- ਜੇ ਮਾਡਲ ਗੰਦੇ ਹਨ ਤਾਂ ਉਹਨਾਂ ਦੀ ਨਕਲ ਕਰਨ ਵਾਲੇ ਲੋਕ ਵੀ ਗੰਦੇ ਹੋਣਗੇ।
- ਕਿਸੇ ਵਸਤੂ ਨੂੰ ਜਾਣ ਲੈਣਾ ਤੇ ਫਿਰ ਪਹਿਚਾਨਣਾ ਕਿ ਤੁਸੀਂ ਉਸਨੂੰ ਜਾਣਦੇ ਹੋ ਜਾਂ ਫਿਰ ਕਿਸੇ ਵਸਤੂ ਨੂੰ ਜਾਣਨਾ ਅਤੇ ਨਾਲ ਹੀ ਇਹ ਦ੍ਰਿੜ ਹੋ ਜਾਣਾ ਕਿ ਤੁਸੀਂ ਉਸਨੂੰ ਨਹੀਂ ਜਾਣਦੇ ਇਹ ਗਿਆਨਵਾਨ ਵਿਅਕਤੀ ਦੇ ਲੱਛਣ ਹਨ।
- ਸਰਕਾਰ ਇਕ ਮਨੁੱਖੀ ਸੰਸਥਾ ਹੈ। ਜਦੋਂ ਇਸਨੂੰ ਚਲਾਉਣ ਵਾਲੇ ਸਦਗੁਣੀ ਵਿਅਕਤੀ ਹੁੰਦੇ ਹਨ, ਇਹ ਚੰਗੀ ਬਣ ਜਾਂਦੀ ਹੈ। ਚੰਗੇ ਵਿਅਕਤੀਆਂ ਤੋਂ ਬਗ਼ੈਰ ਚੰਗੀ ਹਕੂਮਤ ਹੋਂਦ ਵਿੱਚ ਨਹੀਂ ਆ ਸਕਦੀ।

- ਰਾਜ ਇਕ ਵਿਸ਼ਾਲ ਯੂਨੀਵਰਸਿਟੀ ਹੈ, ਸਾਰੇ ਲੋਕ ਵਿਦਿਆਰਥੀ ਹਨ ਅਤੇ ਪ੍ਰਬੰਧਕ ਸਿੱਖਿਆ ਦਾਤਾ ਹਨ।
- ਜਨ-ਸਾਧਾਰਨ ਦੇ ਆਗੂ ਬਣੋ ਅਤੇ ਉਹਨਾਂ ਦੇ ਹਿੱਤਾਂ ਲਈ ਰਾਤ ਦਿਨ ਮਿਹਨਤ ਕਰੋ। ਇੰਜ ਕਰਨ ਤੋਂ ਨਾ ਥੱਕੋ ਤੇ ਨਾ ਅੱਕੋ।
- ਉੱਤਮ ਮਨੁੱਖ ਸਦਗੁਣਾਂ ਨੂੰ ਅਪਨਾਉਣ ਦਾ ਚਾਹਵਾਨ ਹੁੰਦਾ ਹੈ। ਘਟੀਆ ਮਨੁੱਖ ਭੌਤਿਕ ਸੱਚਾਈ ਦਾ ਭਾਲ ਕਰਦਾ ਹੈ, ਘਟੀਆ ਮਨੁੱਖ ਦੇ ਸਨਮੁੱਖ ਕੇਵਲ ਮੁਨਾਫ਼ਾ ਰਹਿੰਦਾ ਹੈ।
- ਮਾਮੂਲੀ ਲਾਭਾਂ ਵੱਲ ਨਾ ਜਾਓ, ਨਾ ਹੀ ਛੇਤੀ ਸਿੱਟਿਆਂ ਵੱਲ ਝਾਕੋ। ਜੇ ਤੁਸੀਂ ਮਾਮੂਲੀ ਲਾਭਾਂ ਦਾ ਧਿਆਨ ਕਰੋਗੇ ਤਾਂ ਮਹੱਤਵਪੂਰਨ ਕੰਮ ਨਹੀਂ ਕਰ ਸਕੋਗੇ ਤੇ ਜੇ ਤੁਸੀਂ ਤੁਰੰਤ ਸਿੱਟਿਆਂ ਦਾ ਖ਼ਿਆਲ ਕਰੋਗੇ ਤਾਂ ਤੁਸੀਂ ਬਹੁਤਾ ਪ੍ਰਭਾਵ ਨਹੀਂ ਪਾ ਸਕੋਗੇ।
- ਸਹਿਜ ਉਹ ਅਵਸਥਾ ਹੈ ਜਿਸ ਵਿੱਚ ਮਨੁੱਖ ਦੀਆਂ ਪ੍ਰਵਿਰਤੀਆਂ ਵਿੱਚ ਸੰਤੁਲਨ ਆਉਂਦਾ ਹੈ। ਮਨੁੱਖ ਵਿੱਚ ਹਰਖ਼, ਕਰੋਧ ਆਦਿ ਦੀਆਂ ਕਈ ਪ੍ਰਕਾਰ ਦੀਆਂ ਤਰੰਗਾਂ ਉਠਦੀਆਂ ਹਨ, ਜਿੱਥੇ ਇਹਨਾਂ ਸਭਨਾਂ ਵਿੱਚ ਸੰਤੁਲਨ ਹੋਵੇ ਤਾਂ ਉਹ ਅਵਸਥਾ ਨੂੰ ਸਹਿਜ ਦੀ ਅਵਸਥਾ ਕਿਹਾ ਜਾਂਦਾ ਹੈ।
- ਉੱਤਮ ਵਿਅਕਤੀਆਂ ਦੇ ਵਿਅਕਤੀਤਵ ਦਾ ਇਕ ਮਹਾਨ ਲੱਛਣ ਉਹਨਾਂ ਦੀ ਬੋਲ-ਸ਼ਕਤੀ ਹੁੰਦੀ ਹੈ, ਪਰੰਤੂ ਬੋਲ-ਸ਼ਕਤੀ ਦਾ ਹੋਣਾ ਲਾਜ਼ਮੀ ਤੌਰ 'ਤੇ ਇਸ ਗੱਲ ਦਾ ਲਖਾਇਕ ਨਹੀਂ ਕਿ ਇਸ ਦਾ ਧਾਰਨੀ ਮਹਾਨ ਵਿਅਕਤੀ ਹੈ।

ਸੁਲੇਮਾਨ

ਇਸਰਾਈਲ ਦਾ ਬਾਦਸ਼ਾਹ ਜੋ ਆਪਣੀ ਸਿਆਣਪ ਤੇ ਵਿਦਵਤਾ ਲਈ ਪ੍ਰਸਿੱਧ ਸੀ। ਅੰਜੀਲ ਅਨੁਸਾਰ ਡੇਵਿਡ ਤੇ ਬਾਥਸ਼ੇਬਾ ਦਾ ਪੁੱਤਰ। ਇਹ ਵੀ ਮੰਨਿਆ ਜਾਂਦਾ ਹੈ ਕਿ ਇਸਨੇ ਬਹੁਤ ਸਾਰੀਆਂ ਅਖਾਉਤਾਂ ਰਚੀਆਂ ਸਨ।

- ਖ਼ੂਬਸੂਰਤੀ ਪੈਦਾ ਕਰਨ ਵਾਲੇ ਮਾਣਨ ਵਾਲਿਆਂ ਨਾਲੋਂ ਕਿਤੇ ਮਹਾਨ ਹੁੰਦੇ ਹਨ।
- ਮਹਾਨ ਕਲਾ ਮਹਾਨ ਸੰਗੀਤ ਸਮਾਨ ਹੈ, ਇਹ ਆਪਣੀ ਪੂਰਨਤਾ ਵਿੱਚ ਆਪ ਪਾਗ਼ਲ ਹੈ।
- ਕਿਸੇ ਦੇਸ਼ ਦੇ ਲੋਕਾਂ ਦਾ ਆਚਰਣ ਉਹਨਾਂ ਦੇ ਦਿਲ ਪਰਚਾਵੇ ਦੇ ਸਾਧਨਾਂ ਵਿਚੋਂ ਪੜ੍ਹਿਆ ਜਾ ਸਕਦਾ ਹੈ, ਕਿਉਂਕਿ ਆਨੰਦ ਮਾਣ ਰਹੇ ਮਨੁੱਖ ਦਾ ਮਨ ਹਰ ਬੰਧਨ ਤੋਂ ਮੁਕਤ ਹੁੰਦਾ ਹੈ ਅਤੇ ਉਹ ਆਪਣੇ ਕੁਦਰਤੀ ਵੇਗ ਵਿੱਚ ਵਗਦਾ ਹੈ।
- ਜੇ ਅਸੀਂ ਆਪ ਕਿਸੇ ਨੂੰ ਮੁਆਫ਼ ਨਹੀਂ ਕਰ ਸਕਦੇ ਫਿਰ ਸਾਨੂੰ ਇਹ ਆਸ ਕਰਨ ਦਾ ਕੀ ਹੱਕ ਹੈ ਕਿ ਰੱਬ ਸਾਨੂੰ ਮੁਆਫ ਕਰ ਦੇਵੇਗਾ।
- ਜੋ ਤੁਹਾਡੇ ਆਪਣੇ ਕੋਲ ਹੈ, ਉਸ ਉੱਤੇ ਸੰਤੋਖ ਸਭ ਤੋਂ ਵੱਡਾ ਧਨ ਹੈ।
- ਵਫ਼ਾਦਾਰੀ ਦਾ ਇਕ ਔਂਸ ਵੀ ਚਤੁਰਾਈ ਦੇ ਇਕ ਪੌਂਡ ਨਾਲੋਂ ਕਿਤੇ ਵੱਧ ਕੀਮਤੀ ਹੈ।
- ਜੇ ਕਿਸੇ ਦੇ ਆਚਰਣ ਦੀ ਪਰਖ ਕਰਨੀ ਹੋਵੇ ਤਾਂ ਇਹ ਜਾਨਣ ਦਾ ਯਤਨ ਕਰੋ ਕਿ ਉਹ ਕਿਨ੍ਹਾਂ ਗੱਲਾਂ 'ਤੇ ਹੱਸਦਾ ਹੈ।
- ਸੰਸਾਰ ਵਿੱਚ ਜੋ ਕੁਝ ਵੀ ਸੁੰਦਰ ਹੈ, ਉਸਨੂੰ ਸਾਂਭਣ ਦਾ ਕੰਮ, ਕਲਾ ਕਰਦੀ ਹੈ।
- ਮੂੰਹ 'ਤੇ ਆਪਣੀ ਪ੍ਰਸੰਸਾ ਸੁਣ ਕੇ ਖ਼ੁਸ਼ ਹੋਣ ਵਾਲਾ ਵਿਅਕਤੀ ਸਭ ਤੋਂ ਵੱਧ ਮੂਰਖ ਹੁੰਦਾ ਹੈ।
- ਮਾਂ ਦੁਨੀਆ ਦਾ ਸਭ ਤੋਂ ਅਨਮੋਲ ਖ਼ਜ਼ਾਨਾ ਹੈ।
- ਚਿੰਤਾ ਨਾਲ ਰੂਪ, ਬਲ ਅਤੇ ਗਿਆਨ ਦਾ ਨਾਸ਼ ਹੁੰਦਾ ਹੈ।
- ਮੈਨੂੰ ਦੱਸੋ ਤੁਸੀਂ ਕੀ ਖਾਂਦੇ ਹੋ, ਮੈਂ ਤੁਹਾਨੂੰ ਦੱਸਾਂਗਾ, ਤੁਸੀਂ ਕੀ ਹੋ ਅਤੇ ਕੀ ਸੋਚਦੇ ਹੋ।
- ਜ਼ਿੰਦਗੀ ਵਿੱਚ ਕਈ ਵਾਰੀ ਨਿੱਕੀ ਜਿਹੀ ਗ਼ਲਤੀ ਜਾਂ ਭੁੱਲ ਮਨੁੱਖ ਦੇ ਰਸਤੇ ਦਾ ਪਹਾੜ ਬਣ ਜਾਂਦੀ ਹੈ।
- ਸੱਚ ਦੀ ਸਹਾਇਤਾ ਨਾ ਕਰ ਸਕੋ ਤਾਂ ਸਹਾਇਤਾ ਦਾ ਹੌਸਲਾ ਤਾਂ ਦੇ ਹੀ ਸਕਦੇ ਹੋ।
- ਆਪਣੀ ਸ਼ਕਤੀ ਨੂੰ ਪਛਾਣ ਲੈਣਾ ਤੇ ਫਿਰ ਉਸਦਾ ਸਹੀ ਪ੍ਰਯੋਗ ਹੀ ਸਫਲਤਾ ਦੀ ਕੁੰਜੀ ਹੈ।
- ਆਨੰਦ ਤੇ ਉਤਸ਼ਾਹ ਨਾਲ ਭਰਿਆ ਜੀਵਨ ਹੀ ਮਾਨਸਿਕ ਉਨਤੀ ਦਾ ਲੱਛਣ ਹੈ।

ਪ੍ਰੋ. ਪੂਰਨ ਸਿੰਘ

ਜਨਮ- 17 ਫਰਵਰੀ 1881   ਮੌਤ- 31 ਮਾਰਚ 1931

ਇਕ ਪ੍ਰਤਿਭਾਸ਼ਾਲੀ ਚਿੰਤਕ, ਕਵੀ ਤੇ ਗੱਦਕਾਰ ਜਿਸਨੂੰ ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਖ਼ਾਸ ਥਾਂ ਪ੍ਰਾਪਤ ਹੈ। ਪੂਰਨ ਸਿੰਘ ਦਾ ਜੀਵਨ ਤੇ ਰਚਨਾ ਪੰਜਾਬ ਦੇ ਸਾਹਿਤਕ ਆਕਾਰ 'ਤੇ ਚਮਕਦਾ ਧਰੂ ਤਾਰਾ ਹੈ।

- ਜਦ ਤੱਕ ਜੀਵਨ ਦੇ ਦਰਦ ਤੱਕ ਕੋਈ ਬੰਦਾ ਨਾ ਅਪੜੇ, ਉਹ ਕੋਈ ਆਦਰਸ਼ ਕਾਇਮ ਨਹੀਂ ਕਰ ਸਕਦਾ, ਨਾ ਆਪਣੇ ਅਮਲ ਸਿੱਧ ਕਰ ਸਕਦਾ ਹੈ, ਨਾ ਪਿਆਰ ਤੇ ਰਸ ਨੂੰ ਮਾਣ ਸਕਦਾ ਹੈ।
- ਕੌਮ ਦੀ ਕੌਮ ਤਦ ਹੀ ਲਾਸ਼ ਬਣ ਜਾਂਦੀ ਹੈ ਜਦ ਆਦਰਸ਼ ਦੀ ਤੀਬਰਤਾ, ਜ਼ਿੰਦਗੀ ਦੇ ਦੁੱਖ ਦਰਦ ਦੀਆਂ ਡੂੰਘਾਈਆਂ ਦੀ ਸਾਦਗੀ ਨੂੰ ਲੋਕ ਛੱਡ ਦੇਣ।
- ਦੇਸ਼ ਦੇ ਪਿਆਰ ਨੂੰ ਜਗਾਣ ਲਈ ਜ਼ਰੂਰੀ ਹੈ ਕਿ ਘਰ ਦੇ ਜੀਵਨ ਦੀ ਨੀਂਹ ਜ਼ਿੰਦਗੀ ਦੀਆਂ ਡੂੰਘੀਆਂ ਤਹਿਆਂ ਉੱਪਰ ਰੱਖੀ ਜਾਵੇ।
- ਫਿੱਕਾ ਬੋਲਣਾ ਉਹ ਨੁਕਤਾਚੀਨੀ ਹੈ, ਜਿਹੜੀ ਵੱਡੀਆਂ ਚੀਜ਼ਾਂ ਨੂੰ ਨਿੱਕਾ ਕਰਕੇ ਦੱਸਦੀ ਹੈ। ਆਦਮੀ ਫਿੱਕੇ ਬੋਲ ਤੇ ਫਿੱਕੇ ਵਿਚਾਰਾਂ ਤੇ ਫਿੱਕੀ ਨੁਕਤਾਚੀਨੀ ਨਾਲ ਆਪ ਮਰ ਜਾਂਦਾ ਹੈ।
- ਮਿੱਤਰਤਾ ਇਕ ਸੱਚਾ ਧਰਮ ਹੈ। ਇਹ ਸਰੀਰ ਅਤੇ ਮਨ ਉੱਤੇ ਕੋਈ ਰੂਹਾਨੀ ਅਨੁਭਵ ਹੈ। ਇਹ ਕੁਦਰਤ ਦਾ ਆਪਣਾ ਕਰਿਸ਼ਮਾ ਹੈ।
- ਦੁਨੀਆ ਦੀ ਸਭ ਤੋਂ ਸੁਹਣੀ ਚੀਜ਼ ਮਨੁੱਖ ਦਾ ਫੁੱਲ ਵਰਗਾ ਬੱਚਾ ਹੈ।
- ਪਿਆਰ ਆਤਮ ਸਮਰਪਣ ਤਿਆਗ ਤੇ ਵੈਰਾਗ ਵਿੱਚ ਪਲਦਾ ਹੈ। ਪਿਆਰ ਰੂਹ ਦਾ ਇਕ ਪ੍ਰਭਾਵ ਹੈ, ਆਪਣੇ ਅੰਦਰ ਦਾ ਨਿਖਰਿਆ ਹੋਇਆ ਅਨੁਭਵ ਹੈ। ਇਸਦਾ ਸਥਾਨ ਸਾਡੇ ਅੰਦਰ ਹੈ, ਬਾਹਰ ਨਹੀਂ।
- ਕਵੀ ਦੀ ਆਵਾਜ਼ ਸਦੀਆਂ ਦੇ ਕੰਨ ਖੜ੍ਹੇ ਕਰ ਦਿੰਦੀ ਹੈ। ਇਹ ਮਨੁੱਖ ਦਾ ਦੈਵੀ-ਕਰਨ ਕਰਦੀ ਹੈ।
- ਕਵਿਤਾ ਆਪਣੀ ਬੋਲੀ ਵਿੱਚ ਹੀ ਰਚੀ ਜਾ ਸਕਦੀ ਹੈ। ਵਾਕ-ਰਚਨਾ ਤਾਂ ਹਰ ਬੋਲੀ ਵਿੱਚ ਹੋ ਸਕਦੀ ਹੈ ਪਰ ਕਵਿਤਾ ਪਰਾਈ ਬੋਲੀ ਵਿੱਚ ਨਹੀਂ ਹੋ ਸਕਦੀ।
- ਕਲਾ ਸੁੰਦਰਤਾ ਦਾ ਪ੍ਰਗਟਾਵਾ ਹੈ। ਕਲਾ ਸੁੰਦਰਤਾ ਦੀ ਚੋਣ ਕਰ ਸਕਣ ਦੀ ਯੋਗਤਾ ਹੈ।

➢ ਅਸਲੀ ਅਰਥਾਂ ਵਿੱਚ ਮਹਾਨ ਵਿਅਕਤੀ ਦਇਆ, ਹਮਦਰਦੀ ਤੇ ਪਿਆਰ ਨਾਲ ਭਰਪੂਰ ਹੁੰਦੇ ਹਨ।

➢ ਆਦਰਸ਼ ਜੀਵਨ ਵਿੱਚ ਰਚ ਜਾਂਦੇ ਹਨ। ਜੀਵਨ ਵਿਕਾਸ ਕਰਦਾ ਹੈ। ਕਲਾ ਦੇ ਜਗਤ ਵਿੱਚ ਕੋਈ ਲੋਕ-ਤੰਤਰ ਨਹੀਂ ਹੋ ਸਕਦਾ।

➢ ਖ਼ਿਆਲ ਸੋਚੇ ਨਹੀਂ ਜਾਂਦੇ, ਆਪ ਮੁਹਾਰੇ ਚਿੱਟੇ ਬਾਜ਼ਾਂ ਵਾਂਗ ਉਡਾਰੀ ਮਾਰ ਨੀਲੇ ਗਗਨ ਵਿੱਚ ਆਪਣੇ ਸੁਹਣੇ ਢੰਗਾਂ ਦੀ ਫਰਫਰਾਹਟ ਵਿੱਚ ਰੂਪਮਾਨ ਹੁੰਦੇ ਹਨ।

➢ ਪਿਆਰ ਦੀ ਪਾਤਸ਼ਾਹੀ ਰੂਹ ਦੀ ਪਾਤਸ਼ਾਹੀ ਹੈ। ਬਿਨਾਂ ਪਿਆਰ ਦੇ ਗਿਆਨ ਵੀ ਇਕ ਹਨੇਰਾ ਹੀ ਹੈ।

➢ ਘਰ ਦਾ ਜੀਵਨ ਤੇ ਵਤਨ ਦਾ ਪਿਆਰ ਇਸਤਰੀ ਜਾਤੀ ਦੇ ਬੇਹੱਦ ਸਤਿਕਾਰ ਤੇ ਪਿਆਰ ਬਿਨਾਂ ਜਿਊਂਦਾ ਨਹੀਂ ਹੋ ਸਕਦਾ।

➢ ਹਰ ਕਲਾ ਪ੍ਰਕਿਰਿਆ ਚੁੱਪ ਸਾਧਨਾ ਵਿੱਚ ਉਤਪੰਨ ਹੁੰਦੀ ਹੈ ਅਤੇ ਇਹ ਹੋਂਦ ਦੇ ਤੀਬਰ ਅਹਿਸਾਸ ਨੂੰ ਜਗਾਉਂਦੀ ਹੈ।

➢ ਜਿਉਂ-ਜਿਉਂ ਮਨੁੱਖ ਪ੍ਰਕ੍ਰਿਤਕ ਜੀਵਨ ਦੀ ਸਾਦਗੀ ਤੋਂ ਦੂਰ ਹੁੰਦਾ ਜਾ ਰਿਹਾ ਹੈ, ਤਿਉਂ-ਤਿਉਂ ਉਸਦੇ ਜੀਵਨ ਦੀਆਂ ਗੁੰਝਲਾਂ ਵਧਦੀਆਂ ਜਾ ਰਹੀਆਂ ਹਨ ਤੇ ਉਹ ਜੀਵਨ ਦੇ ਵਾਸਤਵਿਕ ਸਵਾਦ ਤੋਂ ਵੰਚਿਤ ਹੋ ਰਿਹਾ ਹੈ।

ਡਾ. ਭੀਮ ਰਾਉ ਅੰਬੇਡਕਰ

ਡਾ. ਭੀਮ ਰਾਉ ਅੰਬੇਡਕਰ ਭਾਰਤੀ ਸੰਵਿਧਾਨ ਦੇ ਨਿਰਮਾਤਾ ਹਨ। 14 ਅਪ੍ਰੈਲ 1893 ਈ. ਮੱਧ ਪ੍ਰਦੇਸ਼ ਵਿਖੇ ਇਕ ਬੇਹੱਦ ਗ਼ਰੀਬ ਪਰਿਵਾਰ ਵਿੱਚ ਉਹਨਾਂ ਦਾ ਜਨਮ ਹੋਇਆ। ਜਰਮਨੀ ਅਤੇ ਇੰਗਲੈਂਡ ਵਰਗੇ ਦੇਸ਼ਾਂ ਵਿੱਚ ਉਹਨਾਂ ਨੇ ਵਕਾਲਤ ਕੀਤੀ। ਉਹ ਮੁੰਬਈ ਵਿਧਾਨ ਪਰਿਸ਼ਦ ਦੇ ਮੈਂਬਰ ਅਤੇ ਕੇਂਦਰੀ ਕਾਨੂੰਨ ਮੰਤਰੀ ਵੀ ਰਹੇ। 6 ਦਸੰਬਰ 1956 ਈ. ਨੂੰ ਉਹਨਾਂ ਦਾ ਦੇਹਾਂਤ ਹੋਇਆ।

- ਇਹ ਗੱਲ ਸੱਚ ਹੈ ਕਿ ਉਚ ਵਰਗ ਹਿੰਦੂਆਂ ਨਾਲ ਸਾਡੇ ਮੱਤਭੇਦ ਹਨ, ਪਰ ਇਹਨਾਂ ਗੱਲਾਂ ਦੀ ਪ੍ਰਵਾਹ ਕੀਤੇ ਬਗ਼ੈਰ ਮੈਂ ਭਾਰਤ ਦੀ ਆਜ਼ਾਦੀ ਲਈ ਆਪਣਾ ਸਭ ਕੁਝ ਕੁਰਬਾਨ ਕਰ ਦੇਵਾਂਗਾ।
- ਮੈਨੂੰ ਆਲਸੀ ਲੋਕਾਂ ਨਾਲ ਸਭ ਤੋਂ ਵੱਧ ਚਿੜ੍ਹ ਹੈ।
- ਰਾਜਨੀਤਿਕ ਸ਼ਕਤੀ ਤੋਂ ਬਗ਼ੈਰ ਤਰੱਕੀ ਅਸੰਭਵ ਹੈ। ਰਾਜਨੀਤਿਕ ਸ਼ਕਤੀ ਨਾਲ ਅਸੀਂ ਲੋਕਾਂ ਦਾ ਕਲਿਆਣ ਕਰ ਸਕਦੇ ਹਾਂ।
- ਜਦੋਂ ਤੱਕ ਲੋਕਾਂ ਦੇ ਦਿਲਾਂ ਵਿੱਚ ਰਾਸ਼ਟਰੀ ਪਿਆਰ ਦੀ ਭਾਵਨਾ ਪੈਦਾ ਨਹੀਂ ਹੋਵੇਗੀ ਉਸ ਸਮੇਂ ਤੱਕ ਰਾਸ਼ਟਰਵਾਦ ਕਾਇਮ ਨਹੀਂ ਹੋ ਸਕਦਾ।
- ਜਿਹੜਾ ਧਰਮ ਇਕ ਦੇ ਹੱਥ ਵਿੱਚ ਸ਼ਾਸਤਰ ਅਤੇ ਦੂਜੇ ਦੇ ਹੱਥ ਖਾਲੀ ਰੱਖਦਾ ਹੈ, ਉਹ ਧਰਮ ਸਾਨੂੰ ਗੁਲਾਮੀ ਲਈ ਸੱਦਾ ਦਿੰਦਾ ਹੈ।
- ਮਨੁੱਖ ਧਰਮ ਦੇ ਲਈ ਨਹੀਂ, ਬਲਕਿ ਧਰਮ ਮਨੁੱਖ ਦੇ ਲਈ ਹੈ।
- ਗ਼ਰੀਬੀ ਇਕ ਸਮਾਜਿਕ ਬੁਰਾਈ ਹੈ। ਜੇਕਰ ਰਾਜ ਕਰਨ ਵਾਲੇ ਲੋਕ ਦਿਲ ਅਤੇ ਦਿਮਾਗ ਨਾਲ ਸਮਾਜ ਦੀ ਸਫ਼ਲਤਾ ਦੇ ਲਈ ਕੰਮ ਨਹੀਂ ਕਰਨਗੇ ਤਾਂ ਚੰਗੇ ਸਮਾਜਵਾਦ ਦੀ ਸਥਾਪਨਾ ਨਹੀਂ ਹੋ ਸਕਦੀ।
- ਕਿਸੇ ਨੂੰ ਸ਼ਕਤੀ ਦੇਣਾ ਆਸਾਨ ਹੈ, ਪਰ ਕਿਸੇ ਨੂੰ ਅਕਲ ਦੇਣਾ ਆਸਾਨ ਨਹੀਂ ਹੈ।
- ਸਮਾਜ ਦੀ ਸ਼ਕਤੀ ਰਾਜਨੀਤਿਕ ਸੰਗਠਨ ਦੇ ਲਈ ਉਸ ਸਮੇਂ ਦਵਾਈ ਦਾ ਕੰਮ ਕਰਦੀ ਹੈ ਜਦੋਂ ਇਹ ਸੰਗਠਨ ਬੀਮਾਰ ਹੋ ਜਾਂਦਾ ਹੈ।
- ਜਦੋਂ ਕਿਸੇ ਸਮਾਜ ਵਿੱਚ ਕਿਸੇ ਮਨੁੱਖ ਦੀ ਇੱਛਾ ਪੂਰਤੀ ਦੇ ਲਈ ਸਾਧਨ ਨਾ ਹੋਣ ਤਾਂ ਉਸ ਮਨੁੱਖ ਦੇ ਜੀਵਨ ਵਿੱਚ ਦੁਖ ਦੂਰ ਨਹੀਂ ਹੋ ਸਕਦੇ।
- ਸਾਨੂੰ ਕਰਮ ਫ਼ਿਲਾਸਫੀ ਨੂੰ ਤਿਆਗ ਦੇਣਾ ਚਾਹੀਦਾ ਹੈ। ਇਹ ਗ਼ਲਤ ਹੈ ਕਿ ਮਾਪੇ ਸਿਰਫ਼ ਬੱਚੇ ਨੂੰ ਜਨਮ ਹੀ ਦਿੰਦੇ ਹਨ, ਭਵਿੱਖ ਨਹੀਂ। ਮਾਪੇ ਆਪਣੇ ਬੱਚਿਆਂ ਦਾ ਭਵਿੱਖ ਉਜਲ ਬਣਾ ਸਕਦੇ ਹਨ। ਜੇਕਰ ਅਸੀਂ ਇਸ ਅਸੂਲ 'ਤੇ

ਚੱਲਣ ਲੱਗ ਪਈਏ ਤਾਂ ਬਹੁਤ ਜਲਦੀ ਚੰਗੇ ਦਿਨ ਵੇਖ ਸਕਦੇ ਹਾਂ।

➢ ਜਦ ਤੱਕ ਔਰਤਾਂ ਕ੍ਰਾਂਤੀ ਵਿੱਚ ਹਿੱਸੇਦਾਰ ਨਹੀਂ ਬਣਨਗੀਆਂ, ਕ੍ਰਾਂਤੀ ਸਮਾਜਕ ਹੋਵੇ ਜਾਂ ਆਰਥਿਕ, ਅਧੂਰੀ ਹੀ ਰਹੇਗੀ।

➢ ਗ਼ੁਲਾਮ ਨੂੰ ਇਹ ਦਰਸਾ ਦਿਓ ਕਿ ਉਹ ਗ਼ੁਲਾਮ ਹੈ, ਫਿਰ ਉਹ ਬਗ਼ਾਵਤ ਕਰ ਦੇਵੇਗਾ।

➢ ਮੈਂ ਇਸਤਰੀਆਂ ਦੀ ਉਨਤੀ ਅਤੇ ਸ਼ਕਤੀ ਲਈ ਲੜਨ ਵਾਲਾ ਯੋਧਾ ਰਿਹਾ ਹਾਂ ਅਤੇ ਮੈਂ ਔਰਤ ਦੇ ਰੁਤਬੇ ਨੂੰ ਵਧਾਉਣ ਲਈ ਲਗਾਤਾਰ ਸੰਘਰਸ਼ ਕੀਤਾ ਹੈ।

➢ ਸਭ ਤੋਂ ਵਧੇਰੇ ਖ਼ੁਸ਼ਬੂ ਇਕ ਚੰਗੇ ਮਨੁੱਖ ਦੀ ਹੁੰਦੀ ਹੈ ਜੋ ਸੈਂਕੜੇ ਹਜ਼ਾਰਾਂ ਮੀਲਾਂ ਤੱਕ ਪੁੱਜ ਜਾਂਦੀ ਹੈ ਤੇ ਸੈਂਕੜੇ, ਹਜ਼ਾਰਾਂ ਸਾਲਾਂ ਤੱਕ ਕਾਇਮ ਰਹਿੰਦੀ ਹੈ।

➢ ਸਾਫ਼ ਸੁਥਰਾ ਰਹਿਣਾ ਸਿੱਖੋ, ਬਦੀਆਂ ਤੋਂ ਦੂਰ ਰਹੋ। ਬੱਚਿਆਂ ਨੂੰ ਪੜ੍ਹਾਓ ਲਿਖਾਓ, ਉਹਨਾਂ ਵਿੱਚ ਚੰਗੇ ਨਾਗਰਿਕ ਬਣਨ ਦੀ ਇੱਛਾ ਪੈਦਾ ਕਰੋ, ਉਹਨਾਂ ਦੇ ਮਨਾਂ ਵਿੱਚ ਇਹ ਜਜ਼ਬਾ ਪੈਦਾ ਕਰੋ ਕਿ ਉਹ ਮਹਾਨ ਬਣਨ ਵਾਸਤੇ ਇਸ ਸੰਸਾਰ ਵਿੱਚ ਆਏ ਹਨ। ਇਹ ਸਭ ਤੋਂ ਵੱਡੀ ਸਮਾਜ ਸੇਵਾ ਹੋਵੇਗੀ।

ਨੈਪੋਲੀਅਨ

ਨੈਪੋਲੀਅਨ ਬੋਨਾਪਾਰਟ ਫਰਾਂਸ ਦੀ ਧਰਤੀ 'ਤੇ ਪੈਦਾ ਹੋਇਆ ਵਿਸ਼ਵ ਪ੍ਰਸਿੱਧ ਯੁੱਧ ਨੇਤਾ ਸੀ। ਉਹਨਾਂ ਦਾ ਜਨਮ 15 ਅਗਸਤ 1769 ਈ. ਨੂੰ ਫਰਾਂਸ ਵਿਖੇ ਇਕ ਗ਼ਰੀਬ ਪਰਿਵਾਰ ਵਿੱਚ ਹੋਇਆ। ਮਧਰੇ ਕੱਦ ਦੇ ਇਸ ਫਰਾਂਸੀਸੀ ਸੈਨਿਕ ਨੇ ਦੁਨੀਆ ਵਿੱਚ ਬਹਾਦਰੀ ਦੀ ਇਕ ਨਵੀਂ ਮਿਸਾਲ ਕਾਇਮ ਕੀਤੀ। ਉਸਨੇ ਦੁਨੀਆ ਨੂੰ ਅਸੰਭਵ ਤੋਂ ਸੰਭਵ ਸ਼ਬਦ ਦਾ ਸੰਕਲਪ ਦਿੱਤਾ। 5 ਮਈ 1821 ਈ. ਨੂੰ ਉਸਦੀ ਮੌਤ ਹੋਈ।

- ਅਸੰਭਵ ਸ਼ਬਦ ਮੇਰੇ ਸ਼ਬਦਕੋਸ਼ ਵਿੱਚ ਨਹੀਂ ਹੈ।
- ਜਦ ਕਿਸਮਤ ਮਦਦ ਕਰੇ ਤਾਂ ਉਹ ਹੋਰਨਾਂ ਤਿਆਰੀਆਂ ਨਾਲੋਂ ਚੰਗਾ ਕੰਮ ਕਰਦੀ ਹੈ।
- ਸਿਆਸਤ ਵਿੱਚ ਦਿਲ ਨਹੀਂ ਹੁੰਦਾ ਕੇਵਲ ਦਿਮਾਗ ਹੁੰਦਾ ਹੈ।
- ਜਿਸਨੂੰ ਹਾਰਨ ਦਾ ਡਰ ਹੁੰਦਾ ਹੈ, ਉਸ ਦੀ ਹਾਰ ਯਕੀਨੀ ਹੁੰਦੀ ਹੈ।
- ਮਨੁੱਖ ਜਵਾਨੀ ਵਿੱਚ ਗ਼ਲਤੀਆਂ ਕਰਦਾ ਹੈ, ਅਧਖੜ ਉਮਰ ਵਿੱਚ ਸੰਘਰਸ਼ ਕਰਦਾ ਹੈ ਅਤੇ ਬੁਢਾਪੇ ਵਿੱਚ ਪਸ਼ਚਾਤਾਪ ਕਰਦਾ ਹੈ।
- ਜੇਕਰ ਤੁਸੀਂ ਅਮਨ ਚਾਹੁੰਦੇ ਹੋ ਤਾਂ ਜੰਗ ਲਈ ਤਿਆਰ ਹੋ ਜਾਓ।
- ਮੌਤ ਮਨੁੱਖ ਨੂੰ ਸ਼ਹੀਦ ਨਹੀਂ ਬਣਾਉਂਦੀ ਸਗੋਂ ਆਦਰਸ਼ ਮਨੁੱਖ ਨੂੰ ਸ਼ਹੀਦ ਬਣਾਉਂਦਾ ਹੈ।
- ਵੱਡੇ ਕੰਮ ਤਾਕਤ ਨਾਲ ਨਹੀਂ ਸਗੋਂ ਲਗਨ ਨਾਲ ਹੁੰਦੇ ਹਨ।
- ਜੀਵਨ ਕਿਤਨਾ ਵੀ ਛੋਟਾ ਹੋਵੇ, ਸਮੇਂ ਦੀ ਬਰਬਾਦੀ ਨਾਲ ਇਹ ਹੋਰ ਵੀ ਛੋਟਾ ਹੋ ਜਾਂਦਾ ਹੈ।
- ਸੰਕਟ ਤੇ ਮੁਸ਼ਕਲਾਂ ਜ਼ਿੰਦਗੀ ਦੀਆਂ ਉਸਤਾਦ ਹਨ ਇਹਨਾਂ ਬਿਨਾਂ ਤੁਸੀਂ ਕੁਝ ਵੀ ਠੀਕ ਠਾਕ ਨਹੀਂ ਸਿੱਖ ਸਕਦੇ।
- ਜਿਹੜੇ ਲੋਕ ਬੀਤੇ ਦੀਆਂ ਪ੍ਰਾਪਤੀਆਂ ਦਾ ਹੀ ਨਾਂ ਜਪਦੇ ਰਹਿੰਦੇ ਹਨ, ਉਹਨਾਂ ਦਾ ਭਵਿੱਖ ਕਦੇ ਰੰਗਲਾ ਨਹੀਂ ਹੁੰਦਾ।
- ਸੰਸਾਰ ਵਿੱਚ ਸਿਰਫ ਦੋ ਹੀ ਸ਼ਕਤੀਆਂ ਹਨ, ਤਲਵਾਰ ਅਤੇ ਕਲਮ। ਅੰਤ ਵਿੱਚ ਤਲਵਾਰ ਵੀ ਕਲਮ ਤੋਂ ਹਾਰ ਜਾਂਦੀ ਹੈ।
- ਸੁਤੰਤਰਤਾ ਤੋਂ ਬਿਨਾਂ ਖ਼ੁਸ਼ੀਆਂ ਸੁਪਨੇ ਵਾਂਗ ਹਨ। ਜੇਕਰ ਮੈਂ ਆਪਣੇ ਤਰੀਕੇ ਦਾ ਜੀਵਨ ਨਹੀਂ ਜੀਅ ਸਕਦਾ ਤਾਂ ਮੇਰੇ ਲਈ ਸੁਖ ਦੇ ਵਿਚਾਰਾਂ ਦਾ ਕੋਈ ਆਰਾਮ ਨਹੀਂ।

- ਜੀਵਨ ਇੱਕ ਸੁਪਨੇ ਦੀ ਤਰ੍ਹਾਂ ਹੈ, ਜੋ ਛੇਤੀ ਹੀ ਖ਼ਤਮ ਹੋ ਜਾਂਦਾ ਹੈ।
- ਜਿਸ ਵਿਅਕਤੀ ਕੋਲ ਸਾਧਨ ਨਾ ਹੋਣ, ਉਸਨੂੰ ਆਪਣੇ ਭਵਿੱਖ ਦੀ ਚਿੰਤਾ ਹੁੰਦੀ ਹੈ। ਭਵਿੱਖ ਦੀ ਚਿੰਤਾ ਕਾਰਨ ਹੀ ਵਿਅਕਤੀ ਪਿੱਛੇ ਰਹਿ ਜਾਂਦਾ ਹੈ। ਆਪਣੇ ਭਵਿੱਖ ਤੋਂ ਭੈਭੀਤ ਨਾ ਹੋਣ ਵਾਲੇ ਵਿਅਕਤੀ ਦਾ ਲੋਕ ਦੂਰਅੰਦੇਸ਼ੀ ਸਮਝ ਕੇ ਸਤਿਕਾਰ ਕਰਦੇ ਹਨ।
- ਇਸ ਸੰਸਾਰ ਵਿੱਚ ਨੈਪੋਲੀਅਨ ਸਿਰਫ਼ ਇਕ ਕੰਮ ਹੀ ਕਿਸੇ ਦੀ ਸਹਾਇਤਾ ਤੋਂ ਬਿਨਾਂ ਨਹੀਂ ਕਰ ਸਕਦਾ ਅਤੇ ਇਹ ਕੰਮ ਹੈ ਆਪਣਾ ਵਾਰਸ ਪੈਦਾ ਕਰਨਾ। ਅਜਿਹਾ ਕੰਮ ਕੋਈ ਚੰਗੀ ਇਸਤਰੀ ਹੀ ਕਰ ਸਕਦੀ ਹੈ। ਤੁਸੀਂ ਮੈਨੂੰ ਚੰਗੀਆਂ ਮਾਵਾਂ ਦਿਓ, ਮੈਂ ਤੁਹਾਨੂੰ ਚੰਗਾ ਦੇਸ਼ ਦੇਵਾਂਗਾ।
- ਜ਼ਿੰਦਗੀ ਵਿੱਚ ਸਫ਼ਲ ਹੋਣਾ ਚਾਹੁੰਦੇ ਹੋ ਤਾਂ ਆਪਣੀਆਂ ਭਾਵਨਾਵਾਂ 'ਤੇ ਕਾਬੂ ਰੱਖੋ।
- ਜਲਦੀ ਨਾਲ ਪਰ ਸਹੀ ਫ਼ੈਸਲਾ ਲੈਣਾ ਸਫ਼ਲ ਵਿਅਕਤੀ ਦਾ ਮੁੱਢਲਾ ਲੱਛਣ ਹੈ।
- ਇਕ ਮਰੇ ਹੋਏ ਸਮਰਾਟ ਦੇ ਸਥਾਨ 'ਤੇ ਢੋਲ ਵਜਾਉਣ ਵਾਲਾ ਜਿਉਂਦਾ ਵਿਅਕਤੀ ਕਿਤੇ ਚੰਗਾ ਹੈ।
- ਯੁੱਧ ਵਿੱਚ ਸ਼ਹੀਦ ਨਾ ਹੋ ਕੇ ਹਾਰਨ ਵਾਲਾ ਵਿਅਕਤੀ ਨੇਤਾ ਬਣ ਕੇ ਚੀਕ-ਚੀਕ ਕੇ ਦੇਸ਼ ਭਗਤੀ ਦੀ ਗੱਲ ਕਰੇ ਤਾਂ ਲੋਕ ਉਸਤੇ ਵਿਸ਼ਵਾਸ ਨਹੀਂ ਕਰ ਸਕਦੇ।
- ਰਾਜਨੀਤੀ ਵਿੱਚ ਭਾਵੁਕਤਾ ਦਾ ਕੋਈ ਸਥਾਨ ਨਹੀਂ ਹੈ। ਮੇਰੀ ਸੇਵਾ ਕਰਨ ਵਾਲੇ ਨੂੰ ਮੈਂ ਆਪਣਾ ਕੇਵਲ ਸੰਬੰਧੀ ਹੀ ਮੰਨਾਂਗਾ।
- ਸਭ ਤੋਂ ਵੱਡਾ ਧੋਖਾ ਆਪਣੇ ਆਪ ਨੂੰ ਧੋਖਾ ਦੇਣਾ ਹੈ।
- ਉਪਦੇਸ਼ ਦੀ ਬਜਾਇ ਅਸੀਂ ਨਕਲ ਕਰਦੇ ਕਿਤੇ ਵੱਧ ਸਿੱਖਦੇ ਹਾਂ।
- ਸਿਪਾਹੀ ਦੀ ਬਹਾਦਰੀ ਦਾ ਪ੍ਰਮਾਣ ਉਸਦੀ ਤਲਵਾਰ ਹੈ, ਉਸਦੀ ਜੁਬਾਨ ਨਹੀਂ।
- ਇਤਿਹਾਸ ਰਾਜਨੀਤੀ ਦੀ ਪਾਠਸ਼ਾਲਾ ਹੈ।
- ਜਦੋਂ ਤੱਕ ਤੁਸੀਂ ਆਪਣੀ ਸ਼ਕਤੀਆਂ ਵਿਚ ਭਰੋਸਾ ਨਹੀਂ ਰੱਖਦੇ, ਤੁਸੀਂ ਨਾ ਸਫ਼ਲ ਹੋ ਸਕਦੇ ਹੋ ਤੇ ਨਾ ਖੁਸ਼।

ਅਰਸਤੂ

ਜਨਮ-384 ਈ.ਪੂ. ਮੌਤ- 322 ਈ.ਪੂ.

ਪ੍ਰਸਿੱਧ ਯੂਨਾਨੀ ਫ਼ਿਲਾਸਫਰ ਤੇ ਵਿਗਿਆਨੀ ਅਰਸਤੂ ਪਲੈਟੋ ਨੂੰ ਆਪਣਾ ਗੁਰੂ ਮੰਨਦਾ ਸੀ। ਅਰਸਤੂ ਨੇ ਵਿਸ਼ਵ ਵਿਗਿਆਨ, ਭੌਤਿਕ ਵਿਗਿਆਨ, ਸਦਾਚਾਰ, ਰਾਜਨੀਤੀ ਆਦਿ ਵਿਸ਼ਿਆਂ ਉੱਪਰ ਪੁਸਤਕਾਂ ਲਿਖੀਆਂ।

- ਕਿਸੇ ਵਿਅਕਤੀ ਦਾ ਸੁਭਾਅ ਹੀ ਉਸਨੂੰ ਦੂਜਿਆਂ ਦੇ ਵਿਸ਼ਵਾਸ ਦਾ ਪਾਤਰ ਬਣਾਉਂਦਾ ਹੈ ਨਾ ਕਿ ਉਸਦੀ ਜਾਇਦਾਦ।
- ਗੁੱਸੇ ਹੋਣ ਦਾ ਅਧਿਕਾਰ ਕੇਵਲ ਉਸ ਵਿਅਕਤੀ ਨੂੰ ਹੈ ਜਿਸਨੂੰ ਠੀਕ ਸਮੇਂ ਉੱਤੇ, ਠੀਕ ਵਿਅਕਤੀ ਨਾਲ, ਠੀਕ ਉਦੇਸ਼ ਲਈ, ਸਹੀ ਮਾਤਰਾ ਵਿੱਚ ਅਤੇ ਢੁਕਵੇਂ ਢੰਗ ਨਾਲ ਗੁੱਸੇ ਹੋਣ ਦੇ ਸਲੀਕੇ ਦਾ ਗਿਆਨ ਹੈ।
- ਗੁੱਸਾ ਹਮੇਸ਼ਾਂ ਬੇਵਕੂਫੀ ਤੋਂ ਸ਼ੁਰੂ ਹੁੰਦਾ ਹੈ ਅਤੇ ਪਛਤਾਵੇ 'ਤੇ ਖ਼ਤਮ ਹੁੰਦਾ ਹੈ।
- ਉਹੀ ਲੋਕ ਜ਼ਿਆਦਾ ਗੱਲਾਂ ਕਰਦੇ ਹਨ, ਜਿਨ੍ਹਾਂ ਕੋਲ ਕਹਿਣ ਲਈ ਕੁਝ ਨਹੀਂ ਹੁੰਦਾ।
- ਸੱਚੇ ਮਿੱਤਰ ਉਹ ਹੁੰਦੇ ਹਨ ਜਿਹਨਾਂ ਦੇ ਸਰੀਰ ਦੋ ਅਤੇ ਆਤਮਾ ਇਕ ਹੁੰਦੀ ਹੈ।
- ਕਿਸੇ ਪਛਾਣ-ਪੱਤਰ ਵਾਂਗ ਸੁੰਦਰਤਾ ਇਕ ਵੱਡੀ ਸਿਫ਼ਾਰਸ਼ ਹੈ।
- ਸੁੰਦਰਤਾ ਈਸ਼ਵਰ ਦੀ ਦਿੱਤੀ ਸੁਗਾਤ ਹੈ।
- ਇਸਤਰੀ ਦੀ ਉਨਤੀ ਉੱਪਰ ਹੀ ਰਾਸ਼ਟਰ ਦੀ ਉਨਤੀ ਨਿਰਭਰ ਕਰਦੀ ਹੈ।
- ਸਮਾਂ ਕੀਮਤੀ ਹੈ, ਪਰ ਸੱਚ ਉਸ ਤੋਂ ਵੱਧ ਕੀਮਤੀ ਹੈ।
- ਬੱਚਿਆਂ ਨੂੰ ਸਿੱਖਿਆ ਦੇਣ ਵਾਲੇ ਅਧਿਆਪਕ ਮਾਪਿਆਂ ਨਾਲੋਂ ਵੱਧ ਸਨਮਾਨ ਦੇ ਹੱਕਦਾਰ ਹਨ। ਮਾਪੇ ਕੇਵਲ ਜਨਮ ਅਤੇ ਜੀਵਨ ਦਿੰਦੇ ਹਨ ਜਦਕਿ ਅਧਿਆਪਕ ਇਕ ਚੰਗੇ ਜੀਵਨ ਨੂੰ ਯਕੀਨੀ ਬਣਾਉਂਦੇ ਹਨ।
- ਆਲਸ ਦੀ ਰਫ਼ਤਾਰ ਏਨੀ ਹੌਲੀ ਹੁੰਦੀ ਹੈ ਕਿ ਜਲਦੀ ਹੀ ਗਰੀਬੀ ਉਸ ਨਾਲ ਆ ਮਿਲਦੀ ਹੈ।
- ਦੋਸਤ ਦਾ ਮਿਲਣ ਸਮੇਂ ਆਦਰ, ਪਿੱਠ ਪਿੱਛੇ ਪ੍ਰਸ਼ੰਸਾ ਤੇ ਲੋੜ ਸਮੇਂ ਸਹਾਇਤਾ ਕਰੋ।
- ਵਿੱਦਿਆ ਇਕ ਅਜਿਹਾ ਪੌਦਾ ਹੈ, ਜਿਸ ਦੀਆਂ ਜੜ੍ਹਾਂ ਕੌੜੀਆਂ ਤੇ ਫਲ ਮਿੱਠਾ ਹੁੰਦਾ ਹੈ।

➢ ਸਿੱਖਿਅਤ ਵਿਅਕਤੀ ਅਸਿੱਖਿਅਤ ਵਿਅਕਤੀਆਂ ਤੋਂ ਇਸ ਤਰ੍ਹਾਂ ਸ਼੍ਰੇਸ਼ਠ ਹਨ ਜਿਸ ਤਰ੍ਹਾਂ ਜਿਊਂਦੇ ਵਿਅਕਤੀ ਮਰੇ ਹੋਇਆਂ ਤੋਂ।

➢ ਇਕ ਦੂਜੇ ਦਾ ਖ਼ਿਆਲ ਰੱਖੋ, ਪਿਆਰ ਕਰੋ, ਜ਼ਿੰਦਗੀ ਖ਼ੂਬਸੂਰਤ ਹੈ, ਇਸਨੂੰ ਖ਼ੂਬ ਮਾਣੋ।

➢ ਇਕ ਆਦਰਸ਼ਕ ਮਨੁੱਖ ਦੂਜਿਆਂ ਨੂੰ ਸਹਾਇਤਾ 'ਦੇਣ' ਵਿੱਚ ਮਾਣ ਅਤੇ ਸਹਾਇਤਾ ਲੈਣ ਵਿੱਚ ਸ਼ਰਮ ਮਹਿਸੂਸ ਕਰਦਾ ਹੈ। ਕਿਸੇ 'ਤੇ ਦਇਆ ਕਰਨਾ ਉੱਚਤਾ ਦੀ ਤੇ ਕਿਸੇ ਨੂੰ ਤਰਲਾ ਪਾਉਣਾ ਕਿ ਉਹ ਦਇਆ ਕਰੇ, ਘਟੀਆਪਨ ਦੀ ਨਿਸ਼ਾਨੀ ਹੈ।

ਡਾ. ਰਾਧਾ ਕ੍ਰਿਸ਼ਨਨ

ਜਨਮ-5 ਸਤੰਬਰ 1888 ਮੌਤ- 16 ਅਪ੍ਰੈਲ 1975

ਤਾਮਿਲਨਾਡੂ ਰਾਜ ਦੇ ਮਦਰਾਸ ਸ਼ਹਿਰ ਦੇ ਨੇੜੇ ਕਸਬੇ ਤਿਰੂਤਨੀ ਵਿੱਚ ਜਨਮੇ ਮਿੱਠਾ ਅਤੇ ਘੱਟ ਬੋਲਣ ਵਾਲੇ ਉੱਘੇ ਵਿਚਾਰਕ ਅਤੇ ਦਾਰਸ਼ਨਿਕ, ਮਹਾਨ ਸਿੱਖਿਆ ਸ਼ਾਸਤਰੀ ਅਤੇ ਉੱਚ ਕੋਟੀ ਦੇ ਪਾਰਲੀਮੈਂਟੇਰੀਅਨ ਡਾ. ਰਾਧਾ ਕ੍ਰਿਸ਼ਨਨ ਨੇ ਮਾਨਵਤਾ ਦੇ ਇਤਿਹਾਸ ਵਿੱਚ ਆਪਣੀ ਵਿਲੱਖਣ ਸ਼ਖ਼ਸੀਅਤ ਦੀ ਅਮਿਟ ਛਾਪ ਛੱਡੀ ਹੈ। ਉਹ ਭਾਰਤ ਦੇ ਰਾਸ਼ਟਰਪਤੀ ਵੀ ਰਹੇ।

- ਗਿਆਨ ਪ੍ਰਾਪਤੀ ਦੀ ਕੋਈ ਉਮਰ ਨਹੀਂ ਹੁੰਦੀ। ਅਨੁਭਵ ਦੀ ਪਾਠਸ਼ਾਲਾ ਵਿੱਚ ਕਦੇ ਛੁੱਟੀ ਨਹੀਂ ਹੁੰਦੀ।
- ਇਨਸਾਨੀਅਤ ਸਭ ਤੋਂ ਵੱਡਾ ਧਰਮ ਹੈ।
- ਜਿਹਨਾਂ ਯੁੱਧਾਂ ਨੂੰ ਬੰਬਾਂ ਜਾਂ ਹਥਿਆਰਾਂ ਨਾਲ ਨਹੀਂ ਜਿੱਤਿਆ ਜਾ ਸਕਦਾ ਉਹਨਾਂ ਨੂੰ ਸ਼ਬਦਾਂ ਨਾਲ ਸਹਿਜੇ ਹੀ ਜਿੱਤਿਆ ਜਾ ਸਕਦਾ ਹੈ।
- ਮਨੁੱਖੀ ਜ਼ਿੰਦਗੀ ਆਪਣੇ ਆਪ ਵਿੱਚ ਬੜੀ ਖ਼ੂਬਸੂਰਤ ਹੈ। ਲੋੜ ਇਸ ਖ਼ੂਬਸੂਰਤੀ ਨੂੰ ਪਛਾਨਣ, ਸਲਾਹੁਣ ਤੇ ਇਸਨੂੰ ਹੋਰ ਹੁਸੀਨ ਬਣਾਉਣ ਦੀ ਹੈ। ਸਿੱਖਿਆ ਦਾ ਇਹ ਸਭ ਤੋਂ ਉੱਚਾ ਤੇ ਸੁੱਚਾ ਮਨੋਰਥ ਹੋਣਾ ਚਾਹੀਦਾ ਹੈ।
- ਫੌਜਾਂ ਅਤੇ ਹਥਿਆਰਾਂ ਦੀ ਸ਼ਕਤੀ ਉੱਤੇ ਵਿਸ਼ਵਾਸ ਕਰਨਾ ਇਕ ਰੋਗ ਹੈ। ਇਸ ਰੋਗ ਨੇ ਸੰਸਾਰ ਨੂੰ ਬਹੁਤ ਕਸ਼ਟ ਦਿੱਤਾ ਹੈ ਅਤੇ ਲੋਕਾਂ ਨੂੰ ਭੈਅ-ਭੀਤ ਕੀਤਾ ਹੈ।
- ਜਿਹੜੀ ਵਿਦਿਆ ਜਾਂ ਸਾਹਿਤ ਸਦਾਚਾਰ ਨੈਤਿਕ ਪੱਖਾਂ ਨੂੰ ਅੱਖੋਂ ਪਰੋਖੇ ਕਰੇ, ਉਸ ਵਿਦਿਆ ਜਾਂ ਸਾਹਿਤ ਦੀ ਹੋਂਦ ਰੁੱਖ ਦੇ ਟੁੱਟੇ ਹੋਏ ਉਸ ਪੱਤੇ ਵਾਂਗ ਹੁੰਦੀ ਹੈ ਜਿਸਨੇ ਇਕ ਦਿਨ ਕੂੜੇ ਦੇ ਢੇਰ ਵਿੱਚ ਜਾਣਾ ਹੈ।
- ਸਿਰਫ਼ ਸਾਖਰਤਾ ਸਿੱਖਿਆ ਨਹੀਂ, ਨਾ ਹੀ ਗਿਆਨ ਸਿੱਖਿਆ ਹੈ ਬਲਕਿ ਵਿਸ਼ਾਲ ਸੋਚ ਅਤੇ ਸਿਆਣਪ ਦਾ ਵਿਕਾਸ ਹੀ ਸਿੱਖਿਆ ਹੈ।
- ਮਰਦ ਮਕਾਨ ਬਣਾਉਂਦੇ ਹਨ, ਔਰਤਾਂ ਉਸਨੂੰ ਘਰ ਬਣਾਉਂਦੀਆਂ ਹਨ।
- ਮਾਨਵ ਦਾ ਦਾਨਵ ਹੋਣਾ ਉਸਦੀ ਹਾਰ ਹੈ। ਮਾਨਵ ਦਾ ਮਹਾਂਮਾਨਵ ਹੋਣਾ ਉਸਦਾ ਚਮਤਕਾਰ ਹੈ।
- ਬੁਰੇ ਵਿਚਾਰ ਸਾਡੇ ਸਰੀਰ ਦਾ ਹੀ ਨਹੀਂ, ਆਤਮਾ ਦਾ ਵੀ ਨਾਸ ਕਰਦੇ ਹਨ।

- ਆਪਣੇ ਮਨ ਨੂੰ ਪਵਿੱਤਰ ਬਣਾਓ, ਮਨ ਦੀ ਪਵਿੱਤਰਤਾ ਨਾਲ ਹੀ ਤੁਹਾਡੀ ਅਧਿਆਤਮਿਕ ਸ਼ਕਤੀ ਦਾ ਵਿਕਾਸ ਹੁੰਦਾ ਹੈ।
- ਅਧਿਆਪਕ ਦੁਆਰਾ ਦਿੱਤੇ ਗਏ ਗਿਆਨ ਵਿਚੋਂ ਰੌਸ਼ਨੀ ਪੈਦਾ ਹੁੰਦੀ ਹੈ ਜਿਸਦਾ ਵਿਦਿਆਰਥੀਆਂ ਉੱਪਰ ਡੂੰਘਾ ਪ੍ਰਭਾਵ ਪੈਂਦਾ ਹੈ।
- ਸਾਡਾ ਸਮਾਜ ਅਤੇ ਦੇਸ਼ ਤਾਂ ਹੀ ਤਰੱਕੀ ਕਰ ਸਕਦਾ ਹੈ ਜੇਕਰ ਅਧਿਆਪਕ ਮਹਾਨ ਹੋਵੇ।
- ਮੈਂ ਆਪਣੇ ਅਧਿਆਪਕਾਂ ਤੋਂ ਬਹੁਤ ਕੁਝ ਸਿੱਖਿਆ ਹੈ, ਆਪਣੇ ਸਹਿ-ਕਰਮੀਆਂ ਤੋਂ ਉਸ ਤੋਂ ਵੀ ਵੱਧ ਸਿੱਖਿਆ ਹੈ ਪਰੰਤੂ ਮੈਂ ਆਪਣੇ ਵਿਦਿਆਰਥੀਆਂ ਤੋਂ ਸਭ ਤੋਂ ਵੱਧ ਸਿੱਖਿਆ ਹੈ।
- ਕਿਸੇ ਵੀ ਮਨੁਖ ਦੀ ਮਹਾਨਤਾ ਉਸਦੇ ਕੱਪੜਿਆਂ ਤੋਂ ਨਹੀਂ, ਉਸਦੇ ਚਰਿੱਤਰ ਤੋਂ ਮਾਪੀ ਜਾਂਦੀ ਹੈ।
- ਲੱਛਮੀ ਉਸੇ ਦੀ ਦਾਸੀ ਹੈ, ਜਿਹੜਾ ਇਮਾਨਦਾਰੀ ਨਾਲ ਵਪਾਰ ਅਤੇ ਸੱਚੇ ਮਨ ਨਾਲ ਮਿਹਨਤ ਕਰਦਾ ਹੈ।
- ਸਾਡਾ ਅੰਦਰਲਾ ਬਿਨਾ ਰੁਕੇ, ਸਾਡਾ ਬਾਹਰਲਾ ਬਣਦਾ ਰਹਿੰਦਾ ਹੈ। ...ਬੰਦੇ ਦੇ ਦਿਲ ਦੀ ਹਾਲਤ ਤੋਂ ਉਸਦੇ ਜੀਵਨ ਦੇ ਹਾਲਾਤ ਬਣਦੇ ਹਨ। ਉਸਦੇ ਵਿਚਾਰ ਕੰਮਾਂ ਵਿਚ ਖਿੜਦੇ ਹਨ ਅਤੇ ਉਸਦੇ ਕੰਮ ਨਾਲ ਚਰਿੱਤਰ ਅਤੇ ਹੋਣੀ ਨੂੰ ਫ਼ਲ ਪੈਂਦਾ ਹੈ।
- ਜਿਸਦੇ ਕੋਲ ਸਿਹਤ ਹੈ, ਉਸਦੇ ਕੋਲ ਉਮੀਦ ਹੈ। ਜਿਸਦੇ ਕੋਲ ਉਮੀਦ ਹੈ, ਉਸਦੇ ਕੋਲ ਸਭ ਕੁਝ ਹੈ।

ਮੁਨਸ਼ੀ ਪ੍ਰੇਮ ਚੰਦ

ਮੁਨਸ਼ੀ ਪ੍ਰੇਮ ਚੰਦ ਹਿੰਦੀ ਸਾਹਿਤ ਦੇ ਪ੍ਰਸਿੱਧ ਕਹਾਣੀਕਾਰ ਅਤੇ ਨਾਵਲਕਾਰ ਹੋਏ ਹਨ। ਉਹਨਾਂ ਦਾ ਜਨਮ 1880 ਈ. ਨੂੰ ਉੱਤਰ ਪ੍ਰਦੇਸ ਦੇ ਵਾਰਾਨਸੀ ਵਿਖੇ ਇਕ ਗਰੀਬ ਪਰਿਵਾਰ ਵਿੱਚ ਹੋਇਆ। ਉਹਨਾਂ ਨੇ ਆਪਣੀਆਂ ਰਚਨਾਵਾਂ ਵਿੱਚ ਭਾਰਤ ਦੀ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਸਥਿਤੀ ਦਾ ਹਕੀਕੀ ਵਰਨਣ ਕੀਤਾ ਹੈ। 1936 ਈ. ਵਿੱਚ ਉਹਨਾਂ ਦਾ ਦੇਹਾਂਤ ਹੋਇਆ।

- ਔਰਤ ਦਾ ਹਿਰਦਾ ਧਰਤੀ ਦੇ ਸਮਾਨ ਹੁੰਦਾ ਹੈ, ਜਿਸ ਵਿੱਚ ਮਿਠਾਸ ਵੀ ਮਿਲ ਜਾਂਦੀ ਹੈ ਅਤੇ ਕੌੜ੍ਹਾਪਨ ਵੀ।
- ਮੈਂ ਸੁੰਦਰਤਾ ਦੀ ਉਪਾਸਨਾ ਕਰਦਾ ਹਾਂ ਜਿਸ ਤੋਂ ਮੈਨੂੰ ਬਲ ਮਿਲਦਾ ਹੈ।
- ਆਪਣੇ ਬਚਪਨ ਨੂੰ ਜਿਉਂਦਾ ਰੱਖੋ ਤਾਂ ਜੋ ਤੁਹਾਡੇ ਬੱਚੇ ਤੁਹਾਨੂੰ ਪਿਆਰ ਕਰਦੇ ਰਹਿਣ।
- ਕੋਈ ਵੀ ਵਿਅਕਤੀ ਬੇਈਮਾਨੀ ਉਸ ਸਮੇਂ ਹੀ ਕਰਦਾ ਹੈ ਜਦੋਂ ਉਸਨੂੰ ਅਜਿਹਾ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ। ਕਿਸੇ ਨੂੰ ਬੇਈਮਾਨੀ ਦਾ ਮੌਕਾ ਦੇਣਾ, ਬੇਈਮਾਨੀ ਨੂੰ ਸਹਿਯੋਗ ਦੇਣ ਦੇ ਬਰਾਬਰ ਹੈ।
- ਬਿਨਾ ਠੋਕਰ ਖਾਧਿਆਂ ਆਦਮੀ ਦੀ ਅੱਖ ਨਹੀਂ ਖੁੱਲ੍ਹਦੀ।
- ਮੁਸੀਬਤ ਤੋਂ ਵੱਧ ਤਜਰਬਾ ਸਿਖਾਉਣ ਵਾਲਾ ਕੋਈ ਵਿਦਿਆਲਾ ਅੱਜ ਤੱਕ ਨਹੀਂ ਬਣਿਆ।
- ਚਰਿੱਤਰ ਇਕ ਅਜਿਹਾ ਸ਼ੀਸ਼ਾ ਹੈ ਜਿਸ ਵਿੱਚ ਹਰ ਮਨੁੱਖ ਆਪਣਾ ਪ੍ਰਤੀਬਿੰਬ ਦੇਖਦਾ ਹੈ।
- ਜੇ ਲੋਕ ਭੁੱਖੇ ਮਰ ਰਹੇ ਹੋਣ ਤੇ ਕੁਝ ਕੁ ਲੋਕ ਉੱਥੇ ਗੁਲਛਰੇ ਉਡਾ ਰਹੇ ਹੋਣ ਤਾਂ ਇਹ ਭਾਗਾਂ ਵਾਲੀ ਗੱਲ ਨਹੀਂ ਸਗੋਂ ਇਹ ਤਾਂ ਜ਼ੁਲਮ ਹੈ।
- ਖ਼ੂਨ ਦਾ ਉਹ ਆਖ਼ਰੀ ਕਤਰਾ ਜੋ ਦੇਸ਼ ਦੀ ਹਿਫ਼ਾਜ਼ਤ ਵਿੱਚ ਡਿੱਗੇ ਦੁਨੀਆ ਦੀ ਸਭ ਤੋਂ ਅਨਮੋਲ ਚੀਜ਼ ਹੈ।
- ਡਰਪੋਕ ਵਿਅਕਤੀਆਂ ਵਿੱਚ ਸੱਚ ਵੀ ਗੂੰਗਾ ਹੋ ਜਾਂਦਾ ਹੈ।
- ਮੌਤ ਨੂੰ ਧੋਖਾ ਦੇਣ ਵਿੱਚ ਆਨੰਦ ਆਉਂਦਾ ਹੈ। ਉਹ ਉਸ ਸਮੇਂ ਕਦੇ ਨਹੀਂ ਆਉਂਦੀ ਜਦੋਂ ਤੱਕ ਲੋਕ ਉਸਦੀ ਰਾਹ ਵੇਖਦੇ ਹਨ।
- ਮਿੱਤਰਤਾ ਹਾਲਾਤ ਦਾ ਵਿਚਾਰ ਨਹੀਂ ਕਰਦੀ ਤੇ ਜੇਕਰ ਕਰਦੀ ਹੈ ਤਾਂ ਉਹ ਮਿੱਤਰਤਾ ਨਹੀਂ ਹੈ।
- ਮੈਂ ਆਪਣੇ ਤੋਂ ਛੋਟਿਆਂ ਦੀ ਇੱਜ਼ਤ ਇਸ ਲਈ ਕਰਦਾ ਹਾਂ ਕਿਉਂਕਿ ਕੱਲ੍ਹ ਨੂੰ

ਇਹਨਾਂ ਨੇ ਸਾਡੇ ਬਾਰੇ ਨਿਰਣਾ ਕਰਨਾ ਹੋਵੇਗਾ।

- ਮਨ ਦੀ ਸ਼ਾਂਤੀ ਹੀ ਵਾਸਤਵਿਕ ਸੁੰਦਰਤਾ ਹੈ।
- ਵਿਆਹ ਦਾ ਉਦੇਸ਼ ਭੋਗ ਨਹੀਂ, ਆਤਮਾ ਦਾ ਵਿਕਾਸ ਹੈ।
- ਵਿਸ਼ਵਾਸ਼ ਪ੍ਰੇਮ ਦੀ ਪਹਿਲੀ ਪੌੜੀ ਹੈ।
- ਗ਼ੁਲਾਮ ਉਹ ਹੈ, ਜਿਸਨੇ ਆਪਣੇ ਵਿਚਾਰਾਂ ਦੀ ਆਜ਼ਾਦੀ ਗੁਆ ਲਈ ਹੈ।
- ਅਸੀਂ ਜਿਨ੍ਹਾਂ ਲਈ ਤਿਆਗ ਕਰਦੇ ਹਾਂ, ਉਹਨਾਂ ਦੇ ਦਿਲਾਂ 'ਤੇ ਰਾਜ ਕਰਨਾ ਚਾਹੁੰਦੇ ਹਾਂ।
- ਕਦੇ-ਕਦੇ ਸਾਨੂੰ ਉਹਨਾਂ ਤੋਂ ਵੀ ਸਿੱਖਿਆ ਮਿਲਦੀ ਹੈ ਜਿਨ੍ਹਾਂ ਨੂੰ ਅਸੀਂ ਅਭਿਮਾਨ ਕਾਰਨ ਅਭਿਮਾਨੀ ਸਮਝਦੇ ਹਾਂ।
- ਜੇਕਰ ਝੂਠ ਬੋਲਣ ਨਾਲ ਕਿਸੇ ਦੀ ਜਾਨ ਬਚਦੀ ਹੈ ਤਾਂ ਝੂਠ ਬੋਲਣਾ ਕੋਈ ਪਾਪ ਨਹੀਂ, ਸਗੋਂ ਅਜਿਹਾ ਝੂਠ ਉਸ ਸੱਚ ਨਾਲੋਂ ਚੰਗਾ ਹੈ ਜਿਹੜੇ ਦੂਜੇ ਦਾ ਦਿਲ ਦੁਖਾਂਦਾ ਹੈ।
- ਦੁਖੀ ਬੰਦੇ ਨੂੰ ਹਮਦਰਦੀ ਦੇ ਅੱਥਰੂ ਪਿਆਰੇ ਹੁੰਦੇ ਹਨ।
- ਅਪਮਾਨ ਦਾ ਡਰ ਕਿਸੇ ਕਾਨੂੰਨ ਤੋਂ ਘੱਟ ਨਹੀਂ ਹੁੰਦਾ।
- ਓਹੀ ਉੱਚਾ ਹੈ ਜਿਸਦੀ ਆਤਮਾ ਪਵਿੱਤਰ ਹੈ।
- ਸੁਖ ਭੋਗਣ ਦੀ ਇੱਛਾ ਆਤਮ ਸਨਮਾਨ ਦਾ ਨਾਸ਼ ਕਰ ਦਿੰਦੀ ਹੈ।
- ਜੀਵਨ ਨੂੰ ਸਫਲ ਬਣਾਉਣ ਲਈ ਸਿੱਖਿਆ ਦੀ ਲੋੜ ਹੈ ਡਿਗਰੀ ਦੀ ਨਹੀਂ।
- ਬਿਪਤਾ ਤੋਂ ਵਧ ਕੇ ਅਨੁਭਵ ਸਿਖਾਉਣ ਵਾਲਾ ਕੋਈ ਵਿਦਿਆਲਾ ਅੱਜ ਤੱਕ ਨਹੀਂ ਖੁੱਲ੍ਹਿਆ।
- ਜੀਵਨ ਦਾ ਸੁਖ ਦੂਜਿਆਂ ਨੂੰ ਸੁਖ ਦੇਣ ਵਿੱਚ ਹੈ।
- ਸ਼ੰਕਾ ਹਮੇਸ਼ਾ ਤਬਾਹੀ ਦਾ ਕਾਰਨ ਬਣਦੀ ਹੈ।
- ਸੰਗੀਤ ਨਾਲ ਹਿਰਦੇ ਵਿੱਚ ਪਵਿੱਤਰਤਾ ਦੇ ਭਾਵ ਪੈਂਦੇ ਹਨ।
- ਵੈਰੀ ਨੂੰ ਮਾਰਨ ਵਿੱਚ ਨਹੀਂ, ਸਗੋਂ ਛੱਡ ਦੇਣ ਵਿੱਚ ਪਾਪ ਹੈ।
- ਹੰਕਾਰ ਨਸ਼ੇ ਦਾ ਇਕ ਮੁੱਖ ਰੂਪ ਹੈ।
- ਕਲਾ ਦਾ ਸਭ ਤੋਂ ਸੁੰਦਰ ਰੂਪ ਉਹਦੇ ਛਿਪੇ ਰਹਿਣ 'ਚ ਹੈ, ਦਿਖਾਵੇ 'ਚ ਨਹੀਂ।
- ਵਿਸ਼ਵਾਸ ਪ੍ਰੇਮ ਦੀ ਪਹਿਲੀ ਪੌੜੀ ਹੈ।
- ਲੇਖਕ ਉਹ ਹੁੰਦੇ ਹਨ ਜਿਨ੍ਹਾਂ ਦੇ ਅੰਦਰ ਦਰਦ ਹੁੰਦਾ ਹੈ।
- ਰਿਸ਼ਵਤ ਦੀ ਕਮਾਈ ਵਿੱਚ ਬਰਕਤ ਨਹੀਂ ਹੁੰਦੀ।
- ਪ੍ਰੇਮ ਦਾ ਮੂਲਮੰਤਰ ਸੇਵਾ ਹੈ।
- ਔਰਤ ਦੀ ਹਮਦਰਦੀ ਹਾਰ ਨੂੰ ਵੀ ਜਿਤ ਬਣਾ ਦਿੰਦੀ ਹੈ।
- ਘੁਮੰਡੀ ਆਦਮੀ ਸ਼ੱਕੀ ਹੁੰਦਾ ਹੈ।
- ਕਵੀ ਉਹ ਸਪੇਰਾ ਹੈ ਜਿਸਦੀ ਪਟਾਰੀ 'ਚ ਸੱਪ ਦੀ ਥਾਂ ਦਿਲ ਪਿਆ ਹੁੰਦਾ ਹੈ।

ਵਾਸਿਲੀ ਸੁਖੋਮਲਿੰਸਕੀ

ਜਨਮ- 1918 ਮੌਤ- 1970

ਵਾਸਿਲੀ ਸੁਖੋਮਲਿੰਸਕੀ ਇਕ ਉੱਘੇ ਸੋਵੀਅਤ ਸਿੱਖਿਆ-ਵਿਗਿਆਨੀ ਸਨ। ਆਪਣੇ ਜੀਵਨ ਦੇ ਅਖੀਰੀ ਵੀਹ ਵਰ੍ਹਿਆਂ ਵਿੱਚ ਸੁਖੋਮਲਿੰਸਕੀ ਆਪਣੀਆਂ ਸੋਚਾਂ ਅਤੇ ਵਿਚਾਰ ਲਿਖਦਾ ਰਿਹਾ, ਜਿਸਨੇ ਉਹਨੂੰ ਇਸ ਯੋਗ ਬਣਾਇਆ ਕਿ ਉਹਨੇ ਅਨੇਕਾਂ ਪੁਸਤਕਾਂ ਦੀ ਰਚਨਾ ਕੀਤੀ। ਹਰ ਲੰਘਦੇ ਵਰ੍ਹੇ ਇਹਨਾਂ ਦਾ ਵਿਦਿਆ-ਵਿਗਿਆਨ ਵਿਰਸਾ, ਉਹਨਾਂ ਦੇ ਪੜ੍ਹਾਉਣ ਦਾ ਅਨੁਭਵ, ਨਾ ਕੇਵਲ ਸੋਵੀਅਤ ਯੂਨੀਅਨ ਵਿੱਚ ਹੀ ਸਗੋਂ ਸਾਰੇ ਸੰਸਾਰ ਵਿੱਚ, ਅਧਿਆਪਕਾਂ ਅਤੇ ਮਾਤਾ-ਪਿਤਾ ਦੇ ਧਿਆਨ ਦਾ ਕੇਂਦਰ ਰਿਹਾ।

- ਅਧਿਆਪਕ ਦੀਆਂ ਅਤਿਅੰਤ ਵੱਡਮੁੱਲੀਆਂ ਸਿਫਤਾਂ ਵਿਚੋਂ ਇਕ ਹੈ ਉਹਦੀ ਡੂੰਘੀ ਮਾਨਵਤਾ, ਬੱਚਿਆਂ ਲਈ ਡੂੰਘਾ ਪਿਆਰ।
- ਬੱਚਿਆਂ ਨੂੰ ਪੜ੍ਹਾਉਣ ਲਈ ਇਹ ਲਾਜ਼ਮੀ ਹੈ ਕਿ ਮਨੁੱਖ ਉਹਨਾਂ ਨਾਲ ਪਿਆਰ ਕਰੇ। ਕੇਵਲ ਇਸ ਢੰਗ ਨਾਲ ਹੀ ਬੰਦਾ ਬੰਦਿਆਂ ਵਿੱਚ ਕਿਰਤ, ਮਿੱਤਰਤਾ ਅਤੇ ਮਾਨਵਤਾ ਦੀ ਖ਼ੁਸ਼ੀ ਦਾ ਬੀਅ ਬੀਜ ਸਕਦਾ ਹੈ।
- ਬੱਚਿਆਂ ਦੇ ਅੰਦਰਲੇ ਆਤਮਿਕ ਸੰਸਾਰ ਦੀ ਸਿੱਖਿਆ, ਖ਼ਾਸ ਤੌਰ 'ਤੇ ਉਹਨਾਂ ਦੇ ਬੋਧ ਦੀ ਸਿੱਖਿਆ, ਅਧਿਆਪਕ ਦੇ ਕਾਰਜਾਂ ਵਿਚੋਂ ਸਭ ਤੋਂ ਵੱਧ ਮਹੱਤਵਪੂਰਨ ਹੈ।
- ਵਿਦਿਆ ਸਭ ਤੋਂ ਪਹਿਲਾਂ ਇਸ ਸੰਬੰਧੀ ਸਿੱਖਿਆ ਹੈ ਕਿ ਇਕ ਚੰਗਾ ਇਨਸਾਨ ਕਿਵੇਂ ਬਣਿਆ ਜਾਵੇ।
- ਬਚਪਨ ਮਨੁੱਖ ਦੇ ਜੀਵਨ ਵਿੱਚ ਮਹੱਤਵਪੂਰਨ ਸਮਾਂ ਹੁੰਦਾ ਹੈ, ਕੇਵਲ ਭਵਿੱਖ ਲਈ ਤਿਆਰੀ ਹੀ ਨਹੀਂ। ਬਚਪਨ ਅਸਲੀ, ਸਪੱਸ਼ਟ, ਸੱਚਾ ਅਤੇ ਦੁਹਰਾਇਆ ਜਾ ਸਕਣ ਵਾਲਾ ਜੀਵਨ ਹੈ।
- ਬੱਚਾ ਪਰਿਵਾਰ ਦਾ ਪ੍ਰਤਿਬਿੰਬ ਹੈ ਅਤੇ ਜਿਵੇਂ ਸੂਰਜ ਪਾਣੀ ਦੇ ਤੁਪਕੇ ਵਿੱਚ ਪ੍ਰਤੀਬਿੰਬਤ ਹੁੰਦਾ ਹੈ, ਉਸੇ ਤਰ੍ਹਾਂ ਮਾਤਾ ਅਤੇ ਪਿਤਾ ਦੀ ਆਤਮਿਕ ਸਵੱਛਤਾ ਬੱਚੇ ਵਿੱਚ ਪ੍ਰਤਿਬਿੰਬਤ ਹੁੰਦੀ ਹੈ।
- ਪੁਸਤਕਾਂ ਬੱਚੇ ਦੇ ਅੰਦਰਲੇ ਜੀਵਨ ਵਿੱਚ ਤਾਂ ਹੀ ਵੱਡਾ ਰੋਲ ਅਦਾ ਕਰਦੀਆਂ ਹਨ ਜੇ ਉਹ ਉਹਨਾਂ ਨੂੰ ਚੰਗੀ ਤਰ੍ਹਾਂ ਪੜ੍ਹਨਾ ਜਾਣਦਾ ਹੋਵੇ।

- ਭਾਸ਼ਾ ਕੌਮ ਦੀ ਦੌਲਤ ਦਾ ਹਿੱਸਾ ਹੈ। ਜਿਸ ਬੰਦੇ ਨੇ ਆਪਣੀ ਮਾਤ-ਭਾਸ਼ਾ ਵਿੱਚ ਨਿਪੁੰਨਤਾ ਪ੍ਰਾਪਤ ਨਹੀਂ ਕੀਤੀ, ਉਹਦੇ ਲਈ ਹੋਰ ਕੌਮਾਂ ਦੀਆਂ ਭਾਸ਼ਾਵਾਂ ਦੇ ਖ਼ਜ਼ਾਨੇ ਪਹੁੰਚ ਤੋਂ ਬਾਹਰ ਹਨ।
- ਖ਼ੁਸ਼ੀ ਦੀ ਭਾਵਨਾ ਨੂੰ ਕੇਵਲ ਉਹੋ ਲੋਕ ਪ੍ਰਾਪਤ ਕਰ ਸਕਦੇ ਹਨ ਜਿਹੜੇ ਜਾਣਦੇ ਹਨ ਕਿ ਯਤਨ ਕਰਨਾ ਕੀ ਹੁੰਦਾ ਹੈ ਅਤੇ ਜਾਣਦੇ ਹਨ ਕਿ ਪਸੀਨਾ ਅਤੇ ਥਕਾਵਟ ਕੀ ਹਨ।
- ਬੰਦੇ ਲਈ ਜੀਵਨ ਵਿੱਚ ਸਭ ਤੋਂ ਪਵਿੱਤਰ ਅਤੇ ਸੁਹਣੀ ਸ਼ੈਅ ਉਹਦੀ ਮਾਂ ਹੈ।
- ਕਿਸੇ ਬੰਦੇ ਦਾ ਮੌਖਿਕ ਵਿਕਾਸ ਉਹਦੇ ਬੌਧਿਕ ਵਿਕਾਸ ਦਾ ਦਰਪਨ ਹੁੰਦਾ ਹੈ।
- ਜਿਹੜੀ ਗੱਲ ਬਚਪਨ ਵਿੱਚ ਅੱਖੋਂ ਉਹਲੇ ਕੀਤੀ ਜਾਂਦੀ ਹੈ ਉਹਦਾ ਘਾਟਾ ਗਭਰੇਟ ਵਰ੍ਹਿਆਂ ਵਿੱਚ ਕਦੀ ਪੂਰਾ ਨਹੀਂ ਕੀਤਾ ਜਾ ਸਕਦਾ।
- ਕਿਰਤੀ ਦੀ ਖ਼ੁਸ਼ੀ ਮਹਾਨ ਵਿਦਿਅਕ ਸ਼ਕਤੀ ਹੈ।
- ਸੰਗੀਤ ਸਵੈ-ਵਿਦਿਆ ਦਾ ਇਕ ਬਲਵਾਨ ਸਾਧਨ ਹੈ ਸੰਗੀਤ ਉਹ ਵਿਚਾਰ ਜਗਾਉਂਦਾ ਹੈ ਜਿਹੜੇ ਉੱਚ, ਸ਼ਾਨਦਾਰ ਅਤੇ ਸੁਹਣੇ ਹੁੰਦੇ ਹਨ। ਸੰਗੀਤ ਦਾ ਸੰਬੰਧ ਮਨੁੱਖ ਦੀ ਸੋਚ, ਬੋਲਣ ਅਤੇ ਆਤਮਿਕ ਸੰਸਾਰ ਨਾਲ ਹੁੰਦਾ ਹੈ।
- ਬੱਚੇ ਨੂੰ ਸੰਸਾਰ ਦਾ ਗਿਆਨ ਅਤੇ ਉਹਦੀਆਂ ਰਚਨਾਤਮਕ ਯੋਗਤਾਵਾਂ ਦਾ ਪ੍ਰਗਟਾਓ ਖੇਡਾਂ ਰਾਹੀਂ ਹੁੰਦਾ ਹੈ। ਖੇਡ ਤੋਂ ਬਿਨਾਂ ਬੱਚੇ ਦਾ ਪੂਰਾ ਮਾਨਸਿਕ ਵਿਕਾਸ ਨਹੀਂ ਹੁੰਦਾ। ਖੇਡਾਂ ਰਾਹੀਂ ਬੱਚੇ ਔਕੜਾਂ 'ਤੇ ਕਾਬੂ ਪਾਉਣਾ ਸਿੱਖਦੇ ਹਨ।
- ਆਪਣੇ ਕੰਮ ਵਿੱਚ ਮਾਣ ਤੋਂ ਬਿਨਾਂ ਬੰਦਾ ਅਸਲੀ ਮਨੁੱਖ ਨਹੀਂ।

ਪੰਡਿਤ ਜਵਾਹਰ ਲਾਲ ਨਹਿਰੂ

ਪੰਡਿਤ ਜਵਾਹਰ ਲਾਲ ਨਹਿਰੂ ਜੀ ਆਪਣੇ ਸਮੇਂ ਦੇ ਕੁਸ਼ਲ ਨੀਤੀਵੇਤਾ, ਸੁੱਘੜ ਸਿਆਸਤਦਾਨ, ਪ੍ਰਬੀਨ ਪ੍ਰਸ਼ਾਸਕ ਹੋਣ ਦੇ ਨਾਲ਼-ਨਾਲ਼ ਇਕ ਮਹਾਨ ਲੇਖਕ ਸਨ। ਉਹ ਆਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਬਣੇ। ਬੱਚੇ ਇਹਨਾਂ ਨੂੰ 'ਚਾਚਾ ਨਹਿਰੂ' ਦੇ ਨਾਂ ਨਾਲ ਯਾਦ ਕਰਦੇ ਹਨ।

➢ ਚੰਗੇ ਉਦੇਸ਼ ਤੱਕ ਪੁਜਣ ਲਈ ਸਾਧਨ ਵੀ ਚੰਗੇ ਹੋਣੇ ਚਾਹੀਦੇ ਹਨ। ਜਿਹੜੇ ਸਾਧਨ ਚੰਗੇ ਨਹੀਂ ਹੁੰਦੇ, ਉਹ ਉਦੇਸ਼ ਨੂੰ ਖ਼ਤਮ ਕਰ ਦਿੰਦੇ ਹਨ ਅਤੇ ਅਕਸਰ ਨਵੀਆਂ ਸਮੱਸਿਆਵਾਂ ਅਤੇ ਕਠਨਾਈਆਂ ਪੈਦਾ ਕਰਦੇ ਹਨ।

➢ ਜਿਨ੍ਹਾਂ ਰਿਸ਼ੀਆਂ ਨੇ ਹਿੰਸਾ ਵਿੱਚੋਂ ਅਹਿੰਸਾ ਦਾ ਨਿਯਮ ਲੱਭਿਆ ਹੈ ਉਹ ਨਿਊਟਨ ਨਾਲੋਂ ਵੀ ਵਧੇਰੇ ਪ੍ਰਤਿਭਾਸ਼ਾਲੀ ਸਨ। ਉਹ ਖ਼ੁਦ ਵੈਲਿੰਗਟਨ ਨਾਲੋਂ ਵੱਡੇ ਯੋਧੇ ਸਨ। ਆਪ ਸ਼ਸਤਰਾਂ ਦੀ ਵਰਤੋਂ ਕਰਨਾ ਜਾਣਦੇ ਹੋਏ ਉਹਨਾਂ ਨੇ ਇਹਨਾਂ ਦੀ ਵਿਅਰਥਤਾ ਨੂੰ ਸਮਝਿਆ ਅਤੇ ਦੁਖੀ ਦੁਨੀਆ ਨੂੰ ਸਿੱਖਿਆ ਦਿੱਤੀ ਕਿ ਮੁਕਤੀ ਹਿੰਸਾ ਵਿੱਚ ਨਹੀਂ, ਅਹਿੰਸਾ ਵਿੱਚ ਹੈ।

➢ ਕਿਸਮਤ ਨੂੰ ਉਹੋ ਕੋਸਦਾ ਹੈ ਜਿਹੜਾ ਕਰਮਹੀਨ ਹੁੰਦਾ ਹੈ।

➢ ਬਗ਼ੈਰ ਸਿਧਾਂਤ ਦੇ ਕਾਰਜ ਅੰਨ੍ਹੇ ਵੱਲੋਂ ਕੀਤੀ ਗਈ ਖੋਜ ਹੈ।

➢ ਮੁਸੀਬਤਾਂ ਸਾਨੂੰ ਆਤਮ ਗਿਆਨ ਕਰਾਉਂਦੀਆਂ ਹਨ। ਉਹ ਸਾਨੂੰ ਸਿਖਾਉਂਦੀਆਂ ਹਨ ਕਿ ਅਸੀਂ ਕਿਸ ਮਿੱਟੀ ਦੇ ਬਣੇ ਹਾਂ।

➢ ਮੌਤ ਨਾਲ ਨਵਾਂ ਜੀਵਨ ਮਿਲਦਾ ਹੈ। ਜੋ ਵਿਅਕਤੀ ਅਤੇ ਰਾਸ਼ਟਰ ਮਰਨਾ ਨਹੀਂ ਜਾਣਦੇ, ਉਹ ਜਿਊਣਾ ਵੀ ਨਹੀਂ ਜਾਣਦੇ।

➢ ਕਬਰਾਂ ਉਹਨਾਂ ਲੋਕਾਂ ਨਾਲ ਭਰੀਆਂ ਪਈਆਂ ਹਨ ਜਿਨ੍ਹਾਂ ਬਾਰੇ ਕਿਹਾ ਜਾਂਦਾ ਸੀ ਕਿ ਸੰਸਾਰ ਉਹਨਾਂ ਬਿਨਾਂ ਚੱਲ ਨਹੀਂ ਸਕੇਗਾ।

➢ ਮਨੁੱਖ ਦੀ ਮਹਾਨਤਾ ਉਸਦੀ ਆਪਣੀ ਕਮਾਈ ਵਿੱਚ ਹੈ।

➢ ਕਿਸੇ ਕੌਮ ਵਿੱਚ ਇਸਤਰੀ ਦੀ ਪਦਵੀ ਉਸ ਕੌਮ ਦੀ ਉਨਤੀ ਦੇ ਸਭ ਤੋਂ ਸਹੀ ਨਾਪਾਂ ਵਿਚੋਂ ਇਕ ਹੈ।

➢ ਜਦੋਂ ਤੱਕ ਕਿਸੇ ਕੌਮ ਦੀਆਂ ਔਰਤਾਂ ਆਜ਼ਾਦੀ ਹਾਸਲ ਨਹੀਂ ਕਰ ਲੈਂਦੀਆਂ ਉਦੋਂ ਤੱਕ ਉਹ ਕੌਮ ਉਨਤੀ ਨਹੀਂ ਕਰ ਸਕਦੀ।

➢ ਸਭਿਆਚਾਰਕ ਪੱਖੋਂ, ਸਿੱਖਿਆ-ਪ੍ਰਣਾਲੀ ਨੇ ਸਾਨੂੰ ਆਪਣੀ ਪਰੰਪਰਾ ਨਾਲੋਂ ਤੋੜ ਦਿੱਤਾ ਹੈ ਅਤੇ ਸਾਡੀ ਸ਼ਿੱਖਿਆ ਨੇ ਸਾਨੂੰ ਉਹਨਾਂ ਜ਼ੰਜੀਰਾਂ ਨੂੰ ਜੱਫੀਆਂ ਪਾਉਣਾ ਸਿਖਾਇਆ ਹੈ, ਜਿਨ੍ਹਾਂ ਨੇ ਸਾਨੂੰ ਬੰਨ੍ਹ ਕੇ ਰੱਖਿਆ ਹੋਇਆ ਹੈ।

➢ ਮਰਦ ਦੀ ਸਿੱਖਿਆ ਕੇਵਲ ਇਕ ਵਿਅਕਤੀ ਦੀ ਸਿੱਖਿਆ ਹੈ, ਪਰ ਇਕ

ਔਰਤ ਦੀ ਸਿੱਖਿਆ ਪੂਰੇ ਪਰਿਵਾਰ ਦੀ ਸਿੱਖਿਆ ਹੈ।

- ਕਾਇਰ ਕਦੇ ਨਹੀਂ ਜਿੱਤ ਸਕਦੇ, ਜਿੱਤ ਹਮੇਸ਼ਾਂ ਉਹਨਾਂ ਦੀ ਹੁੰਦੀ ਹੈ ਜਿਹੜੇ ਮੁਸ਼ਕਿਲਾਂ ਨਾਲ ਟੱਕਰ ਲੈਂਦੇ ਹਨ।
- ਖ਼ਿਮਾ ਸਿਰਫ਼ ਉਸ ਵਕਤ ਬਣਦੀ ਹੈ ਜਦੋਂ ਸਜ਼ਾ ਦੇਣ ਦੀ ਸਮਰੱਥਾ ਹੋਵੇ। ਜਦੋਂ ਕੋਈ ਬੇਬਸ ਜੀਵ ਖ਼ਿਮਾ ਕਰਨ ਦਾ ਦਾਅਵਾ ਕਰਦਾ ਹੈ ਤਾਂ ਇਹ ਕੋਈ ਖ਼ਿਮਾ ਨਹੀਂ ਹੁੰਦੀ। ਚੂਹਾ ਬਿੱਲੀ ਨੂੰ ਖ਼ਿਮਾ ਨਹੀਂ ਕਰ ਰਿਹਾ ਹੁੰਦਾ ਜਦੋਂ ਉਹ ਉਸਨੂੰ ਆਪਣੇ ਟੁਕੜੇ ਕਰਨ ਦੀ ਆਗਿਆ ਦਿੰਦਾ ਹੈ।
- ਤਾਕਤ ਜਿਸਮਾਨੀ ਸਮਰੱਥਾ ਤੋਂ ਨਹੀਂ ਆਉਂਦੀ, ਇਹ ਅਜਿੱਤ ਸੰਕਲਪ ਤੋਂ ਪ੍ਰਾਪਤ ਹੁੰਦੀ ਹੈ।
- ਦੂਸਰਿਆਂ ਦੇ ਅਨੁਭਵ ਦਾ ਲਾਭ ਉਠਾਉਣ ਵਾਲਾ ਬੁੱਧੀਮਾਨ ਹੁੰਦਾ ਹੈ।
- ਜੀਵਨ ਦੀਆਂ ਬਹੁਮੁੱਲੀਆਂ ਨਿਆਮਤਾਂ ਨਿਰਾਸ਼ਾ, ਅਤਿਆਚਾਰ ਅਤੇ ਵਿਛੋੜੇ ਪਿੱਛੋਂ ਹੀ ਮਿਲਦੀਆਂ ਹਨ, ਪਰ ਕਈ ਵਾਰ ਦੁੱਖਾਂ ਦੀ ਬਹੁਤਾਤ ਦਿਮਾਗ਼ ਨੂੰ ਧੁੰਦਲਾ ਵੀ ਕਰ ਸਕਦੀ ਹੈ, ਪਰ ਇਹ ਵੀ ਸੱਚ ਹੈ ਕਿ ਦੁੱਖਾਂ ਤੋਂ ਬਗ਼ੈਰ ਨਿਆਮਤਾਂ ਦੀ ਕੋਈ ਕਦਰ ਨਹੀਂ ਹੁੰਦੀ।
- ਜੋ ਆਦਰਸ਼ ਸਥਿਰ ਰਹਿਣ ਅਤੇ ਆਤਮਾ ਨਿਡਰ ਰਹੇ ਤਾਂ ਅਸਫਲਤਾ ਹੋ ਹੀ ਨਹੀਂ ਸਕਦੀ। ਅਸਲ ਅਸਫਲਤਾ ਅਸੂਲਾਂ ਤੋਂ ਡਿੱਗਣਾ, ਆਪਣੇ ਹੱਕਾਂ ਨੂੰ ਛੱਡਣਾ ਤੇ ਬੇਇਨਸਾਫ਼ੀ ਦੇ ਅੱਗੇ ਜ਼ਿੱਲਤ ਨਾਲ ਝੁਕ ਜਾਣਾ ਹੈ।
- ਅੱਜਕੱਲ੍ਹ ਦੀ ਸਭਿਅਤਾ ਬੁਰਾਈ ਨਾਲ ਭਰੀ ਪਈ ਹੈ ਪਰ ਇਸ ਵਿੱਚ ਚੰਗਿਆਈ ਦੀ ਵੀ ਕੋਈ ਘਾਟ ਨਹੀਂ ਅਤੇ ਇਸ ਵਿੱਚ ਉਹਨਾਂ ਬੁਰਾਈਆਂ ਤੋਂ ਪਿੱਛਾ ਛੁਡਾਉਣ ਦੀ ਸਮਰੱਥਾ ਹੈ। ਇਸ ਨੂੰ ਜੜ੍ਹੋਂ ਪੁੱਟਣ ਦਾ ਭਾਵ ਇਸ ਦੀ ਇਸ ਸਮਰੱਥਾ ਨੂੰ ਖ਼ਤਮ ਕਰਨਾ ਅਤੇ ਨੀਰਸ, ਬੇਰੌਣਕ ਅਤੇ ਦੁਖੀ ਜੀਵਨ ਵੱਲ ਮੁੜ ਜਾਣਾ ਹੈ।
- ਆਪਣੇ ਕਰਮਾਂ ਦੇ ਨਤੀਜਿਆਂ ਤੋਂ ਬਚਣ ਦਾ ਯਤਨ ਕਰਨਾ ਗ਼ਲਤ ਅਤੇ ਅਨੈਤਿਕ ਹੈ। ਇਹ ਭੈੜੀ ਗੱਲ ਹੈ ਕਿ ਪਹਿਲਾਂ ਆਪਣੀ ਹਵਸ ਪੂਰੀ ਕਰ ਲਵੋ ਅਤੇ ਫੇਰ ਨਤੀਜਿਆਂ ਤੋਂ ਬਚਣ ਲਈ ਟਾਨਿਕ ਜਾਂ ਹੋਰ ਦਵਾਈਆਂ ਲਵੋ। ਇਹ ਮਨੁੱਖ ਲਈ ਉਸ ਤੋਂ ਵੀ ਭੈੜਾ ਹੈ ਕਿ ਵਿਸ਼ੇ ਵਿਕਾਰਾਂ ਵਿੱਚ ਗ੍ਰਸਤ ਹੋਵੇ ਅਤੇ ਫਿਰ ਆਪਣੇ ਕੁਕਰਮਾਂ ਦੇ ਨਤੀਜਿਆਂ ਤੋਂ ਲੁਕਦਾ ਫਿਰੇ।
- ਆਉਣ ਵਾਲਾ ਜੀਵਨ, ਜੋ ਸਦੀਵੀਂ ਹੋਵੇਗਾ, ਸੰਬੰਧੀ ਵਿਚਾਰ ਕੀਤੇ ਬਿਨਾਂ ਅਸੀਂ ਨਾ ਇਸ ਸੰਸਾਰ ਨੂੰ ਸਮਝ ਸਕਦੇ ਹਾਂ ਅਤੇ ਨਾ ਹੀ ਇਸਦਾ ਸਹੀ ਮੁੱਲ ਪਾ ਸਕਦੇ ਹਾਂ।
- ਭੁੱਖੇ ਮਰਦੇ ਵਿਅਕਤੀ ਲਈ ਸਭਿਆਚਾਰ ਅਤੇ ਆਤਮਿਕ ਪ੍ਰਗਤੀ ਕੋਈ ਅਰਥ ਨਹੀਂ ਰੱਖਦੀ। ਉਸ ਲਈ ਭੋਜਨ ਅਤੇ ਇਸ ਨੂੰ ਪ੍ਰਾਪਤ ਕਰਨ ਦੀ ਚਿੰਤਾ ਹੀ ਪ੍ਰਮੁੱਖ ਹੁੰਦੀ ਹੈ।

ਇਬਰਾਹੀਮ ਲਿੰਕਨ

ਇਬਰਾਹੀਮ ਲਿੰਕਨ ਦਾ ਜਨਮ 1809 ਈ. ਵਿੱਚ ਅਮਰੀਕਾ ਵਿੱਚ ਹੋਇਆ ਸੀ। ਘਰ ਵਿੱਚ ਬਹੁਤ ਗ਼ਰੀਬੀ ਸੀ। 15 ਸਾਲ ਦੀ ਉਮਰ ਤੱਕ ਉਹ ਅੱਖਰ ਗਿਆਨ ਤੋਂ ਬਿਲਕੁਲ ਕੋਰੇ ਸਨ। ਉਹ ਪਿਤਾ ਨਾਲ ਲੱਕੜਾਂ ਕੱਟ ਵੇਚ ਕੇ ਰੋਟੀ-ਰੋਜ਼ੀ ਕਮਾਉਂਦੇ ਸਨ। 20 ਸਾਲ ਦੀ ਉਮਰ ਵਿੱਚ ਆਪ ਨੇ ਪੁਸਤਕਾਂ ਖ਼ਰੀਦ ਕੇ ਸ਼ੌਕ ਵਜੋਂ ਪੜ੍ਹਨਾ ਸ਼ੁਰੂ ਕੀਤਾ। ਅੰਤ ਆਪਣੀ ਲਗਨ, ਮਿਹਨਤ, ਈਮਾਨਦਾਰੀ ਅਤੇ ਦ੍ਰਿੜ ਨਿਸ਼ਚੇ ਦੇ ਬਲਬੂਤੇ ਉਹ ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਬਣੇ।

- ਮਜ਼ਦੂਰ ਦਾ ਪਸੀਨਾ ਸੁੱਕਣ ਤੋਂ ਪਹਿਲਾਂ ਉਸਦੀ ਮਿਹਨਤ ਉਸਦੇ ਜੇਬ ਵਿੱਚ ਹੋਣੀ ਚਾਹੀਦੀ ਹੈ।
- ਜ਼ਿਆਦਾਤਰ ਲੋਕ ਅਕਸਰ ਉਨੇ ਹੀ ਸੁਖੀ ਹੁੰਦੇ ਹਨ ਜਿੰਨਾ ਸੁਖੀ ਹੋਣ ਦਾ ਉਹ ਨਿਸ਼ਚਾ ਕਰ ਲੈਂਦੇ ਹਨ।
- ਤੁਸੀਂ ਕੁਝ ਲੋਕਾਂ ਨੂੰ ਸਦਾ ਵਾਸਤੇ ਬੁੱਧੂ ਬਣਾ ਸਕਦੇ ਹੋ ਤੇ ਸਾਰੇ ਲੋਕਾਂ ਨੂੰ ਕੁਝ ਸਮੇਂ ਲਈ ਪਰ ਤੁਸੀਂ ਸਾਰਿਆਂ ਨੂੰ ਸਦਾ ਵਾਸਤੇ ਬੁੱਧੂ ਨਹੀਂ ਬਣਾ ਸਕਦੇ।
- ਆਪਣੀ ਕਮਜ਼ੋਰੀ ਨੂੰ ਮੰਨ ਲੈਣਾ ਕੋਈ ਅਪਮਾਨ ਨਹੀਂ, ਉਸਨੂੰ ਦਰੁਸਤ ਕਰਨ ਲਈ ਯਤਨ ਨਾ ਕਰਨ, ਭਾਰੀ ਅਪਮਾਨ ਵਾਲੀ ਗੱਲ ਹੈ।
- ਧੋਖਾ ਦੇ ਕੇ ਕਾਮਯਾਬ ਹੋਣ ਨਾਲੋਂ ਨਾਕਾਮ ਰਹਿ ਜਾਣਾ ਕਿਤੇ ਆਦਰ-ਮਾਣ ਵਾਲੀ ਗੱਲ ਹੈ।
- ਖ਼ੂਨ-ਪਸੀਨੇ ਨਾਲ ਕਮਾਇਆ ਇਕ ਡਾਲਰ ਐਵੇਂ ਲੱਭ ਲਭਾਏ ਪੰਜ ਡਾਲਰਾਂ ਨਾਲੋਂ ਕਿਤੇ ਵਧੇਰੇ ਕੀਮਤੀ ਹੁੰਦਾ ਹੈ।
- ਜੇ ਸਾਨੂੰ ਇਹ ਪਤਾ ਲੱਗ ਸਕੇ ਕਿ ਅਸੀਂ ਕਿੱਥੇ ਹਾਂ ਅਤੇ ਕਿੱਧਰ ਨੂੰ ਜਾ ਰਹੇ ਹਾਂ ਤਾਂ ਸਾਨੂੰ ਇਹ ਪਤਾ ਲੱਗ ਸਕਦਾ ਹੈ ਕਿ ਅਸੀਂ ਕੀ ਕਰਨਾ ਹੈ ਅਤੇ ਕਿਵੇਂ ਕਰਨਾ ਹੈ।
- ਪ੍ਰਤਿਭਾ ਕਾਦਰ ਵੱਲੋਂ ਬਖ਼ਸ਼ੀ ਇਕ ਅਨਮੋਲ ਦਾਤ ਹੈ। ਇਸਨੂੰ ਮਨੁੱਖ ਘਟਾ ਵਧਾ ਨਹੀਂ ਸਕਦਾ ਪਰ ਇਸਨੂੰ ਤਰਾਸ਼ ਕੇ ਚਮਕਾਇਆ ਜ਼ਰੂਰ ਜਾ ਸਕਦਾ ਹੈ।
- ਲੋਕ ਸਦਾ ਸੱਚੇ ਹੁੰਦੇ ਹਨ ਅਤੇ ਉਹ ਕਦੇ ਕਿਸੇ ਨੂੰ ਕੁਰਾਹੇ ਨਹੀਂ ਪਾਉਂਦੇ।
- ਲੋਕਤੰਤਰ ਲੋਕਾਂ ਦੀ, ਲੋਕਾਂ ਦੁਆਰਾ ਤੇ ਲੋਕਾਂ ਲਈ ਚੁਣੀ ਸਰਕਾਰ ਹੁੰਦੀ ਹੈ।

- ਹਮੇਸ਼ਾ ਆਪਣੇ ਆਪ ਵਿੱਚ ਉੱਚਾ-ਸੁੱਚਾ ਯਕੀਨ ਰੱਖੋ, ਕਿਉਂਕਿ ਇਸ ਨਾਲ ਹੀ ਸਾਡੇ ਅੰਦਰ ਮਨੁੱਖਤਾ ਵਿੱਚ ਸੱਚਾ-ਸੁੱਚਾ ਵਿਸ਼ਵਾਸ ਜਾਗੇਗਾ।
- ਸੰਸਾਰ ਉਹਨਾਂ ਲਈ ਰਸਤਾ ਛੱਡ ਦਿੰਦਾ ਹੈ ਜੋ ਇਹ ਮੰਨਦੇ ਹਨ ਕਿ ਉਹਨਾਂ ਨੇ ਕਿੱਥੇ ਜਾਣਾ ਹੈ।
- ਢਾਲੋ ਮੇਰੇ ਬੱਚੇ ਨੂੰ ਕੁਝ ਇਸ ਤਰ੍ਹਾਂ ਕਿ ਉਸਨੂੰ ਇਹ ਗੱਲ ਸਿੱਖਣੀ ਪਏਗੀ ਕਿ ਸਾਰੇ ਬੰਦੇ ਇਨਸਾਫ਼-ਪਸੰਦ ਨਹੀਂ ਹੁੰਦੇ, ਕਿ ਸਾਰੇ ਆਦਮੀ ਸੱਚੇ ਨਹੀਂ ਹੁੰਦੇ। ਪਰ ਉਸਨੂੰ ਇਹ ਸਿੱਖਿਆ ਵੀ ਦਿਓ ਕਿ ਧਰਤੀ 'ਤੇ ਜਿੱਥੇ ਇਕ ਹੋਛਾ ਬੰਦਾ ਹੈ ਉਥੇ ਇਕ ਸੂਰਬੀਰ ਵਰਿਆਮ ਵੀ ਹੈ ਅਤੇ ਇਹ ਵੀ ਕਿ ਹਰੇਕ ਖ਼ੁਦਗਰਜ਼ ਪਿੱਛੇ ਇਕ ਸਮਰਪਣ ਭਾਵਨਾ ਵਾਲਾ ਰਾਹ-ਨੁਮਾ ਹੈ। ਉਸਨੂੰ ਸਿਖਾਓ ਕਿ ਜਿੱਥੇ ਇਕ ਵੈਰੀ ਹੈ, ਉਥੇ ਇਕ ਮਿੱਤਰ ਵੀ ਹੈ।
- ਨਿਰਾਸ਼ਾ ਵਿਹਲੇ ਬੈਠਣ ਨਾਲ ਉਪਜਦੀ ਹੈ ਅਤੇ ਕੰਮ ਨਾ ਕਰਨ ਵਾਲਾ ਵਿਅਕਤੀ ਕਿਸੇ ਵੀ ਮਹਾਨ ਆਦਰਸ਼ ਦੇ ਯੋਗ ਨਹੀਂ ਹੁੰਦਾ।
- ਜੋ ਵੀ ਕੋਈ ਜਨਤਾ ਦਾ ਮਨ ਜਿੱਤਣਾ ਚਾਹੁੰਦਾ ਹੋਵੇ ਉਸਨੂੰ ਉਸ ਚਾਬੀ ਦਾ ਪਤਾ ਹੋਣਾ ਚਾਹੀਦਾ ਹੈ ਜੋ ਉਹਨਾਂ ਦੇ ਦਿਲਾਂ ਦੇ ਦਰਵਾਜ਼ੇ ਖੋਲ੍ਹ ਸਕੇ।
- ਜੋ ਕੁਝ ਮੈਂ ਹਾਂ, ਜਾਂ ਹੋਣ ਦੀ ਆਸ ਰੱਖਦਾ ਹਾਂ, ਆਪਣੀ ਫ਼ਰਿਸ਼ਤਿਆਂ ਵਰਗੀ ਮਾਂ ਦੇ ਸਦਕੇ ਹਾਂ।
- ਜੋ ਪਰਜਾ ਜਾਂ ਵਿਅਕਤੀ ਸ਼ਕਤੀਸ਼ਾਲੀ ਹੋਵੇ, ਉਸਨੂੰ ਆਪਣੀ ਤਾਕਤ ਦੀ ਵਰਤੋਂ ਗ਼ਰੀਬ ਅਤੇ ਨਿਤਾਣੇ ਲੋਕਾਂ ਦਾ ਦੁੱਖ ਹਰਨ ਲਈ ਕਰਨੀ ਚਾਹੀਦੀ ਹੈ ਨਾ ਕਿ ਅਜਿਹੇ ਲੋਕਾਂ ਨੂੰ ਦਰਾੜਨ ਲਈ।
- ਸਫਲ ਜੀਵਨ ਲਈ ਸਭ ਤੋਂ ਚੰਗਾ ਅਸੂਲ ਇਹ ਹੈ ਕਿ ਅਸੀਂ ਆਪਣੇ ਕੰਮ ਨੂੰ ਮਿਲ ਰਹੇ ਮਜ਼ਦੂਰੀ ਨਾਲੋਂ ਵਧੇਰੇ ਤੇ ਚੰਗਾ ਕਰੀਏ।
- ਵੋਟ ਬੰਦੂਕ ਦੀ ਗੋਲੀ ਨਾਲੋਂ ਵੱਧ ਸ਼ਕਤੀਸ਼ਾਲੀ ਹੈ।
- ਚਰਿੱਤਰ ਇਕ ਰੁੱਖ ਹੈ ਅਤੇ ਪ੍ਰਸਿੱਧੀ ਉਸਦੀ ਛਾਂ।
- ਹੱਥੀਂ ਕੰਮ ਕਰਨ ਵਾਲੇ ਖਰ੍ਹਵੇ ਹੱਥ, ਜਿਹੜੇ ਕੁਝ ਕਰਨ ਸਿਰਜਣ ਦੇ ਸਮਰੱਥ ਹੁੰਦੇ ਹਨ, ਉਹ ਨਾਜ਼ੁਕ, ਵਿਹਲੜ ਹੱਥਾਂ ਨਾਲੋਂ ਕਿਤੇ ਜ਼ਿਆਦਾ ਖ਼ੂਬਸੂਰਤ ਹੁੰਦੇ ਹਨ।
- ਆਪਣੀ ਖੁਸ਼ੀ ਦੇ ਸਾਰੇ ਪਿਆਲਿਆਂ ਨੂੰ ਦੂਸਰਿਆਂ ਨੂੰ ਸਮਰਪਿਤ ਕਰਨ ਤੋਂ ਵੱਧ ਕੇ ਹੋਰ ਕਿਹੜਾ ਦੈਵੀ ਕੰਮ ਹੋ ਸਕਦਾ ਹੈ? ਦੂਜਿਆਂ ਲਈ ਸੁੱਖ ਮੰਗਣਾ ਹੀ ਸਵਰਗ ਦਾ ਸਭ ਤੋਂ ਵੱਡਾ ਸੁੱਖ ਹੈ।
- ਲੜਾਈ ਵਿਚ ਹਮੇਸ਼ਾ ਸੱਚ ਗੁਆਚ ਜਾਂਦਾ ਹੈ।
- ਇਕ ਡਰਪੋਕ ਆਦਮੀ ਉਹ ਹੁੰਦਾ ਹੈ, ਜਿਹੜਾ ਸੰਕਟ ਵੇਲੇ ਆਪਣੀਆਂ ਲੱਤਾਂ ਰਾਹੀਂ ਸੋਚਦਾ ਹੈ।

ਗੁਰਬਖ਼ਸ਼ ਸਿੰਘ ਪ੍ਰੀਤਲੜੀ

ਜਨਮ- 26 ਅਪ੍ਰੈਲ 1893 ਮੌਤ- 1977

ਪ੍ਰੀਤਲੜੀ ਦਾ ਜਨਮ ਸਿਆਲਕੋਟ (ਪਾਕਿਸਤਾਨ) ਵਿੱਚ ਹੋਇਆ। ਉਹਨਾਂ ਨੇ ਆਪਣੇ ਜੀਵਨ ਵਿੱਚ ਦੁਨੀਆ ਦੇ ਅਨੇਕਾਂ ਮੁਲਕਾਂ ਦੀ ਸੈਰ ਕੀਤੀ ਅਤੇ 1933 ਵਿੱਚ ਮਾਸਿਕ ਪੱਤਰ 'ਪ੍ਰੀਤਲੜੀ' ਜਾਰੀ ਕੀਤਾ ਅਤੇ ਸਾਰੀ ਜ਼ਿੰਦਗੀ ਸਾਹਿਤ ਦੇ ਲੇਖੇ ਲਾਈ।

➢ ਪਿਆਰ ਤੇ ਧਰਮ ਇਕ ਹੀ ਮਨੁੱਖੀ ਜਜ਼ਬਾ ਹੈ। ਪਿਆਰ ਆਰੰਭ ਹੈ ਤਾਂ ਧਰਮ ਉਸਦੀ ਮੰਜ਼ਿਲ। ਪਿਆਰ ਮਨੁੱਖ ਨੂੰ ਮਨੁੱਖ ਨਾਲ ਜੋੜਦਾ ਹੈ, ਧਰਮ ਮਨੁੱਖ ਨੂੰ ਸਾਰੀ ਸ੍ਰਿਸ਼ਟੀ ਨਾਲ ਇਕ ਕਰਦਾ ਹੈ।

➢ ਈਰਖਾ ਮਨੁੱਖੀ ਹਿਰਦੇ ਦੀ ਸਿਉਂਕ ਹੈ ਜਦੋਂ ਜੜ੍ਹੀਂ ਲੱਗ ਜਾਵੇ, ਰੰਗ ਫਿੱਕਾ, ਅੱਖਾਂ ਘੁੱਟੀਆਂ, ਬੁੱਲ੍ਹਾਂ ਦੇ ਕੋਨੇ ਨੀਵੇਂ ਹੋਣ ਲੱਗ ਪੈਂਦੇ ਹਨ।

➢ ਸਾਡੇ ਸ਼ਬਦ ਜ਼ਿੰਦਗੀ ਦਾ ਜ਼ਹਿਰ ਹਨ। ਸ਼ਿਕਾਇਤੀ ਸ਼ਬਦ ਖ਼ੁਸ਼ੀ ਦੇ ਕਾਤਲ ਹਨ। ਚੋਭਵੇਂ ਸ਼ਬਦ ਦੋ-ਨੋਕੀਏ ਤੀਰ ਹਨ, ਜਿਹੜੇ ਦੂਜੇ ਨਾਲੋਂ ਵਧੀਕ ਆਪਣੇ ਆਪ ਨੂੰ ਜ਼ਖ਼ਮੀ ਕਰਦੇ ਹਨ।

➢ ਮੌਤ ਜ਼ਿੰਦਗੀ ਦਾ ਸਭ ਤੋਂ ਵੱਡਾ ਉਸਾਰੂ ਹੰਭਲਾ ਹੈ। ਜ਼ਿੰਦਗੀ ਸ਼ਾਗਿਰਦ ਹੈ, ਮੌਤ ਅਧਿਆਪਕਾ ਹੈ। ਜ਼ਿੰਦਗੀ ਸਲੇਟ ਉੱਤੇ ਮੂਰਤਾਂ ਬਣਾਂਦੀ ਹੈ, ਅਧਿਆਪਕਾ ਮੌਤ ਉਸਨੂੰ ਸੁਧਾਈ ਦੇ ਇਸ਼ਾਰੇ ਦੇਂਦੀ ਰਹਿੰਦੀ ਹੈ।

➢ ਪਿਆਰ ਕਬਜ਼ਾ ਨਹੀਂ ਪਹਿਚਾਣ ਹੈ।

➢ ਜਿਹੜੀ ਕੌਮ ਆਪਣੀਆਂ ਇਸਤਰੀਆਂ ਵੱਲੋਂ ਬੇ-ਧਿਆਨ ਹੈ, ਉਹ ਉਸ ਮੂਰਖ ਕਿਸਾਨ ਵਾਂਗ ਹੈ ਜਿਹੜਾ ਚੰਗੇ ਫਾਰਮਾਂ ਤੋਂ ਵਧੀਆ ਬੀਜ ਲਿਆਉਂਦਾ ਹੈ, ਪਰ ਆਪਣੀ ਜ਼ਮੀਨ ਵਿੱਚ ਨਾ ਖਾਦ ਪਾਉਂਦਾ ਹੈ, ਨਾ ਉਸ ਵਿਚੋਂ ਘਾਹ ਕੱਢਦਾ ਹੈ।

➢ ਕੀ ਰੱਬ ਬੰਦੇ ਕੋਲੋਂ ਬੰਦਿਆਂ ਦੀ ਖਿਦਮਤ ਨਾਲੋਂ ਆਪਣੀ ਬੰਦਗੀ ਨੂੰ ਵਡੇਰਾ ਦਰਜਾ ਦੇ ਕੇ ਵੀ ਰੱਬ ਅਖਵਾਉਣ ਦਾ ਹੱਕਦਾਰ ਹੋ ਸਕਦਾ ਹੈ?

➢ ਚੰਗਾ ਚਾਲ-ਚਲਣ ਆਪਣੇ ਆਪ ਵਿੱਚ ਮਨੋਰਥ ਨਹੀਂ, ਕਿਸੇ ਮਨੋਰਥ ਨੂੰ ਹੱਲ ਕਰਨ ਲਈ ਮੁਨਾਸਬ ਵਸੀਲਾ ਹੈ। ਇਹ ਮਨੋਰਥ ਅਮੀਰੀ ਨਾਲ ਅਮੀਰ ਹੁੰਦਾ ਹੈ।

➢ ਸਾਦਗੀ ਇਕ ਹੁਨਰ ਹੈ। ਸਾਦਗੀ ਸੁੰਦਰਤਾ ਦਾ ਹਿੱਸਾ ਹੈ ਤੇ ਜਿਹੜੀ ਸਾਦਗੀ ਸੁੰਦਰਤਾ ਨਹੀਂ ਵਧਾਂਦੀ, ਉਹ ਕੁਚੱਜੀ ਹੈ।

- ਕਿਸੇ ਮਨੁੱਖ ਲਈ ਸਭ ਤੋਂ ਵੱਡੀ ਤਸੱਲੀ ਉਸਦਾ ਲਾਇਕ ਬੱਚਾ ਹੈ।
- ਪਿਆਰ ਜ਼ਿੰਦਗੀ ਦਾ ਮੂਲ ਜਜ਼ਬਾ ਹੈ। ਇਹ ਜਜ਼ਬਾ ਏਕਤਾ ਦੀ ਗਵਾਹੀ ਹੈ। ਪਿਆਰ ਕੁਝ ਮੰਗਦਾ ਨਹੀਂ। ਪਿਆਰ ਦਾ ਅਸਲ ਮਨੋਰਥ ਦੂਜੇ ਨੂੰ ਸੁਖ ਦੇਣਾ ਹੈ। ਪਿਆਰ ਇਕ ਆਤਮਾ ਦਾ ਦੂਜੀ ਆਤਮਾ ਨੂੰ ਛੂਹ ਲੈਣਾ ਹੈ।
- ਬੱਚੇ ਸਾਡੀ ਧਰਤੀ ਦੇ ਫੁੱਲ ਹਨ ਤੇ ਅਸੀਂ ਸਿਆਣੇ ਇਹਨਾਂ ਫੁੱਲਾਂ ਦੇ ਮਾਲੀ ਹਾਂ, ਦਰਸ਼ਕ ਹਾਂ, ਰਖਵਾਲੇ ਹਾਂ।
- ਖ਼ੁਸ਼ੀ ਉਹ ਫਸਲ ਹੈ, ਜਿਹੜੀ ਆਪਣੀ ਪੈਲੀ ਵਿੱਚ ਕਦੇ ਨਹੀਂ ਉਗਦੀ ਕਿਸੇ ਦੂਜੇ ਦੀ ਪੈਲੀ ਵਿੱਚ ਬੀਜਣੀ ਪੈਂਦੀ ਹੈ।
- ਬਦਲਾ ਲੈਣ ਦੀ ਖ਼ਾਹਸ਼ ਮਨ ਦਾ ਸਾਰਾ ਚੈਨ ਉਡਾ ਦਿੰਦੀ ਹੈ।
- ਕਈ ਜਿੱਤਦੇ ਹਨ, ਪਰ ਉਹਨਾਂ ਵਿੱਚ ਜਿਊਣ ਦਾ ਠਰੰਮਾ ਨਹੀਂ ਹੁੰਦਾ। ਕਈਆਂ ਵਿੱਚ ਆਪਣੀ ਹਾਰ ਨੂੰ ਬਰਦਾਸ਼ਤ ਕਰਨ ਦਾ ਜਿਗਰਾ ਨਹੀਂ ਹੁੰਦਾ। ਖ਼ੂਬਸੂਰਤ ਹਾਰ ਕੁਹਜੀ ਜਿੱਤ ਨਾਲੋਂ ਜ਼ਿੰਦਗੀ ਦੇ ਇਮਤਿਹਾਨ ਵਿੱਚ ਬਹੁਤੇ ਨੰਬਰ ਲੈਂਦੀ ਹੈ।
- ਸ਼ਖ਼ਸੀਅਤ ਹੀ ਚਿਹਰੇ ਦਾ ਹੁਸਨ ਹੈ ਤੇ ਸ਼ਖ਼ਸੀਅਤ ਦਾ ਪ੍ਰਕਾਸ਼ ਸਿਰਫ਼ ਆਪਣੀ ਮਰਜ਼ੀ ਦੇ ਅਮਲਾਂ ਵਿਚੋਂ ਹੀ ਹੋ ਸਕਦਾ ਹੈ।
- ਦਲੇਰੀ ਹੀ ਤਾਕਤ ਦੀ ਰੂਹ ਹੈ। ਇਸਦੀ ਸਿੱਖਿਆ ਬਚਪਨ ਵਿੱਚ ਹੀ ਦਿੱਤੀ ਜਾ ਸਕਦੀ ਹੈ।
- ਲੇਖਕ ਮਾਨਵਜਾਤੀ ਦੀਆਂ ਅੱਖਾਂ ਤੇ ਮਨ ਹਨ।
- ਚੰਗੇ ਮਨੁੱਖ ਦਾ ਮੇਲ ਆਪਣੇ ਆਪ ਵਿੱਚ ਇਕ ਨਸ਼ਾ ਹੈ।
- ਜਦ ਤੱਕ ਲੋਕ ਇਸ ਦੁਨੀਆ ਨੂੰ ਸੁਪਨਾ ਸਮਝਦੇ ਰਹਿਣਗੇ, ਉਹਨਾਂ ਵਿੱਚ ਸਾਹਿਤ ਦਾ ਸ਼ੌਕ ਪੈਦਾ ਨਹੀਂ ਹੋ ਸਕਦਾ।
- ਬਿਨਾ ਸਰੀਰਕ ਤੰਦਰੁਸਤੀ ਦੇ ਬਹੁਤੀ ਪੜ੍ਹਾਈ ਲਿਖਾਈ ਉਸ ਸ਼ੀਸ਼ ਮਹਿਲ ਵਾਂਗ ਹੈ, ਜਿਸਦੀ ਛੱਤ ਕੱਚੀਆਂ ਇੱਟਾਂ ਦੀ ਬਣੀ ਹੋਈ ਹੈ ਤੇ ਉਪਰਲੀਆਂ ਛੱਤਾਂ ਉੱਤੇ ਬੜੀ ਮੀਨਾਕਾਰੀ ਕੀਤੀ ਜਾ ਰਹੀ ਹੈ ਤੇ ਹਰ ਚੀਜ਼ ਪੱਕੀ ਬਣਾਈ ਜਾ ਰਹੀ ਹੈ। ਕੱਚੀਆਂ ਇੱਟਾਂ ਪੱਕੀਆਂ ਇੱਟਾਂ ਦਾ ਵਾਰ ਬਹੁਤਾ ਚਿਰ ਝੱਲ ਨਹੀਂ ਸਕਦੀਆਂ ਤੇ ਅੰਤ ਇਹ ਸ਼ੀਸ਼ ਮਹਿਲ ਬੜੀ ਛੇਤੀ ਡਿੱਗ ਪੈਂਦਾ ਹੈ।
- ਇਕਾਂਤ ਤੇ ਗੰਭੀਰਤਾ ਆਪਣੀ ਆਤਮਾ ਦੇ ਰਤਨ ਸਾਗਰ ਵਿੱਚ ਚੁੱਭੀਆਂ ਹਨ। ਜਿਹੜਾ ਇਹ ਚੁੱਭੀਆਂ ਨਹੀਂ ਲਾ ਸਕਦਾ, ਉਹ ਮੋਤੀਆਂ ਦੀ ਆਸ ਵੀ ਨਹੀਂ ਰੱਖ ਸਕਦਾ।
- ਸੱਭਿਅਤਾ ਦਾ ਯਕੀਨੀ ਸੋਮਾ ਰੌਸ਼ਨ ਦਿਮਾਗ਼ ਦੀਆਂ ਮਾਲਕ ਇਸਤਰੀਆਂ ਹਨ। ਰੌਸ਼ਨ ਦਿਮਾਗ ਇਸਤਰੀ ਮਨੁੱਖ ਦੀ ਹੋਣੀ ਨੂੰ ਸੰਪੂਰਨ ਕਰ ਸਕਦੀ ਹੈ। ਜਿਸ ਭਾਈਚਾਰੇ ਦੀਆਂ ਇਸਤਰੀਆਂ ਸੁਤੰਤਰ ਤੇ ਸਿੱਖਿਅਤ ਨਹੀਂ, ਉਹ

ਇਸ ਤਰ੍ਹਾਂ ਹੈ ਜਿਸ ਤਰ੍ਹਾਂ ਉਹ ਗ੍ਰਹਿ ਜਿਸ ਦਾ ਇਕ ਪਾਸਾ ਚਿੱਬ ਖੜਿੱਬਾ ਤੇ ਦੂਜਾ ਚੰਗਾ ਹੋਵੇ। ਸਿਖਿਅਤ ਇਸਤਰੀ ਦੀ ਸ਼ਖ਼ਸੀਅਤ ਵਿਚੋਂ ਸੁਹਜ, ਸ਼ਫਾਈ ਤਰਤੀਬ ਤੇ ਸੁਚੱਜਤਾ ਦੀਆਂ ਉਹ ਕਿਰਨਾਂ ਉਠਦੀਆਂ ਹਨ ਜਿਨ੍ਹਾਂ ਦੀ ਛੁਹ ਤੇ ਝਾਤੀ ਜ਼ਿੰਦਗੀ ਨੂੰ ਕੋਮਲ ਤੇ ਖ਼ੂਬਸੂਰਤ ਬਣਾਉਂਦੀ ਹੈ।

➢ ਪਿਆਰ ਜ਼ਿੰਦਗੀ ਦੀ ਇਕ ਸਰਬ ਵਿਆਪਕ ਸੱਚਾਈ ਹੈ, ਜਿਹੜੀ ਕਿਸੇ ਨਾ ਕਿਸੇ ਉਮਰ ਵਿੱਚ ਹਰੇਕ ਇਸਤਰੀ ਪੁਰਸ਼ ਦੇ ਦਿਲ ਦਾ ਗੁੱਝਾ ਜਾਂ ਉਘੜਿਆ ਸੁਪਨਾ ਹੁੰਦੀ ਹੈ।

➢ ਜ਼ਿੰਦਗੀ ਵਿਚੋਂ ਡਰ, ਨਫ਼ਰਤ ਤੇ ਬੇ-ਭਰੋਸਗੀ ਨੂੰ ਦੂਰ ਕਰਨ ਦੀ ਹਰ ਕੋਸ਼ਿਸ਼ ਮਨੁੱਖ ਨੂੰ ਆਪਣੀ ਖ਼ੁਸ਼ੀ ਦੇ ਟੀਚੇ ਦੇ ਨੇੜੇ ਲੈ ਜਾਏਗੀ। ਖ਼ੁਸ਼ੀ ਆਪਣੀ ਅੰਤਲੀ ਪਰਖ ਵਿੱਚ ਪਿਆਰ ਤੇ ਸੇਵਾ ਦੇ ਵਲ ਅਤੇ ਫ਼ੁੱਲ ਦੇ ਛੁੱਟ ਹੋਰ ਕੁਝ ਨਹੀਂ।

➢ ਧਨ, ਔਲਾਦ ਤੇ ਨਾਮਣਾ ਅਨੇਕਾਂ ਮਨੁੱਖਾਂ ਨੂੰ ਹਰ ਯੁਗ ਵਿੱਚ ਪ੍ਰਾਪਤ ਹੁੰਦੇ ਆਏ ਹਨ, ਪਰ ਇਤਿਹਾਸ ਸਿਰਫ ਵਿਰਲੀਆਂ ਖ਼ੁਸ਼-ਹਸਤੀਆਂ ਦਾ ਵਰਣਨ ਹੀ ਕਰਦਾ ਹੈ, ਜਿਨ੍ਹਾਂ ਨੂੰ ਯਾਦ ਕਰਦਿਆਂ ਸਾਡੇ ਦੁੱਖ ਭੱਜਦੇ ਤੇ ਆਸਾਂ ਹਰੀਆਂ ਹੁੰਦੀਆਂ ਹਨ। ਇਨ੍ਹਾਂ ਖ਼ੁਸ਼-ਹਸਤੀਆਂ ਵਿਚੋਂ ਕਈਆਂ ਨੂੰ ਧਨ, ਔਲਾਦ ਤੇ ਨਾਮਣੇ ਦੀਆਂ ਬਰਕਤਾਂ ਵੀ ਹਾਸਲ ਨਹੀਂ ਹੁੰਦੀਆਂ।

➢ ਤਸੱਲੀ ਦਾ ਰਾਜ਼ ਨਵੀਨਤਾ ਹੈ। ਜਵਾਨੀ ਦਾ ਆਨੰਦ, ਨਵੀਂ ਜ਼ਿੰਦਗੀ ਦੀਆਂ ਆਸਾਂ ਵਿੱਚ ਹੈ। ਬੁਢੇਪੇ ਦੀ ਉਦਾਸੀ ਨਵੀਆਂ ਦਿਲਚਸਪੀਆਂ ਦੇ ਮੁੱਕ ਜਾਣ ਵਿੱਚ ਹੈ।

➢ ਸਿਰਫ਼ ਉਹੀ ਮੁਲਕ ਅਮੀਰ ਤੇ ਮਾਲਾ-ਮਾਲ ਹੋ ਸਕਦੇ ਹਨ, ਜਿਹਨਾਂ ਦੇ ਲੋਕ ਆਪਣੇ ਆਪ ਲਈ ਸੋਚ ਸਕਦੇ ਹਨ। ਓਹੀ ਕੰਮ ਕਰਦੇ ਜਾਣਾ ਜੋ ਅੱਗੇ ਕਿਸੇ ਨੇ ਕਰ ਲਿਆ ਹੈ, ਰੁਕੇ ਵਿਕਾਸ ਦੀ ਨਿਸ਼ਾਨੀ ਹੈ।

➢ ਦੁਨੀਆ ਏਡੀ ਖ਼ਤਰਿਆਂ ਨਾਲ ਭਰਪੂਰ ਨਹੀਂ ਜੇਡੀ ਤਰੱਕੀ ਦੇ ਅਵਸਰਾਂ ਦਾ ਖ਼ਜ਼ਾਨਾ ਹੈ। ਇਹ ਨਿਰਾ ਭੁਲੇਖਾ ਹੈ ਕਿ ਦੁਨੀਆ ਨੂੰ ਅਵਤਾਰਾਂ ਦੀ ਲੋੜ ਹੈ। ਦੁਨੀਆ ਨੂੰ ਉਹਨਾਂ ਵਿਚਾਰਵਾਨਾਂ, ਵਿਗਿਆਨੀਆਂ ਤੇ ਕਾਮਿਆਂ ਦੀ ਲੋੜ ਹੈ ਜਿਹੜੇ ਇਸ ਜ਼ਿੰਦਗੀ ਨੂੰ ਸੁਖਾਲਾ ਬਣਾ ਸਕਣ।

ਥਾਮਸ ਕਾਰਲਾਇਲ

ਜਨਮ– 4 ਦਸੰਬਰ 1795 ਮੌਤ– 5 ਫਰਵਰੀ 1881

ਸਕਾਟਲੈਂਡ ਦਾ ਪ੍ਰਸਿੱਧ ਸਾਹਿਤਕਾਰ। ਇਹਨਾਂ ਨੇ ਇਤਿਹਾਸਕ ਜੀਵਨੀਆਂ ਸਾਹਿਤਕ ਸਮਾਲੋਚਨਾ, ਸਿਆਸੀ ਵਿਸ਼ਿਆਂ, ਸਮਾਜਕ ਵਿਗਿਆਨ ਜਿਹੇ ਵਿਸ਼ਿਆਂ ਉੱਪਰ ਲਿਖਿਆ। ਇਹਨਾਂ ਦੀ ਲਿਖਣ ਸ਼ੈਲੀ 'ਤੇ ਜਰਮਨ ਭਾਸ਼ਾ ਦਾ ਅਸਰ, ਸਕਾਟਲੈਂਡ ਦੇ ਗਿਰਜਿਆਂ ਵਿੱਚ ਵਖਿਆਨਾਂ ਦੀ ਤਰਜ਼ ਦੇ ਬਾਈਬਲ ਦੀ ਗੱਦ ਤੇ ਅਲੰਕਾਰਾਂ ਦਾ ਮਿਸ਼ਰਿਤ ਹੈ।

- ਆਦਮੀ ਦਾ ਸਭ ਤੋਂ ਵੱਡਾ ਔਗੁਣ ਆਪਣੇ ਕਿਸੇ ਔਗੁਣ ਤੋਂ ਜਾਣੂ ਨਾ ਹੋਣਾ ਹੈ।
- ਗਹਿਣਾ ਇਸਤਰੀ ਦਾ ਸ਼ਿੰਗਾਰ ਹੈ ਅਤੇ ਮਨੁੱਖ ਦਾ ਆਧਾਰ ਹੈ।
- ਜਦੋਂ ਮਨੁੱਖ ਹੌਸਲੇ ਨਾਂਅ ਦੀ ਬਿਜਲੀ ਦੀ ਧਾਰਾ ਨਾਲ ਆਪਣਾ ਸੰਬੰਧ ਜੋੜਨ ਦਾ ਗੁਰ ਸਿੱਖ ਲੈਂਦਾ ਹੈ ਤਾਂ ਆਪਣੀ ਕਾਰਜ ਕੁਸ਼ਲਤਾ ਵਿੱਚ ਲੱਖਾਂ ਗੁਣਾਂ ਵਾਧਾ ਕਰਨ ਵਿੱਚ ਸਮਰੱਥ ਹੋ ਜਾਂਦਾ ਹੈ।
- ਛੋਟੇ ਨਾਲ ਚੰਗਾ ਸਲੂਕ ਕਰਕੇ ਹੀ ਵੱਡਾ ਮਨੁੱਖ ਆਪਣਾ ਵਡੱਪਣ ਪ੍ਰਗਟ ਕਰਦਾ ਹੈ।
- ਅਨੁਭਵ ਦੀ ਪ੍ਰਾਪਤੀ ਲਈ ਭਾਰੀ ਮੁੱਲ ਚੁਕਾਉਣਾ ਪੈਂਦਾ ਹੈ, ਪਰ ਉਸ ਤੋਂ ਜਿਹੜੀ ਸਿੱਖਿਆ ਮਿਲਦੀ ਹੈ, ਉਹ ਹੋਰ ਕਿਸੇ ਸਾਧਨ ਨਾਲ ਨਹੀਂ ਮਿਲ ਸਕਦੀ।
- ਚੁੱਪ ਇਕ ਅਜਿਹਾ ਤੱਤ ਹੈ ਜਿਸ ਦੌਰਾਨ ਮਹਾਨ ਵਿਚਾਰ ਹੋਂਦ ਵਿੱਚ ਆਉਂਦੇ ਹਨ।
- ਆਪਣੇ ਆਪ ਨੂੰ ਇਕ ਇਮਾਨਦਾਰ ਇਨਸਾਨ ਬਣਾਓ ਤਾਂ ਤੁਹਾਨੂੰ ਯਕੀਨ ਆ ਜਾਵੇਗਾ ਕਿ ਇਕ ਕਪਟੀ ਬੰਦਾ ਇਸ ਦੁਨੀਆ 'ਚ ਘੱਟ ਹੋ ਗਿਆ ਹੈ।
- ਜਿਸਨੂੰ ਆਪਣਾ ਮਨਪਸੰਦ ਕੰਮ ਮਿਲ ਗਿਆ, ਸਮਝੋ ਉਸਨੂੰ ਆਪਣੀ ਰੂਹ ਮਿਲ ਗਈ।
- ਜੇ ਤੁਸੀਂ ਸੋਚਦੇ ਹੋ ਕਿ ਤੁਸੀਂ ਆਪਣੇ ਬਾਰੇ ਸਭ ਕੁਝ ਜਾਣਦੇ ਹੋ ਤਾਂ ਇਸ ਤੋਂ ਵੱਡੀ ਪਾਖੰਡ ਵਾਲੀ ਗੱਲ ਹੋਰ ਕੋਈ ਨਹੀਂ ਹੋਵੇਗੀ।

ਜਾਰਜ ਬਰਨਾਰਡ ਸ਼ਾਅ

ਨੋਬਲ ਪੁਰਸਕਾਰ ਦਾ ਇਹ ਵਿਜੇਤਾ ਪੰਜਾਹ ਸਾਲਾਂ ਤੋਂ ਵੱਧ ਸਮੇਂ ਲਈ ਅੰਗਰੇਜ਼ੀ ਸਾਹਿਤ ਜਗਤ 'ਤੇ ਛਾਇਆ ਰਿਹਾ। ਉਹ ਫ਼ਿਲਾਸਫਰ ਅਤੇ ਰਾਜਨੀਤਕ ਵਿਚਾਰਵਾਨ ਵੀ ਸੀ।ਉਹ ਸੁਕਰਾਤ ਪ੍ਰਚੀਨ ਯੂਨਾਨ ਦਾ ਹਾਮੀ ਸੀ। ਸ਼ਾਅ ਇਕ ਮਹਾਨ ਇਨਕਲਾਬੀ ਨਾਟਕਕਾਰ ਸੀ।

- ਜੋ ਕਰ ਸਕਦਾ ਹੈ, ਉਹ ਕਰਦਾ ਹੈ, ਜੋ ਨਹੀਂ ਕਰ ਸਕਦਾ, ਉਹ ਉਪਦੇਸ਼ ਦਿੰਦਾ ਹੈ।
- ਵਿਗਿਆਨ ਹਮੇਸ਼ਾ ਸਪੱਸ਼ਟ ਅਤੇ ਸੌਖਾ ਹੁੰਦਾ ਹੈ। ਖ਼ਤਰਨਾਕ ਤਾਂ ਸਿਰਫ਼ ਅੱਧੇ ਸੱਚ ਹੁੰਦੇ ਹਨ।
- ਤੁਹਾਨੂੰ ਖ਼ੁਸ਼ੀ ਪੈਦਾ ਕੀਤੇ ਬਿਨਾਂ ਖ਼ੁਸ਼ੀ ਮਾਨਣ ਦਾ ਕੋਈ ਅਧਿਕਾਰ ਨਹੀਂ ਜਿਵੇਂ ਕਿ ਤੁਹਾਨੂੰ ਦੌਲਤ ਪੈਦਾ ਕੀਤੇ ਬਿਨਾਂ ਦੌਲਤ ਮਾਨਣ ਦਾ ਕੋਈ ਅਧਿਕਾਰ ਨਹੀਂ।
- ਨਰਕ ਦੀ ਪਰਿਭਾਸ਼ਾ ਲਗਾਤਾਰ ਵਿਹਲ ਹੈ।
- ਜਿਸਦਾ ਕੰਮ ਬੋਲਦਾ ਹੈ ਉਸਨੂੰ ਆਪਣੇ ਕੰਮ ਬਾਰੇ ਬੋਲਣ ਦੀ ਲੋੜ ਨਹੀਂ।
- ਵਿਸ਼ਵਾਸ ਜੀਵਨ ਦੀ ਪ੍ਰੇਰਨਾ ਸ਼ਕਤੀ ਹੈ।
- ਪਿਆਰ ਦਾ ਮਤਲਬ ਹੈ ਕਿ ਇਕ ਔਰਤ ਨੂੰ ਦੂਜੀ ਔਰਤ ਨਾਲੋਂ ਬਹੁਤ ਜ਼ਿਆਦਾ ਵਧਾ ਚੜ੍ਹਾ ਕੇ ਵੱਖਰੀ ਸਾਬਤ ਕਰਨਾ।
- ਵਿਆਹ ਕੇਵਲ ਨਿੱਜੀ ਇੱਛਾਵਾਂ ਨੂੰ ਸੰਤੁਸ਼ਟ ਕਰਨ ਦਾ ਸਾਧਨ ਨਹੀਂ ਹੈ। ਇਹ ਇਕ ਚੰਗੇਰੀ ਪੀੜ੍ਹੀ ਦੇ ਵਿਕਾਸ ਲਈ ਜੀਵਨ ਸ਼ਕਤੀ ਦਾ ਇਕ ਸਾਧਨ ਹੈ।
- ਜ਼ਿੰਦਗੀ ਨੂੰ ਮੈਂ ਛੋਟੀ ਜਿਹੀ ਟਿਮਟਿਮਾਉਂਦੀ ਹੋਈ ਮੋਮਬੱਤੀ ਮੰਨਦਾ ਹਾਂ।
- ਜਿਨ੍ਹਾਂ ਦਾ ਆਚਾਰ ਹਲਕਾ ਹੈ ਉਹ ਭਾਰੇ-ਭਾਰੇ ਲਿਬਾਸ ਪਹਿਨਦੇ ਹਨ ਜੋ ਚੱਜ ਆਚਾਰ ਵਾਲੇ ਹਨ, ਉਹ ਮਾਮੂਲੀ ਹਲਕਿਆਂ ਵਸਤਰਾਂ ਨਾਲ ਹੀ ਸਾਰ ਲੈਂਦੇ ਹਨ।
- ਪੜ੍ਹਨਾ ਤਾਂ ਸਭ ਤੋਂ ਜਾਣਦੇ ਹਨ ਪਰ ਕੀ ਪੜ੍ਹਨਾ ਹੈ ਇਹ ਕੋਈ-ਕੋਈ ਜਾਣਦਾ ਹੈ।
- ਜਦੋਂ ਬੁਝਾਰਤ ਬੁੱਝ ਲਈ ਜਾਵੇ ਤਾਂ ਉਸਦੀ ਰੌਚਿਕਤਾ ਮੁੱਕ ਜਾਂਦੀ ਹੈ।
- ਦੌਲਤ ਜਿਸਨੂੰ ਆਪਣਾ ਪਿਆਰਾ ਬਣਾ ਲੈਂਦੀ ਹੈ, ਉਸਨੂੰ ਮੂਰਖ ਬਣਾ ਕੇ ਹੀ

ਛੱਡਦੀ ਹੈ।

- ਚਾਪਲੂਸੀ ਮੂਰਖਾਂ ਦੀ ਖ਼ੁਰਾਕ ਹੈ।
- ਮਿਹਨਤ ਦੌਲਤ ਦੀ ਮਾਂ ਹੈ।
- ਜੀਭ ਦੀ ਕੋਈ ਹੱਡੀ ਨਹੀਂ ਹੁੰਦੀ, ਪਰ ਇਹ ਕਈਆਂ ਦੇ ਹੱਡ ਤੁੜਵਾ ਸਕਦੀ ਹੈ।
- ਦੁਖੀ ਹੋਣ ਦਾ ਰਾਜ਼ ਇਹ ਹੈ ਕਿ ਅਸੀਂ ਆਪਣੇ ਵਿਹਲੇ ਸਮੇਂ ਬੈਠ ਕੇ ਇਹ ਪਏ ਸੋਚੀਏ ਕਿ ਸਾਡਾ ਜੀਵਨ ਸੁਖੀ ਹੈ ਕਿ ਦੁਖੀ।
- ਗਲਤ.ਫ਼ਹਿਮੀਆਂ ਵਿਚ ਡੁੱਬੇ ਰਹਿਣਾ, ਗਲਤੀਆਂ ਕਰਨ ਤੋਂ ਵੀ ਵੱਧ ਖ਼ਤਰਨਾਕ ਹੈ।
- ਮੇਰੇ ਆਪਣੇ ਮਨ ਬਿਨਾਂ ਹੋਰ ਕੋਈ ਚੀਜ਼ ਵੀ ਮੈਨੂੰ ਹਾਨੀ ਨਹੀਂ ਪਹੁੰਚਾ ਸਕਦੀ।
- ਆਤਮ ਤਿਆਗ ਨਾਲ ਤੁਸੀਂ ਦੂਜਿਆਂ ਨੂੰ ਬਿਨਾ ਸੰਕੋਚ ਦੇ ਤਿਆਗ ਕਰਨ ਲਈ ਪ੍ਰੇਰਿਤ ਕਰਦੇ ਹੋ।
- ਰੱਦੀ ਵਾਂਗ ਕੂੜੇ ਦੇ ਢੇਰ ਉੱਤੇ ਸੁੱਟੇ ਜਾਣ ਤੋਂ ਪਹਿਲਾਂ ਜੀਵਨ ਨੂੰ ਮਹਾਨ ਉਦੇਸ਼ ਦੇ ਲੇਖੇ ਲਾਉਣਾ ਹੀ ਸੱਚਾ ਸੁੱਖ ਹੈ।
- ਵਿਸ਼ਵਸ਼ਾਂਤੀ ਲਈ ਮਾਨਵਜਾਤੀ ਵਿੱਚੋਂ ਰਾਸ਼ਟਰ ਭਗਤੀ ਕੱਢਣੀ ਪਵੇਗੀ।
- ਉੱਡਣ ਨਾਲੋਂ ਜਦੋਂ ਅਸੀਂ ਝੁਕਦੇ ਹਾਂ ਤਾਂ ਦਲੀਲ ਦੇ ਵੱਧ ਨੇੜੇ ਹੁੰਦੇ ਹਾਂ।
- ਵਿਚਾਰਾਂ ਦੇ ਯੁੱਧ ਵਿੱਚ ਕਿਤਾਬਾਂ ਹਥਿਆਰ ਹੁੰਦੀਆਂ ਹਨ।
- ਰੰਗਮੰਚ ਵਿਚਾਰਾਂ ਦਾ ਕਾਰਖ਼ਾਨਾ ਹੈ ਅਤੇ ਇਹ ਮਨੁੱਖੀ ਉੱਨਤੀ ਦਾ ਮੰਦਰ ਹੈ।
- ਫ਼ੈਸਲਾ ਛੇਤੀ ਕਰੋ ਪਰ ਚੰਗੀ ਤਰ੍ਹਾਂ ਸੋਚ ਸਮਝਕੇ।
- ਸਿੰਙ ਵਾਲੇ ਪਸ਼ੂ ਤੋਂ ਦਸ ਕਦਮ, ਕੁੱਤੇ ਤੋਂ ਅੱਠ ਕਦਮ ਅਤੇ ਭੈੜੇ ਆਦਮੀ ਤੋਂ ਸੱਠ ਕਦਮ ਦੂਰ ਰਹਿਣਾ ਚਾਹੀਦਾ ਹੈ।
- ਇਕ ਗੱਦਾਰ ਦੋਸਤ ਨਾਲੋਂ ਵਫ਼ਾਦਾਰ ਦੁਸ਼ਮਣ ਚੰਗਾ ਹੁੰਦਾ ਹੈ।
- ਵੱਡੀ ਗੱਲ ਨੂੰ ਥੋੜ੍ਹੇ ਵਿਚ ਕਹਿਣਾ ਹੀ ਕਲਾ ਹੈ।
- ਕੰਮ ਕਰਨ ਤੋਂ ਪਹਿਲਾਂ ਸੋਚਣਾ ਬੁੱਧੀਮਾਨੀ ਹੈ। ਕੰਮ ਕਰਦੇ ਸਮੇਂ ਸੋਚਣਾ ਚਤੁਰਾਈ ਹੈ ਅਤੇ ਕੰਮ ਤੋਂ ਬਾਅਦ ਸੋਚਣਾ ਮੂਰਖਤਾ ਹੈ।

ਮਹਾਤਮਾ ਗਾਂਧੀ

ਜਨਮ : 2 ਅਕਤੂਬਰ 1869 ਮੌਤ : 30 ਜਨਵਰੀ 1948

ਮਹਾਤਮਾ ਗਾਂਧੀ ਜੀ ਦਾ ਜਨਮ ਗੁਜਰਾਤ ਪ੍ਰਾਂਤ ਦੀ ਧਰਤੀ 'ਤੇ ਹੋਇਆ। ਉਹ ਬਚਪਨ ਤੋਂ ਸ਼ਾਂਤ ਸੁਭਾਅ ਦੇ ਮਾਲਕ ਸਨ। ਦਸਵੀਂ ਕਰਨ ਤੋਂ ਬਾਅਦ ਉਹ ਇੰਗਲੈਂਡ ਚਲੇ ਗਏ ਅਤੇ ਵਕਾਲਤ ਪਾਸ ਕੀਤੀ। ਦੱਖਣੀ ਅਫਰੀਕਾ ਵਿੱਚ ਰਹਿੰਦਿਆਂ ਉਹਨਾਂ ਨੂੰ ਗ਼ੁਲਾਮੀ ਦਾ ਅਹਿਸਾਸ ਹੋਇਆ ਅਤੇ ਭਾਰਤੀਆਂ ਨੂੰ ਅੰਗਰੇਜ਼ੀ ਹਕੂਮਤ ਦੇ ਸ਼ਿਕੰਜੇ ਤੋਂ ਕੱਢਣ ਲਈ ਉਹਨਾਂ ਨੇ ਅਹਿੰਸਾ ਦੇ ਮਾਰਗ 'ਤੇ ਚੱਲਦਿਆਂ ਬਹੁਤ ਵੱਡਾ ਸੰਘਰਸ਼ ਕੀਤਾ। ਅੱਜ ਉਹਨਾਂ ਨੂੰ ਰਾਸ਼ਟਰਪਿਤਾ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਗਾਂਧੀ ਦਾ ਚਰਿੱਤਰ ਪੂਰੀ ਦੁਨੀਆ ਲਈ ਪ੍ਰੇਰਨਾ ਦਾ ਇੱਕ ਅਮੁੱਕ ਸੋਮਾ ਹੈ।

- ਜੋ ਸਰੀਰ ਦੇ ਨਾਲ ਮਨ ਦੇ ਵੀ ਗ਼ੁਲਾਮ ਹੋ ਗਏ ਹਨ, ਉਹ ਕਦੇ ਆਜ਼ਾਦੀ ਪ੍ਰਾਪਤ ਨਹੀਂ ਕਰ ਸਕਦੇ।
- ਮੇਰੇ ਵਿਚਾਰ ਅਨੁਸਾਰ ਉਨ੍ਹਾਂ ਲੋਕਾਂ ਦਾ ਸਭ ਤੋਂ ਵੱਧ ਸਨਮਾਨ ਹੋਣਾ ਚਾਹੀਦਾ ਹੈ ਜੋ ਆਪਣੇ ਆਪ ਦੀ, ਆਪਣੇ ਘਰ ਦੀ, ਆਪਣੇ ਪਰਿਵਾਰ ਦੀ, ਆਪਣੇ ਸਮਾਜ ਦੀ ਪਰਵਾਹ ਕੀਤੇ ਬਗ਼ੈਰ ਉਹ ਕੰਮ ਕਰਦੇ ਹਨ, ਜੋ ਅਸਲ ਵਿੱਚ ਉਨ੍ਹਾਂ ਨੂੰ ਕਰਨਾ ਚਾਹੀਦਾ ਹੈ।
- ਜੇ ਤੁਹਾਡੇ ਅੰਦਰ ਸੱਚ ਬੋਲਣ ਦੀ ਤਾਕਤ ਨਹੀਂ ਹੈ ਤਾਂ ਚੁੱਪ ਰਹੋ ਪਰ ਝੂਠ ਨਾ ਬੋਲੋ।
- ਬਲੀਦਾਨ ਉਹ ਹੀ ਕਰ ਸਕਦਾ ਹੈ, ਜਿਹੜਾ ਸ਼ੁੱਧ ਹੈ, ਨਿਰਭੈ ਹੈ ਅਤੇ ਯੋਗ ਹੈ।
- ਮੌਨ ਕਦੀ-ਕਦੀ ਬੋਲਾਂ ਤੋਂ ਵੱਧ ਅਸਰਦਾਰ ਹੁੰਦਾ ਹੈ।
- ਭੁੱਲ ਕਰਨਾ ਮਨੁੱਖ ਦਾ ਸੁਭਾਅ ਹੈ, ਕੀਤੀ ਹੋਈ ਭੁੱਲ ਸਵੀਕਾਰ ਕਰ ਲੈਣਾ ਅਤੇ ਅਜਿਹੀ ਭੁੱਲ ਫੇਰ ਨਾ ਕਰਨ ਦਾ ਯਤਨ ਕਰਨਾ ਬਹਾਦਰ ਹੋਣ ਦੀ ਨਿਸ਼ਾਨੀ ਹੈ।
- ਚੰਗੀਆਂ ਪੁਸਤਕਾਂ ਕੋਲ ਰਹਿਣ ਨਾਲ ਸਾਨੂੰ ਆਪਣੇ ਮਿੱਤਰਾਂ ਦੀ ਘਾਟ ਕਦੀ ਮਹਿਸੂਸ ਨਹੀਂ ਹੁੰਦੀ।
- ਕਿਤਾਬਾਂ ਤੋਂ ਸੱਖਣਾ ਘਰ ਕਿਸੇ ਦਾ ਆਲ੍ਹਣਾਂ ਤਾਂ ਹੋ ਸਕਦਾ ਹੈ, ਪਰ ਘਰ ਨਹੀਂ।
- ਗ਼ਲਤੀ ਕਰਕੇ ਆਦਮੀ ਸਿੱਖਦਾ ਤਾਂ ਹੈ ਪਰ ਇਸਦਾ ਭਾਵ ਇਹ ਨਹੀਂ ਕਿ

ਉਹ ਜੀਵਨ ਭਰ ਭੁੱਲ ਹੀ ਕਰਦਾ ਰਹੇ ਅਤੇ ਕਹੇ ਕਿ ਅਸੀਂ ਸਿੱਖ ਰਹੇ ਹਾਂ।

- ਮਨੁੱਖ ਨੂੰ ਆਪਣੇ ਮਨੋਰਥ ਪ੍ਰਤੀ ਧੀਰਜਵਾਨ, ਸ਼ਾਂਤ ਤੇ ਅਡੋਲ ਹੋਣਾ ਚਾਹੀਦਾ ਹੈ ਅਤੇ ਆਪਣਾ ਕੰਮ ਕਰਦਿਆਂ ਉਸ ਦੇ ਫ਼ਲ ਦੀ ਵਧੇਰੇ ਇੱਛਾ ਨਹੀਂ ਕਰਨੀ ਚਾਹੀਦੀ।
- ਕਈ ਅਜਿਹੇ ਯੁੱਧ ਵੀ ਹਨ ਜਿਹਨਾਂ ਵਿੱਚ ਹਾਰਨਾ ਹੀ ਜਿੱਤ ਹੈ।
- ਬੋਲਣਾ ਇਕ ਕਲਾ ਹੈ। ਚੁੱਪ ਉਸਤੋਂ ਵੱਡੀ ਕਲਾ ਹੈ।
- ਔਰਤ ਨੂੰ ਅਬਲਾ ਕਹਿਣਾ ਉਸਦੀ ਮਾਨਹਾਨੀ ਹੈ।
- ਸਾਨੂੰ ਅੰਗਰੇਜ਼ੀ ਦੀ ਲੋੜ ਹੈ, ਪਰ ਆਪਣੀ ਭਾਸ਼ਾ ਨੂੰ ਨਸ਼ਟ ਕਰਨ ਲਈ ਨਹੀਂ।
- ਜਿਸ ਵਿੱਚ ਚਰਿੱਤਰ ਨਿਰਮਾਣ ਨਾ ਹੋਵੇ ਉਹ ਸਿੱਖਿਆ ਨਹੀਂ ਹੈ। ਚਰਿੱਤਰ ਨਿਰਮਾਣ ਹੀ ਇਨਸਾਨ ਨੂੰ ਇਨਸਾਨ ਬਣਾਉਂਦਾ ਹੈ।
- ਸਿੱਖਿਆ ਤੋਂ ਮੇਰਾ ਭਾਵ ਹੈ- ਬਾਲਕ ਅਤੇ ਮਨੁੱਖ ਦੇ ਸਰੀਰ, ਦਿਮਾਗ ਅਤੇ ਆਤਮਾ ਵਿੱਚ ਮਿਲਣ ਵਾਲੇ ਸਰਵ-ਉੱਤਮ ਗੁਣਾਂ ਦਾ ਬਹੁਪੱਖੀ ਵਿਕਾਸ।
- ਆਦਮੀ ਜਿਤਨਾ ਖਾਂਦਾ ਹੈ ਉਸ ਤੋਂ ਵੱਧ ਪੈਦਾ ਕਰਨ ਦੀ ਤਾਕਤ ਰੱਬ ਨੇ ਉਸਨੂੰ ਦਿੱਤੀ ਹੈ।
- ਵਿਹਲੇ ਅਤੇ ਭੁੱਖੇ ਮਰਦੇ ਲੋਕਾਂ ਲਈ, ਮੰਨਣਯੋਗ ਕੇਵਲ ਇਕੋ ਇਕ ਗੱਲ ਜਿਸ ਨਾਲ ਪਰਮਾਤਮਾ ਪ੍ਰਗਟ ਹੋ ਜਾਂਦਾ ਹੈ, ਉਹ ਹੈ ਦਿਹਾੜੀ ਲਈ ਕੰਮ ਅਤੇ ਖ਼ੁਰਾਕ ਦਾ ਮਿਲਣਾ। ਜਿਹੜੇ ਲੋਕ ਹੱਥੀਂ ਕਿਰਤ ਕਰਨ ਤੋਂ ਬਗ਼ੈਰ ਖਾਂਦੇ ਹਨ ਉਹ ਚੋਰ ਹਨ।
- ਸਾਨੂੰ ਇਸ ਕਿਸਮ ਦੇ ਸਾਰੇ ਭੇਦਭਾਵ ਭੁਲਾ ਦੇਣੇ ਚਾਹੀਦੇ ਹਨ ਕਿ ਮੈਂ ਹਿੰਦੂ ਹਾਂ, ਤੂੰ ਮੁਸਲਮਾਨ ਹੈ, ਜਾਂ ਮੈਂ ਗੁਜਰਾਤੀ ਹਾਂ, ਤੂੰ ਮਦਰਾਸੀ ਹੈ। ਸਾਨੂੰ ਇਕ ਸਾਂਝੀ ਭਾਰਤੀ ਕੌਮੀਅਤ ਕਾਇਮ ਕਰਨ ਲਈ 'ਮੈਂ' ਅਤੇ 'ਮੇਰਾ' ਖ਼ਤਮ ਕਰ ਦੇਣਾ ਚਾਹੀਦਾ ਹੈ। ਅਸੀਂ ਤਦ ਹੀ ਸੁਤੰਤਰ ਹੋਵਾਂਗੇ ਜਦ ਸਾਡੇ ਬਹੁਤ ਸਾਰੇ ਲੋਕ ਦੁੱਖ-ਸੁੱਖ ਵਿੱਚ ਇਕੱਠੇ ਰਹਿਣ ਲਈ ਠਾਨ ਲੈਣ। ਜਦ ਅਸੀਂ ਲੰਗੜੇ ਹਾਂ ਤਦ ਅਸੀਂ ਸੋਟੀ ਦੇ ਸਹਾਰੇ ਤੋਂ ਬਿਨਾਂ ਕਿਵੇਂ ਚਲ ਸਕਦੇ ਹਾਂ।
- ਮਹਾਨ ਕੰਮ ਕਰਨ ਲਈ ਸਦਾ ਹੀ ਜੋਖਮ ਵਿੱਚ ਪੈਣਾ ਪੈਂਦਾ ਹੈ। ਦਲੇਰੀ ਕਾਰਨ ਹੀ ਸਿਕੰਦਰ ਨੇ ਬਾਦਸ਼ਾਹੀ ਭੋਗੀ, ਦਲੇਰੀ ਕਾਰਨ ਹੀ ਕੋਲੰਬਸ ਨੇ ਅਮਰੀਕਾ ਨੂੰ ਲੱਭਿਆ ਸੀ।
- ਪੜ੍ਹੋ ਇਸ ਤਰ੍ਹਾਂ ਕਿ ਜਿਵੇਂ ਤੁਸੀਂ ਸਦਾ ਜਿਊਣਾ ਹੈ ਅਤੇ ਜੀਵੋ ਇਸ ਤਰ੍ਹਾਂ ਕਿ ਜਿਵੇਂ ਤੁਸੀਂ ਕੱਲ੍ਹ ਹੀ ਦੁਨੀਆ ਤੋਂ ਚਲੇ ਜਾਣਾ ਹੈ।
- ਮਨੁੱਖ ਜਦ ਕਿਸੇ ਇਕ ਨਿਯਮ ਨੂੰ ਤੋੜਦਾ ਹੈ ਤਾਂ ਦੂਸਰੇ ਲਈ ਨਿਯਮ ਆਪਣੇ ਆਪ ਹੀ ਟੁੱਟ ਜਾਂਦੇ ਹਨ।
- ਛੋਟੀਆਂ-ਛੋਟੀਆਂ ਗੱਲਾਂ ਨਾਲ ਹੀ ਸਾਡੇ ਸਿਧਾਂਤਾਂ ਦੀ ਪ੍ਰੀਖਿਆ ਹੁੰਦੀ ਹੈ।

ਸਿਗਮੰਡ ਫ਼ਰਾਇਡ

ਜਨਮ : 6 ਮਈ, 1856 ਮੌਤ : 1939

ਫ਼ਰਾਇਡ ਦਾ ਜਨਮ ਚੈਕੋਸਲਵਾਕੀਆ ਦੇ ਇਕ ਛੋਟੇ ਜਿਹੇ ਕਸਬੇ ਫ੍ਰੀਡਬਰਗ ਵਿੱਚ ਹੋਇਆ। ਉਹਨਾਂ ਦਾ ਦਿਮਾਗ ਬਚਪਨ ਤੋਂ ਹੀ ਬਹੁਤ ਤੇਜ਼ ਸੀ। ਇਹ ਮਨੋਰੋਗਾਂ ਦੇ ਉੱਘੇ ਡਾਕਟਰ ਰਹੇ। ਪਹਾੜਾਂ ਅਤੇ ਵਿਦੇਸ਼ਾਂ ਦੀ ਸੈਰ ਉਨ੍ਹਾਂ ਦਾ ਮੁੱਖ ਸ਼ੌਕ ਸੀ। ਸਮੁੱਚੇ ਤੌਰ 'ਤੇ ਉਹ ਅਜਿਹੀ ਅਸਾਧਾਰਨ ਪ੍ਰਤਿਭਾ ਦਾ ਮਾਲਕ ਸੀ ਜਿਸਨੇ ਮਨ ਨੂੰ ਰਹੱਸ ਦੇ ਹਨੇਰੇ ਮੰਡਲਾਂ ਵਿਚੋਂ ਕੱਢ ਕੇ ਇਕ ਪਾਰਦਰਸ਼ੀ ਹੀਰੇ ਵਾਂਗ ਵਿਗਿਆਨ ਦੇ ਮੇਜ਼ 'ਤੇ ਰੱਖ ਦਿੱਤਾ।

- ਆਪਣੀ ਖ਼ੁਸ਼ੀ ਗੁਆ ਕੇ ਵਿਕਾਸ ਦੀ ਜੋ ਭਾਰੀ ਕੀਮਤ ਅਸੀਂ ਅਦਾ ਕਰਦੇ ਹਾਂ ਇਹੀ ਸਾਡੇ ਅੰਦਰ ਗੁਨਾਹ ਦਾ ਅਹਿਸਾਸ ਪੈਦਾ ਕਰਦੀ ਹੈ।
- ਭੈਅ ਵਿੱਚ ਵਿਅਕਤੀ ਸਿਰਫ਼ ਆਪਣੇ ਬਾਰੇ ਹੀ ਚਿੰਤਤ ਹੁੰਦਾ ਹੈ।
- ਬਹੁਤ ਘੱਟ ਪ੍ਰਭਾਵਸ਼ਾਲੀ ਤੇ ਮਹਾਨ ਵਿਅਕਤੀ ਅਜਿਹੇ ਹੁੰਦੇ ਹਨ, ਜਿਨ੍ਹਾਂ ਨੂੰ ਆਪਣੇ ਜੀਵਨ ਵਿੱਚ ਹੀ ਆਪਣੀਆਂ ਪ੍ਰਾਪਤੀਆਂ ਦੇ ਆਧਾਰ 'ਤੇ ਮਾਨਤਾ ਤੇ ਪ੍ਰਸੰਸਾ ਮਿਲਦੀ ਹੈ। ਬਹੁਤ ਘੱਟ ਲੋਕ ਉਨ੍ਹਾਂ ਦੇ ਦੇਣ ਦੀ ਕੀਮਤ ਸਮਝ ਸਕਦੇ ਹਨ ਜਦਕਿ ਬਹੁਗਿਣਤੀ ਜਨਤਾ ਉਨ੍ਹਾਂ ਨੂੰ ਗੌਲਦੀ ਤੱਕ ਨਹੀਂ।
- ਦੁੱਖ ਸਿਰਫ਼ ਉਸ ਵੇਲੇ ਦੁੱਖ ਹੈ ਜਦੋਂ ਅਸੀਂ ਇਸਨੂੰ ਮਹਿਸੂਸ ਕਰਦੇ ਹਾਂ। ਇਹ ਮਹਿਸੂਸ ਕਰਨ ਦੀ ਯੋਗਤਾ ਸਰੀਰਕ ਅਮਲ ਹੈ। ਇਸਨੂੰ ਖੁੰਢਾ ਕਰ ਦਿਓ ਦੁੱਖ ਘੱਟ ਮਹਿਸੂਸ ਹੋਵੇਗਾ।
- ਖ਼ੁਸ਼ੀ ਦੀ ਚਾਹਤ ਨੂੰ ਰੋਕਣ ਨਾਲ ਮੂਲ ਪ੍ਰਵਿਰਤੀਆਂ ਦੀ ਤ੍ਰਿਪਤੀ ਵਲੋਂ ਮੂੰਹ ਮੁੜ ਜਾਂਦਾ ਹੈ। ਇਸ ਨਾਲ ਆਨੰਦ ਮਾਨਣ ਦੀ ਸਮਰੱਥਾ ਵਿੱਚ ਵੀ ਕਮੀ ਆਉਂਦੀ ਹੈ।
- ਪਿਆਰ ਦੇ ਲੰਬਾ ਅਰਸਾ ਨਿਭਣ ਲਈ ਜ਼ਰੂਰੀ ਹੈ ਕਿ ਇਸ ਵਿੱਚ ਸਦਭਾਵਨਾ, ਸ਼ੁਭ ਇੱਛਾ ਤੇ ਕਾਮ ਅਤ੍ਰਿਪਤੀ ਦੇ ਭਾਵ ਮਿਸ਼ਰਤ ਰੂਪ ਵਿੱਚ ਮੌਜੂਦ ਹੋਣ।
- ਜਦ ਤੱਕ ਨੇਕੀ ਦਾ ਫਲ ਏਥੇ ਹੀ ਸੰਸਾਰ ਵਿੱਚ ਮਿਲਣ ਦੀ ਗਰੰਟੀ ਨਹੀਂ ਹੁੰਦੀ ਨੈਤਿਕ ਕਦਰਾਂ-ਕੀਮਤਾਂ ਦੇ ਪ੍ਰਚਾਰ ਦਾ ਬਹੁਤਾ ਅਸਰ ਨਹੀਂ ਹੋ ਸਕਦਾ।
- ਕਿਸੇ ਵਿਅਕਤੀ ਅੰਦਰ ਡਰ ਦੀ ਭਾਵਨਾ ਦੋ ਗੱਲਾਂ ਕਰਕੇ ਹੁੰਦੀ ਹੈ। ਖ਼ਤਰਾ ਸੱਚਮੁੱਚ ਵੱਡਾ ਹੋਵੇ ਜਾਂ ਦੂਜਿਆਂ ਨਾਲ ਜਜ਼ਬਾਤੀ ਸੰਬੰਧ ਖ਼ਤਮ ਹੋ ਚੁੱਕੇ

ਹੋਣ। ਜਜ਼ਬਾਤੀ ਸੰਬੰਧ ਯਾਨਿ ਕਾਮੁਕ ਸ਼ਕਤੀ ਦੁਆਰਾ ਸਥਾਪਿਤ ਰਿਸ਼ਤਾ ਖ਼ਤਮ ਹੋਣ ਨਾਲ ਚਿੰਤਾ ਪੈਦਾ ਹੁੰਦੀ ਹੈ।

- ਮੇਰੇ ਪਿਆਰ ਦੀ ਕੀਮਤ ਮੇਰੇ ਆਪਣਿਆਂ ਲਈ ਹੈ ਤੇ ਇਸ ਗੱਲ ਦੀ ਪ੍ਰਤੀਕ ਹੈ ਕਿ ਮੈਂ ਉਨ੍ਹਾਂ ਨੂੰ ਬਾਕੀਆਂ ਨਾਲੋਂ ਤਰਜੀਹ ਦਿੰਦਾ ਹਾਂ।
- ਬੱਚਾ ਮਾਸੂਮੀਅਤ ਤੇ ਪਵਿੱਤਰਤਾ ਦਾ ਅਵਤਾਰ ਹੈ।
- ਚਿੰਤਾ ਅਸਲ ਵਿੱਚ ਅਜਿਹਾ ਚਾਲੂ ਸਿੱਕਾ ਹੈ ਜੋ ਕਿਸੇ ਵੀ ਅਜਿਹੇ ਪ੍ਰਭਾਵ ਨਾਲ ਵਟਾਇਆ ਜਾ ਸਕਦਾ ਹੈ, ਜਿਸ ਨੂੰ ਉਸਦੇ ਅਸਲ ਰੂਪ ਵਿੱਚ ਪ੍ਰਗਟ ਹੋਣੋਂ ਦਬਾਇਆ ਜਾ ਰਿਹਾ ਹੋਵੇ।
- ਸੁਪਨੇ ਸਾਡੇ ਅਚੇਤ ਮਨ ਦੀਆਂ ਖ਼ਾਹਸ਼ਾਂ ਦੀ ਪੂਰਤੀ ਦਾ ਨਾਟਕ ਹਨ। ਕਈ ਵਾਰ ਸਮਝ ਨਾ ਆਉਣ ਵਾਲੀਆਂ ਖ਼ਾਹਸ਼ਾਂ ਵੀ ਅਸਲ ਵਿੱਚ ਸਾਡੀਆਂ ਹੀ ਹੁੰਦੀਆਂ ਹਨ ਪਰ ਅਚੇਤ ਮਨ ਨਾਲ ਸਬੰਧਿਤ ਹੋਣ ਕਰਕੇ ਚੇਤਨਾ ਨੂੰ ਓਪਰੀਆਂ ਨਜ਼ਰ ਆਉਂਦੀਆਂ ਹਨ।
- ਅਸੀਂ ਸਿਰਫ਼ ਉਹੀ ਇਕਰਾਰ ਜਾਂ ਸੰਕਲਪ ਭੁੱਲਦੇ ਹਾਂ, ਜਿਨ੍ਹਾਂ ਨੂੰ ਪੂਰਾ ਕਰਨ ਦੇ ਵਿਰੁੱਧ ਸਾਡੇ ਮਨ ਵਿੱਚ ਕੋਈ ਵਿਰੋਧੀ ਭਾਵਨਾ ਹੁੰਦੀ ਹੈ।
- ਆਪਣੇ ਗੁਆਂਢੀ ਨਾਲ ਉਸੇ ਤਰ੍ਹਾਂ ਪਿਆਰ ਕਰੋ ਜਿਵੇਂ ਉਹ ਤੁਹਾਡੇ ਨਾਲ ਕਰਦਾ ਹੈ। ਪਰ ਈਸਾ ਕਹਿੰਦਾ ਹੈ ਕਿ ਆਪਣੇ ਦੁਸ਼ਮਣ ਨੂੰ ਵੀ ਪਿਆਰ ਕਰੋ। ਮੈਂ ਮੰਨਣ ਲਈ ਤਿਆਰ ਨਹੀਂ, ਪਰ ਫਿਰ ਵੀ ਜਦੋਂ ਉਸ ਉੱਪਰ ਠੰਢੇ ਦਿਮਾਗ਼ ਨਾਲ ਸੋਚਦੇ ਹਾਂ ਤਾਂ ਆਪਣੀ ਗ਼ਲਤੀ ਦਾ ਅਹਿਸਾਸ ਹੁੰਦਾ ਹੈ।

ਕਾਰਲ ਮਾਰਕਸ

ਜਨਮ : 5 ਮਈ 1818 ਮੌਤ : 14 ਮਾਰਚ 1883

ਮਾਰਕਸ ਦਾ ਜਨਮ ਜਰਮਨੀ ਦੇ ਸ਼ਹਿਰ ਤਰੀਅਰ ਵਿੱਚ ਇੱਕ ਵਕੀਲ ਦੇ ਘਰ ਹੋਇਆ। 1841 ਵਿੱਚ ਇਨ੍ਹਾਂ ਨੇ ਐਪੀਕਿਊਰਸ ਦੇ ਫ਼ਲਸਫ਼ੇ ਤੋਂ ਪੀ. ਐਚ. ਡੀ. ਦੀ ਡਿਗਰੀ ਪ੍ਰਾਪਤ ਕੀਤੀ। ਇਨ੍ਹਾਂ ਦੁਆਰਾ ਖੋਜੇ ਇਤਿਹਾਸਕ ਪਦਾਰਥਵਾਦ ਦੇ ਸੰਕਲਪ ਨੇ ਮਨੁੱਖੀ ਗਿਆਨ ਵਿੱਚ ਮਹਾਨ ਇਨਕਲਾਬ ਲਿਆਂਦਾ।

- ਮਨੁੱਖ ਆਪਣਾ ਇਤਿਹਾਸ ਆਪ ਸਿਰਜਦੇ ਹਨ, ਪਰ ਉਹ ਇਸ ਤਰ੍ਹਾਂ ਨਹੀਂ ਸਿਰਜ ਸਕਦੇ ਜਿਸ ਤਰ੍ਹਾਂ ਉਨ੍ਹਾਂ ਦਾ ਜੀਅ ਚਾਹੇ, ਉਹ ਇਸਨੂੰ ਅਜਿਹੀਆਂ ਪ੍ਰਸਿਥੀਆਂ ਵਿੱਚ ਨਹੀਂ ਸਿਰਜਦੇ, ਜਿਨ੍ਹਾਂ ਦੀ ਚੋਣ ਉਨ੍ਹਾਂ ਆਪ ਕੀਤੀ ਹੋਵੇ।
- ਇਨਕਲਾਬ ਵਿਹਲਿਆਂ ਵਲੋਂ ਉਡੀਕਦਿਆਂ ਨਹੀਂ ਮਿਹਨਤ ਕਰਨ ਵਾਲਿਆਂ ਵਲੋਂ ਕੁਝ ਕੀਤਿਆਂ ਹੀ ਵਾਪਰਦੇ ਹਨ।
- ਸਫ਼ਲ ਇਨਸਾਨ ਬਣਨ ਦੀ ਕੋਸ਼ਿਸ਼ ਕਰਨ ਦੀ ਥਾਂ ਚੰਗੇ ਸਿਧਾਂਤਾਂ ਵਾਲੇ ਇਨਸਾਨ ਬਣਨ ਦੀ ਕੋਸ਼ਿਸ਼ ਕਰੋ।
- ਚੰਗੇ ਆਦਰਸ਼ ਹੀ ਅਸਲੀ ਰੂਹਾਨੀਅਤ ਹਨ, ਪਰ ਇਹ ਰੂਹਾਨੀਅਤ ਖ਼ੁਸ਼ਹਾਲੀ ਤੋਂ ਪਹਿਲਾਂ ਪੈਦਾ ਨਹੀਂ ਹੋ ਸਕਦੀ।
- ਕਿਸੇ ਦੇ ਗੁਣਾਂ ਦੀ ਪ੍ਰਸ਼ੰਸਾ ਵਿੱਚ ਆਪਣਾ ਸਮਾਂ ਨਸ਼ਟ ਨਾ ਕਰੋ, ਸਗੋਂ ਉਨ੍ਹਾਂ ਗੁਣਾਂ ਨੂੰ ਅਪਨਾਉਣ ਦਾ ਯਤਨ ਕਰੋ।
- ਸਿਧਾਂਤ ਬਗ਼ੈਰ ਅਮਲ ਅੰਨ੍ਹਾ ਹੈ ਅਤੇ ਅਮਲ ਬਗ਼ੈਰ ਸਿਧਾਂਤ ਲੂਲਾ ਹੈ।
- ਸਰਮਾਇਆ ਇੱਕ ਨਿੱਜੀ ਨਹੀਂ ਸਮਾਜੀ ਸ਼ਕਤੀ ਹੈ।
- ਪਿਆਰ ਵੀ, ਹੋਰ ਮਨੁੱਖੀ ਭਾਵਾਂ ਵਾਂਗ, ਸਮੁੱਚੇ ਇਤਿਹਾਸ ਦੀ ਉਪਜ ਹੈ।
- ਲੇਖਕ ਆਪਣੀ ਰਚਨਾ ਨੂੰ ਇੱਕ ਸਾਧਨ ਵਜੋਂ ਉੱਕਾ ਹੀ ਨਹੀਂ ਵੇਖਦਾ ਉਹ ਆਪਣੇ ਆਪ ਵਿੱਚ ਇੱਕ ਲਕਸ਼ ਹੈ। ਇਹ ਉਹਦੇ ਆਪਣੇ ਲਈ ਅਤੇ ਦੂਜਿਆਂ ਲਈ ਇੱਕ ਇਨਾ ਨਿਗੂਣਾ ਸਾਧਨ ਹੈ ਕਿ ਜੇ ਲੋੜ ਪਵੇ, ਉਹ ਇਸਦੀ ਹੋਂਦ ਖ਼ਾਤਰ ਆਪਣੀ ਹੋਂਦ ਕੁਰਬਾਨ ਕਰ ਦੇਂਦਾ ਹੈ।
- ਬਾਹਵਾਂ ਅਤੇ ਲੱਤਾਂ ਦਾ ਕੰਮ ਆਜ਼ਾਦ ਹੈ, ਪਰ ਦਿਮਾਗ਼ ਦਾ ਕੰਮ ਨਿਗਰਾਨੀ ਅਧੀਨ ਹੈ।
- ਅਗਿਆਨ ਇੱਕ ਦੈਂਤ ਹੈ, ਸਾਨੂੰ ਡਰ ਹੈ ਕਿ ਇਹ ਹਾਲੇ ਹੋਰ ਬਹੁਤ ਸਾਰੇ

ਦੁਖਾਂਤਾਂ ਦਾ ਕਾਰਨ ਬਣੇਗਾ।

- ਕੇਵਲ ਆਪਣੇ ਕੰਮ ਨਾਲ ਵਾਹ ਰੱਖਣਾ ਕਿਸੇ ਵੀ ਆਦਮੀ ਦੀ ਸਭ ਤੋਂ ਵੱਡੀ ਸਿਫ਼ਤ ਹੈ ਅਤੇ ਘਰ ਦੀਆਂ ਚੀਜ਼ਾਂ ਇਧਰ ਉੱਧਰ ਰੱਖ ਕੇ ਨਾ ਭੁੱਲਣਾ ਕਿਸੇ ਵੀ ਔਰਤ ਦੀ ਸਭ ਤੋਂ ਵੱਡੀ ਸਿਫ਼ਤ ਹੈ।
- ਇੱਕ ਚੰਗੇ ਵਿਚਾਰ ਨੂੰ ਖ਼ਤਮ ਕਰਨਾ ਇੱਕ ਚੰਗੇ ਮਨੁੱਖ ਨੂੰ ਖ਼ਤਮ ਕਰਨ ਦੇ ਸਮਾਨ ਹੈ।
- ਫ਼ਰਜ਼ ਨਿਭਾਏ ਬਿਨਾਂ ਸੁੱਖ ਦੀ ਪ੍ਰਾਪਤੀ ਅਸੰਭਵ ਹੈ।
- ਯੋਗਤਾ ਅਨੁਸਾਰ ਨਹੀਂ ਸਗੋਂ ਲੋੜ ਅਨੁਸਾਰ ਮਿਲਣਾ ਚਾਹੀਦਾ ਹੈ।
- ਆਪਣੇ ਦੋਸਤ ਲਈ ਜਾਨ ਦੇਣਾ ਇੰਨਾ ਮੁਸ਼ਕਲ ਨਹੀਂ ਹੈ, ਜਿੰਨਾ ਅਜਿਹੇ ਦੋਸਤ ਨੂੰ ਲੱਭਣਾ, ਜਿਸ 'ਤੇ ਜਾਨ ਦਿੱਤੀ ਜਾ ਸਕੇ।
- ਅਜਿਹੇ ਲੋਕ ਜਿਹੜੇ ਚਿੰਤਾ ਨਾਲ ਲੜਨਾ ਨਹੀਂ ਚਾਹੁੰਦੇ, ਜਲਦੀ ਹੀ ਖ਼ਤਮ ਹੋ ਜਾਂਦੇ ਹਨ।

ਪਲੈਟੋ

ਜਨਮ- 428 ਈ. ਪੂ.   ਮੌਤ-347 ਈ. ਪੂ.

ਪ੍ਰਸਿੱਧ ਯੂਨਾਨੀ ਫਿਲਾਸਫਰ। ਇਹਨਾਂ ਦੀਆਂ ਰਚਨਾਵਾਂ ਵਾਰਤਾਲਾਪ ਦੇ ਰੂਪ ਵਿੱਚ ਹਨ ਜਿਨ੍ਹਾਂ ਵਿੱਚ ਮੁੱਖ ਪਾਤਰ ਸੁਕਰਾਤ ਹੈ। ਜਿਸ ਵਿੱਚ ਉਸਦਾ ਚਰਿੱਤਰ ਤੇ ਫਿਲਾਸਫੀ ਬੜੀ ਕਲਾ ਨਾਲ ਚਿਤਰੀ ਹੋਈ ਹੈ। ਉਹਨਾਂ ਨੇ ਪੱਛਮੀ ਫਿਲਾਸਫੀ ਨੂੰ ਬਹੁਤ ਪ੍ਰਭਾਵਤ ਕੀਤਾ ਹੈ।

- ਆਪਣੇ ਦੇਸ਼ ਤੋਂ ਵਧ ਕੇ ਆਪਣਾ ਕੋਈ ਨਿਕਟ ਸੰਬੰਧੀ ਨਹੀਂ ਹੈ।
- ਪ੍ਰਤਿਭਾ ਇਕ ਪ੍ਰਤੀਸ਼ਤ ਪ੍ਰੇਰਨਾ ਹੁੰਦੀ ਹੈ ਅਤੇ ਨੜਿੰਨਵੇਂ ਪ੍ਰਤੀਸ਼ਤ ਮਿਹਨਤ ਹੁੰਦੀ ਹੈ।
- ਯੋਗਤਾ ਸਭ ਤੋਂ ਵੱਡੀ ਸਿਫ਼ਾਰਸ਼ ਹੈ।
- ਤੰਦਰੁਸਤੀ ਹੀ ਅਸਲ ਸੁੰਦਰਤਾ ਹੈ।
- ਫ਼ਿਲਾਸਫੀ ਸਭ ਤੋਂ ਉਤਮ ਸੰਗੀਤ ਹੈ।
- ਹੋ ਸਕੇ ਤਾਂ ਦੂਸਰੇ ਲੋਕਾਂ ਦੇ ਮੁਕਾਬਲੇ ਜ਼ਿਆਦਾ ਬੁੱਧੀਮਾਨ ਬਣੋ ਪਰੰਤੂ ਇਹ ਗੱਲ ਉਹਨਾਂ ਨੂੰ ਦੱਸੋ ਨਾ।
- ਚੰਗੇ ਕੰਮਾਂ ਨੂੰ ਆਦਤ ਬਣ ਜਾਣ ਦਿਓ, ਉਹ ਚੰਗੇ ਵਿਚਾਰਾਂ ਨੂੰ ਜਨਮ ਦੇਣਗੇ।
- ਵਿੱਦਿਆ ਸਰੀਰ ਦੀ ਕਸਰਤ ਅਤੇ ਮਨ ਦਾ ਸੰਗੀਤ ਹੈ।
- ਸਿੱਖਿਆ ਤੋਂ ਮੇਰਾ ਭਾਵ ਉਸ ਟ੍ਰੇਨਿੰਗ ਤੋਂ ਹੈ ਜਿਹੜੀ ਚੰਗੀਆਂ ਆਦਤਾਂ ਦੇ ਰਾਹੀਂ ਬੱਚਿਆਂ ਵਿੱਚ ਚੰਗੀ ਨੈਤਿਕਤਾ ਦਾ ਵਿਕਾਸ ਕਰਦੀ ਹੈ।
- ਜਿਸਨੂੰ ਹੱਸਣਾ ਪਿਆਰਾ ਨਹੀਂ ਲਗਦਾ, ਜਿਸਨੂੰ ਰੋਂਦਾ ਵਿਅਕਤੀ ਭੈੜਾ ਲਗਦਾ ਹੈ, ਜਿਸਨੂੰ ਗਰੀਬ ਵਿਅਕਤੀ ਮੈਲਾ ਅਤੇ ਬੁੱਧੂ ਲਗਦਾ ਹੈ, ਜਿਸਨੂੰ ਬੁਰਾਈ ਨਾਲ ਨਫ਼ਰਤ ਨਹੀਂ ਜੋ ਜ਼ੁਲਮ ਨੂੰ ਵੇਖ ਕੇ ਗੁੱਸਾ ਨਹੀਂ ਕਰਦਾ, ਉਹ ਸਾਹਿਤਕਾਰ ਨਹੀਂ ਬਣ ਸਕਦਾ। ਉਹ ਸਾਹਿਤ ਦਾ ਪ੍ਰੇਮੀ ਵੀ ਨਹੀਂ ਹੋ ਸਕਦਾ।
- ਅੱਜ ਸਮੇਂ ਦੀ ਵੱਡੀ ਭੁੱਲ ਇਹ ਹੈ ਕਿ ਡਾਕਟਰ ਮਨੁੱਖ ਦਾ ਇਲਾਜ ਕਰਨ ਵੇਲੇ ਸਰੀਰ ਨੂੰ ਮਨ ਨਾਲੋਂ ਅੱਡ ਸਮਝਦੇ ਹਨ।
- ਨਫ਼ਰਤ ਸਹਿਣ ਨਾਲੋਂ ਨਫ਼ਰਤ ਕਰਨ ਵਾਲਾ ਜ਼ਿਆਦਾ ਦੁੱਖ ਪਾਉਂਦਾ ਹੈ।
- ਮੁਸ਼ਕਿਲ ਵਿੱਚ ਹੌਸਲਾ ਕਾਇਮ ਰੱਖਣਾ ਹੀ ਅੱਧੀ ਮੰਜ਼ਿਲ ਨੂੰ ਸਰ ਕਰ ਲੈਣਾ ਹੈ।

ਬੈਜਾਂਮਿਨ ਫਰੈਂਕਲਿਨ

ਜਨਮ- 17 ਜਨਵਰੀ 1706 ਮੌਤ- 17 ਅਪ੍ਰੈਲ 1790

ਅਮਰੀਕਾ ਦਾ ਵਿਗਿਆਨਕ, ਨਿਬੰਧਕਾਰ ਤੇ ਸਿਆਸਤਦਾਨ। ਬਿਜਲੀ ਦੇ ਬੱਦਲਾਂ ਵਿੱਚ ਗੁੱਡੀ ਉਡਾ ਕੇ ਇਸ ਨੇ ਸਿੱਧ ਕੀਤਾ ਕਿ ਬੱਦਲਾਂ ਦੀ ਬਿਜਲੀ ਤੇ ਸਾਇੰਸ ਦੀ ਬਿਜਲੀ ਇਕੋ ਵਸਤੂ ਹੈ।

- ਜੇ ਤੁਸੀਂ ਧਰਤੀ 'ਤੇ ਅਮਰ ਰਹਿਣਾ ਚਾਹੁੰਦੇ ਹੋ ਤਾਂ ਪੜ੍ਹਨ ਯੋਗ ਤੇ ਲਿਖਣ ਯੋਗ ਸਾਹਿਤ ਦੀ ਰਚਨਾ ਕਰੋ।
- ਆਪਣੀ ਬੁਰਾਈ ਨੂੰ ਆਪਣੇ ਤੋਂ ਪਹਿਲਾਂ ਮਰ ਜਾਣ ਦੇਵੋ।
- ਗ਼ਰੀਬੀ ਤੋਂ ਨਹੀਂ, ਗ਼ਰੀਬ ਤੋਂ ਸ਼ਰਮਿੰਦਾ ਹੋਣਾ ਸ਼ਰਮ ਦੀ ਗੱਲ ਹੈ।
- ਜੇ ਤੁਸੀਂ ਬਹਿਸ ਕਰੋਗੇ, ਪੀੜਾ ਦੇਵੋਗੇ ਅਤੇ ਖੰਡਨ ਕਰੋਗੇ ਤਾਂ ਹੋ ਸਕਦਾ ਹੈ ਕਿ ਕਦੇ-ਕਦੇ ਤੁਹਾਨੂੰ ਜਿੱਤ ਪ੍ਰਾਪਤ ਹੋ ਜਾਵੇ, ਪਰੰਤੂ ਇਹ ਇਕ ਖਾਲੀ ਜਿੱਤ ਹੋਵੇਗੀ ਅਤੇ ਤੁਹਾਨੂੰ ਕਦੇ ਆਪਣੇ ਵਿਰੋਧੀ ਦੀ ਇੱਛਾ ਪ੍ਰਾਪਤ ਨਹੀਂ ਹੋਵੇਗੀ।
- ਜਿਹੜਾ ਕੰਮ ਤੁਸੀਂ ਅੱਜ ਕਰ ਸਕਦੇ ਹੋ, ਉਹ ਕਦੇ ਵੀ ਕੱਲ੍ਹ 'ਤੇ ਨਾ ਛੱਡੋ।
- ਅਗਿਆਨੀ ਹੋਣਾ ਓਨੀ ਸ਼ਰਮ ਵਾਲੀ ਗੱਲ ਨਹੀਂ ਹੈ, ਜਿੰਨੀ ਕਿ ਕਿਸੇ ਕੰਮ ਨੂੰ ਠੀਕ ਢੰਗ ਤੋਂ ਸਿੱਖਣ ਦੀ ਇੱਛਾ ਨਾ ਹੋਣਾ।
- ਕ੍ਰੋਧ ਮਨੁੱਖ ਦਾ ਮੂੰਹ ਖੋਲ੍ਹਦਾ ਹੈ ਤੇ ਅੱਖਾਂ ਬੰਦ ਕਰ ਦਿੰਦਾ ਹੈ।
- ਜੀਵਨ ਦੇ ਮੁੱਢਲੇ ਅਸੂਲਾਂ ਵਿਚੋਂ ਇਕ ਇਹ ਹੈ ਕਿ ਜਦੋਂ ਤੱਕ ਤੁਸੀਂ ਸਿਰਜਣਾ ਨਹੀਂ ਕਰਦੇ ਤੁਸੀਂ ਆਪਣੀ ਸ਼ਖ਼ਸੀਅਤ ਦੀ ਪੂਰਨਤਾ ਨਹੀਂ ਪਾ ਸਕਦੇ।
- ਗਿਆਨ ਪਾਪ ਹੋ ਜਾਂਦਾ ਹੈ ਜੇਕਰ ਉਦੇਸ਼ ਸ਼ੁਭ ਨਾ ਹੋਵੇ।
- ਜੇਕਰ ਕਿਸੇ ਲੜਕੀ ਦੇ ਦੋਸ਼ ਜਾਣਨੇ ਹੋਣ ਤਾਂ ਉਸ ਦੀ ਸਹੇਲੀ ਕੋਲ ਉਸਦੀ ਵਡਿਆਈ ਕਰਕੇ ਦੇਖੋ।
- ਅੱਜ, ਆਉਣ ਵਾਲੇ ਦੋ ਦਿਨਾਂ ਦੇ ਬਰਾਬਰ ਹੈ।
- ਨਿਮਰਤਾ ਨੂੰ ਕੋਈ ਨਹੀਂ ਮਾਰ ਸਕਦਾ, ਕਪਾਹ ਦੀ ਰੂੰਅ ਤਲਵਾਰ ਨਾਲ ਨਹੀਂ ਕੱਟੀ ਜਾ ਸਕਦੀ।

ਫਰਾਂਸਿਸ ਬੇਕਨ

- ਸਭ ਤੋਂ ਵੱਡੀ ਸੁੰਦਰਤਾ ਇਹ ਹੈ ਜਿਸਨੂੰ ਕੋਈ ਚਿੱਤਰ ਚਿਤਰਿਤ ਨਾ ਕਰ ਸਕੇ।
- ਸਾਰਿਆਂ ਧੋਖਿਆਂ ਤੋਂ ਵੱਡਾ ਆਪਣੇ-ਆਪ ਨੂੰ ਧੋਖਾ ਦੇਣਾ ਹੈ।
- ਜਦੋਂ ਅਸੀਂ ਬਦਲਾ ਲੈਂਦੇ ਹਾਂ ਤਾਂ ਆਪਣੇ ਦੁਸ਼ਮਣ ਦੇ ਬਰਾਬਰ ਆ ਜਾਂਦੇ ਹਾਂ ਪਰ ਜਦੋਂ ਅਸੀਂ ਬਦਲੇ ਦੀ ਭਾਵਨਾ ਤੋਂ ਉੱਪਰ ਉੱਠ ਜਾਂਦੇ ਹਾਂ ਤਾਂ ਆਪਣੇ ਵਿਰੋਧੀ ਨਾਲੋਂ ਵੱਡੇ ਹੋ ਜਾਂਦੇ ਹਾਂ।
- ਬੁੱਧੀਮਾਨ ਵਿਅਕਤੀ ਨੂੰ ਜਿੰਨੇ ਮੌਕੇ ਮਿਲਦੇ ਹਨ ਉਸ ਨਾਲੋਂ ਵੱਧ ਮੌਕੇ ਉਹ ਆਪ ਪੈਦਾ ਕਰਦਾ ਹੈ।
- ਲਹੂ ਦੀ ਕਮੀ ਕਾਰਨ ਵਾਯੂ ਨਾਲ ਸਰੀਰ ਫੁੱਲ ਜਾਂਦਾ ਹੈ ਜਿਵੇਂ ਬੁੱਧੀ ਦੇ ਘਾਟੇ ਅਹੰਕਾਰ ਦੀ ਪੌਣ ਮਨੁੱਖ ਨੂੰ ਫੁਲਾ ਦੇਂਦੀ ਹੈ।
- ਆਤਮ ਸਨਮਾਨ ਮਨੁੱਖ ਦੇ ਬੁਰੇ ਗੁਣਾਂ ਨੂੰ ਵੱਸ ਵਿੱਚ ਰੱਖਣ ਦੀ ਪਹਿਲੀ ਲਗਾਮ ਹੈ।
- ਧੀਰਜ ਕੌੜਾ ਹੁੰਦਾ ਹੈ ਪਰੰਤੂ ਇਸਦਾ ਫਲ ਮਿੱਠਾ ਹੁੰਦਾ ਹੈ।
- ਜਿਤਨਾ ਅਸੀਂ ਵਧੇਰੇ ਪੜ੍ਹਦੇ ਹਾਂ ਉਤਨਾ ਹੀ ਸਾਨੂੰ ਆਪਣੀ ਅਗਿਆਨਤਾ ਬਾਰੇ ਪਤਾ ਲੱਗਦਾ ਹੈ।
- ਇਤਿਹਾਸ ਮਨੁੱਖਾਂ ਨੂੰ ਸਿਆਣੇ ਬਣਾਉਂਦਾ ਹੈ।
- ਬਦਲਾ ਲੈਣ ਦੀ ਟੋਹ ਵਿੱਚ ਰਹਿਣ ਵਾਲਾ, ਆਪਣੇ ਹੀ ਜ਼ਖ਼ਮਾਂ ਨੂੰ ਹਰਾ ਕਰਨ ਦਾ ਪਾਪ ਕਰਦਾ ਹੈ।
- ਜੇਕਰ ਤੁਸੀਂ ਪੜ੍ਹਨਾ ਚਾਹੁੰਦੇ ਹੋ ਤਾਂ ਹਰੇਕ ਆਦਮੀ ਇਕ ਪੂਰਨ ਪੁਸਤਕ ਹੈ।
- ਖੁਸ਼ੀ ਦੀ ਸੌਗਾਤ ਉਹਨਾਂ ਲੋਕਾਂ ਦੇ ਲਈ ਹੈ ਜੋ ਇਸਨੂੰ ਮਾਣਦੇ ਹਨ।
- ਪੁਰਾਣੇ ਰੀਤੀ-ਰਿਵਾਜ਼ ਨਵਿਆਂ ਨੂੰ ਜਗ੍ਹਾ ਦੇਣ ਲਈ ਹੀ ਬਦਲਦੇ ਹਨ।
- ਜਦੋਂ ਤੱਕ ਮਨੁੱਖ ਆਪਣੇ ਪੈਰਾਂ 'ਤੇ ਖੜ੍ਹਾ ਨਹੀਂ ਹੁੰਦਾ, ਉਦੋਂ ਤੱਕ ਉਸਨੂੰ ਹਰ ਚੀਜ਼ ਆਪਣੇ ਲਈ ਅੜਿੱਕਾ ਲੱਗਦੀ ਹੈ।

ਚਾਣਕਿਆ

- ਵਿੱਦਿਆ ਤੋਂ ਬਿਨਾਂ ਵੱਡੇ-ਵੱਡੇ ਖ਼ਾਨਦਾਨ ਵੀ ਛੇਤੀ ਬਰਬਾਦ ਹੋ ਜਾਂਦੇ ਹਨ ਅਤੇ ਵਿੱਦਿਆ ਪਾ ਕੇ ਛੋਟੇ ਵੀ ਦੇਵਤਾ ਬਣ ਜਾਂਦੇ ਹਨ।
- ਸਬਕ ਰੂਪੀ ਅੰਮ੍ਰਿਤ ਦੀ ਘੁੱਟ ਭਰ ਕੇ ਜੋ ਸ਼ਾਂਤੀ ਤੇ ਸਾਗਰ ਵਿੱਚ ਡੁਬਕੀ ਲਾਉਂਦੇ ਹਨ ਉਸਤੋਂ ਉਹਨਾਂ ਨੂੰ ਜੋ ਸੁਖ ਮਿਲਦਾ ਹੈ ਉਹ ਧਨ ਦੇ ਲੋਭੀਆਂ ਨੂੰ ਨਹੀਂ ਮਿਲ ਸਕਦਾ।
- ਮਿਹਨਤ ਉਹ ਚਾਬੀ ਹੈ ਜੋ ਕਿਸਮਤ ਦੇ ਦਰਵਾਜ਼ੇ ਖੋਲ੍ਹਦੀ ਹੈ।
- ਜਿਵੇਂ ਅੱਖਾਂ ਤੋਂ ਬਿਨਾਂ ਐਨਕ ਵਿਅਰਥ ਹੁੰਦੀ ਹੈ ਉਸੇ ਤਰ੍ਹਾਂ ਜਿਸ ਕੋਲ ਅਕਲ ਨਹੀਂ, ਕਿਤਾਬਾਂ ਉਸਨੂੰ ਕੀ ਕਰ ਸਕਦੀਆਂ ਹਨ।
- ਗੁਣਾਂ ਨਾਲ ਹੀ ਮਨੁੱਖ ਮਹਾਨ ਹੁੰਦਾ ਹੈ, ਉੱਚੇ ਆਸਣ 'ਤੇ ਬੈਠਣ ਨਾਲ ਨਹੀਂ।
- ਜੇ ਪੱਕੀ ਦੋਸਤੀ ਚਾਹੁੰਦੇ ਹੋ ਤਾਂ ਦੋਸਤ ਨਾਲ ਬਹਿਸ, ਨਕਦ ਉਧਾਰ ਅਤੇ ਉਸਦੀ ਪਤਨੀ ਨਾਲ ਇਕੱਲਿਆਂ ਗੱਲਬਾਤ ਕਰਨੀ ਛੱਡ ਦਿਓ।
- ਕਿਸੇ ਹਥਿਆਰ ਨਾਲ ਕੀਤਾ ਗਿਆ ਜ਼ਖ਼ਮ ਤਾਂ ਮਲ੍ਹਮ ਪੱਟੀ ਨਾਲ ਠੀਕ ਹੋ ਸਕਦਾ ਹੈ ਪਰ ਕੌੜੀ ਬੋਲੀ ਨਾਲ ਕੀਤਾ ਜ਼ਖ਼ਮ ਕਿਸੇ ਤਰ੍ਹਾਂ ਵੀ ਠੀਕ ਨਹੀਂ ਹੋ ਸਕਦਾ।
- ਸ਼ਾਂਤੀ ਸਮਾਨ ਕੋਈ ਦੂਜੀ ਤਪੱਸਿਆ ਨਹੀਂ, ਸਬਰ ਤੋਂ ਵੱਧ ਕੋਈ ਸੁਖ ਨਹੀਂ, ਲਾਲਚ ਤੋਂ ਵੱਡਾ ਕੋਈ ਰੋਗ ਨਹੀਂ, ਦਇਆ ਬਰਾਬਰ ਧਰਮ ਨਹੀਂ।
- ਆਪਣੀ ਪਤਨੀ, ਘਰ ਦੀ ਰੋਟੀ, ਕਿਸਮਤ 'ਚ ਮਿਲੇ ਧਨ ਉੱਤੇ ਸਬਰ ਕਰਨਾ ਚਾਹੀਦਾ ਹੈ ਪਰ ਵਿੱਦਿਆ ਪੜ੍ਹਨ, ਸਿਮਰਨ ਕਰਨ, ਦਾਨ ਦੇਣ ਵਿੱਚ ਕਦੇ ਵੀ ਸਬਰ ਨਹੀਂ ਕਰਨਾ ਚਾਹੀਦਾ।
- ਮਿਹਨਤ ਨਾਲ ਆਇਆ ਮੱਥੇ ਦਾ ਪਸੀਨਾ ਭਾਗਾਂ ਦੀ ਗ਼ਲਤ ਰੇਖਾ ਨੂੰ ਮਿਟਾ ਦਿੰਦਾ ਹੈ।
- ਮੂਰਖ ਵਿੱਚ ਕੰਡੇ ਹਨ, ਪਰ ਉਹ ਦਿਖਾਈ ਨਹੀਂ ਦਿੰਦੇ ਪਰ ਉਸਦੀ ਕੌੜੀ ਬੋਲੀ ਕੰਡਿਆਂ ਵਾਂਗ ਹਰ ਸਮੇਂ ਚੁਭਦੀ ਰਹਿੰਦੀ ਹੈ।
- ਪੁਰਖ ਦੀ ਸੁੰਦਰਤਾ ਉਸ ਵੱਲੋਂ ਪ੍ਰਾਪਤ ਕੀਤੀ ਗਈ ਵਿੱਦਿਆ ਹੈ।
- ਖ਼ੁਸ਼ੀਆਂ ਧਨ ਨਾਲ ਨਹੀਂ ਮਿਲਦੀਆਂ, ਨਾ ਵਿਰਾਸਤ ਵਿੱਚ ਮਿਲਦੀਆਂ ਹਨ। ਰਾਜੇ ਵੀ ਖ਼ੁਸ਼ ਨਹੀਂ ਹੁੰਦੇ ਕਿਉਂਕਿ ਖ਼ੁਸ਼ੀ ਇਕ ਅਹਿਸਾਸ ਹੈ, ਜਿਸਨੂੰ ਖਰੀਦਿਆ ਨਹੀਂ ਜਾ ਸਕਦਾ।
- ਹੁਸਨ ਇਸਤਰੀ ਦਾ ਜਾਦੂ ਹੈ, ਸੁਸ਼ੀਲਤਾ ਉਸਦੀ ਸੁੰਦਰਤਾ ਹੈ, ਸ਼ਰਮ ਉਸਦਾ

ਗਹਿਣਾ ਹੈ, ਪਿਆਰ ਉਸਦੀ ਆਤਮਾ ਹੈ, ਦਇਆ ਉਸਦਾ ਸੁਭਾਉ ਹੈ, ਨਿਮਰਤਾ ਉਸਦੀ ਸ਼ਾਨ ਹੈ ਅਤੇ ਆਪਣੇ ਕਰਤੱਵ ਦੀ ਪੂਰਤੀ ਵਿੱਚ ਉਸਦੇ ਜੀਵਨ ਦੀ ਸੰਪੂਰਨਤਾ ਹੈ।

- ਸਮਾਂ ਸਭ ਚੀਜ਼ਾਂ ਨੂੰ ਹਜ਼ਮ ਕਰ ਲੈਂਦਾ ਹੈ ਪਰ ਆਪ ਸਥਿਰ ਹੈ ਤੇ ਸਭ ਨੂੰ ਛੱਡ ਜਾਂਦਾ ਹੈ ਪਰ ਸਮੇਂ ਨੂੰ ਕੋਈ ਨਹੀਂ ਛੱਡ ਸਕਦਾ। ਲੋਕਾਂ ਦੇ ਸੁੱਤਿਆਂ 'ਤੇ ਵੀ ਸਮਾਂ ਜਾਗਦਾ ਰਹਿੰਦਾ ਹੈ।
- ਪਿਆਰ ਦਾ ਬੰਧਨ ਇਸ ਦੁਨੀਆ ਵਿੱਚ ਸਭ ਤੋਂ ਵੱਡਾ ਬੰਧਨ ਹੈ।
- ਉਸ ਵਿਅਕਤੀ ਨੂੰ ਬੁੱਧੀਮਾਨ ਸਮਝਿਆ ਜਾਂਦਾ ਹੈ, ਜੋ ਚੰਗੇ ਅਤੇ ਬੁਰੇ ਦੇ ਅੰਤਰ ਨੂੰ ਚੰਗੀ ਤਰ੍ਹਾਂ ਸਮਝਦਾ ਹੈ।
- ਅਜਿਹੀ ਔਲਾਦ ਜਿਸਨੂੰ ਮਾਪਿਆਂ ਵੱਲੋਂ ਅਨਪੜ੍ਹ ਰੱਖਿਆ ਜਾਂਦਾ ਹੈ, ਜਦ ਜਵਾਨ ਹੋ ਕੇ ਜ਼ਮਾਨੇ ਵੱਲ ਵੇਖਦੀ ਹੈ ਤਾਂ ਉਸਨੂੰ ਪਿੱਛੇ ਰਹਿ ਜਾਣ ਦਾ ਡੂੰਘਾ ਅਹਿਸਾਸ ਹੁੰਦਾ ਹੈ। ਉਹਨਾਂ ਦੀ ਸਥਿਤੀ ਹੰਸਾਂ ਵਿੱਚ ਘਿਰੇ ਬਗਲੇ ਵਾਲੀ ਹੋ ਜਾਂਦੀ ਹੈ।
- ਵੱਡੇ ਘਰਾਣੇ ਵਿੱਚ ਜਨਮ ਲੈਣ ਵਾਲਾ ਵਿਅਕਤੀ ਵੱਡਾ ਨਹੀਂ ਹੁੰਦਾ, ਬਲਕਿ ਮਹਾਨ ਉਹ ਹੁੰਦਾ ਹੈ ਜਿਸਦੇ ਕੋਲ ਗੁਣ ਅਤੇ ਵਿੱਦਿਆ ਹੈ।
- ਗਿਆਨ ਦੀ ਪ੍ਰਾਪਤੀ ਲਈ ਆਪਣੇ ਸੁਖਾਂ ਦਾ ਤਿਆਗ ਕਰਨਾ ਪਏ ਤਾਂ ਸੰਕੋਚ ਨਹੀਂ ਕਰਨਾ ਚਾਹੀਦਾ।
- ਸਿੱਖਿਆ ਮਨੁੱਖ ਦਾ ਸੱਚਾ ਸਾਥੀ, ਵਫ਼ਾਦਾਰ ਮਿੱਤਰ ਅਤੇ ਸਭ ਤੋਂ ਵੱਡਾ ਪਿਆਰਾ ਸੰਬੰਧੀ ਹੈ।
- ਅਮੀਰ ਆਦਮੀ ਨੂੰ ਦਾਨ ਦੇਣਾ ਵਿਅਰਥ ਹੈ।
- ਦੂਸਰਿਆਂ ਨੂੰ ਆਪਣੇ ਵੱਸ ਵਿੱਚ ਕਰਨਾ ਵੀ ਇਕ ਕਲਾ ਹੈ।
- ਔਰਤ ਦੀ ਸ਼ਕਤੀ ਉਸਦੀ ਸੁੰਦਰਤਾ ਵਿੱਚ ਹੈ।
- ਬਿਨਾਂ ਅਮਲ ਤੋਂ ਗਿਆਨ ਨਸ਼ਟ ਹੋ ਜਾਂਦਾ ਹੈ। ਜਦ ਗਿਆਨ ਨਸ਼ਟ ਹੋ ਜਾਵੇ ਤਾਂ ਸਮਝੋ ਸਾਰੀ ਮਾਨਵਤਾ ਹੀ ਨਸ਼ਟ ਹੋ ਜਾਂਦੀ ਹੈ।
- ਸ਼ਕਤੀ ਤੋਂ ਵੱਡਾ ਕੋਈ ਤਪ ਨਹੀਂ, ਸ਼ਹਿਣਸ਼ੀਲਤਾ ਤੋਂ ਵੱਡਾ ਕੋਈ ਸੁਖ ਨਹੀਂ, ਲਾਲਚ ਤੋਂ ਵੱਡਾ ਕੋਈ ਰੋਗ ਨਹੀਂ ਅਤੇ ਦਇਆ ਤੋਂ ਵੱਡਾ ਕੋਈ ਧਰਮ ਨਹੀਂ।
- ਜਿਸ ਵਿਅਕਤੀ ਕੋਲ ਤਾਕਤ ਹੈ, ਪਰ ਬੁੱਧੀ ਨਹੀਂ, ਉਹ ਕਮਜ਼ੋਰ ਤੋਂ ਕਮਜ਼ੋਰ ਵਿਅਕਤੀ ਕੋਲੋਂ ਵੀ ਹਾਰ ਸਕਦਾ ਹੈ।
- ਮਨੁੱਖ ਦੀ ਜਾਤ ਨਹੀਂ, ਸਗੋਂ ਕਰਮ ਹੀ ਉਸਨੂੰ ਵੱਡਾ ਛੋਟਾ ਬਣਾਉਂਦੇ ਹਨ।
- ਈਰਖਾ ਅਸਫਲਤਾ ਦਾ ਦੂਸਰਾ ਨਾਮ ਹੈ। ਆਪਣੀ ਅਸਫਲਤਾ ਅਤੇ ਦੂਸਰਿਆਂ ਦੀ ਸਫਲਤਾ ਵੇਖ ਕੇ ਮਨੁੱਖ ਈਰਖਾਲੂ ਬਣਦਾ ਹੈ। ਈਰਖਾ ਕਰਕੇ ਆਪਣੇ

ਮਹੱਤਵ ਨੂੰ ਘੱਟ ਕਰਨਾ ਹੈ।

- ਜੋ ਧਨ ਚਲਿਆ ਜਾਂਦਾ ਹੈ, ਜੋ ਜਾਇਦਾਦ ਚਲੀ ਜਾਂਦੀ ਹੈ, ਉਹ ਵਾਪਸ ਆ ਸਕਦੀ ਹੈ, ਪਰ ਮਾਨਵ-ਸਰੀਰ ਦੁਬਾਰਾ ਵਾਪਸ ਨਹੀਂ ਆ ਸਕਦਾ।
- ਹਰ ਵਿਅਕਤੀ ਆਪਣੀਆਂ ਆਦਤਾਂ ਦਾ ਗ਼ੁਲਾਮ ਹੁੰਦਾ ਹੈ।
- ਮਿਹਨਤੀ ਲੋਕ ਆਪਣੀ ਕਿਸਮਤ ਉੱਤੇ ਵੀ ਜਿੱਤ ਪ੍ਰਾਪਤ ਕਰ ਲੈਂਦੇ ਹਨ।

ਅਗਿਆਤ

- ਜੋ ਮਨੁੱਖ ਆਪਣੇ ਇਕ ਪਲ ਦੇ ਗੁੱਸੇ ਨੂੰ ਜਜ਼ਬ ਕਰ ਸਕਦਾ ਹੈ ਉਹ ਕਈ ਦੁੱਖਾਂ ਦੇ ਦਿਨ ਰੋਕ ਲੈਂਦਾ ਹੈ।
- ਜੇ ਅਸੀਂ ਆਪਣੀ ਜੁਆਨੀ ਖ਼ਾਤਰ ਭਵਿੱਖ ਨਹੀਂ ਬਣਾ ਸਕਦੇ ਤਾਂ ਆਓ ਭਵਿੱਖ ਖ਼ਾਤਰ ਆਪਣੀ ਜੁਆਨੀ ਬਣਾਈਏ।
- ਜੋ ਖ਼ੁਸ਼ੀ ਤੁਹਾਨੂੰ ਕੱਲ੍ਹ ਦੁਖੀ ਕਰਨ ਵਾਲੀ ਹੈ ਉਸਨੂੰ ਅੱਜ ਹੀ ਤਿਆਗ ਦਿਓ।
- ਸਭ ਨਾਲ ਮੇਲ-ਮਿਲਾਪ ਰੱਖੋ, ਕੁਝ ਨਾਲ ਮਿੱਤਰਤਾ ਰੱਖੋ ਅਤੇ ਸਾਂਝ ਸਿਰਫ਼ ਇਕ ਨਾਲ ਰੱਖੋ।
- ਇਕ ਚੰਗਾ ਵਿਆਹ ਅੰਨ੍ਹੀ ਔਰਤ ਤੇ ਇਕ ਬੋਲ੍ਹੇ ਮੁੰਡੇ ਦੇ ਵਿੱਚ ਹੁੰਦਾ ਹੈ।
- ਸਿਆਣੇ ਹੱਥਾਂ ਵਿੱਚ ਸੱਪ ਦੀ ਜ਼ਹਿਰ ਵੀ ਭਲਾ ਕਰ ਸਕਦੀ ਹੈ, ਮੂਰਖ ਦੇ ਹੱਥਾਂ ਵਿੱਚ ਸ਼ਹਿਦ ਵੀ ਨੁਕਸਾਨ ਪੁਚਾ ਸਕਦਾ ਹੈ।
- ਔਰਤ ਕੁਦਰਤ ਦੀ ਬੇਟੀ ਹੈ ਉਸ 'ਤੇ ਕ੍ਰੋਧ ਨਾ ਕਰੋ, ਉਸਦਾ ਦਿਲ ਕੋਮਲ ਹੁੰਦਾ ਹੈ, ਉਸ 'ਤੇ ਵਿਸ਼ਵਾਸ ਕਰੋ।
- ਸੋਨੇ ਦੀ ਪਰਖ ਅੱਗ ਕਰਦੀ ਹੈ। ਸੂਰਬੀਰਾਂ ਦੀ ਪ੍ਰੀਖਿਆ ਮੁਸੀਬਤ ਸਮੇਂ ਹੁੰਦੀ ਹੈ।
- ਦਇਆ ਉਹ ਭਾਸ਼ਾ ਹੈ ਜਿਸਨੂੰ ਬੋਲ੍ਹੇ ਸੁਣ ਸਕਦੇ ਹਨ ਅਤੇ ਗੂੰਗੇ ਸਮਝ ਸਕਦੇ ਹਨ।
- ਫੁੱਲ ਕਿਸੇ ਦਾ ਕੁਝ ਨਹੀਂ ਸੁਆਰਦੇ, ਪਰ ਚੰਗੇ ਲੱਗਦੇ ਹਨ। ਚੰਗੇ ਲੱਗਣਾ ਹੀ ਇਕ ਰੂਹਾਨੀ ਭਾਵ ਹੈ।
- ਨਾਸਤਕ ਉਹ ਨਹੀਂ ਹੁੰਦੇ ਜਿਸਨੂੰ ਰੱਬ 'ਤੇ ਵਿਸ਼ਵਾਸ ਨਹੀਂ, ਸਗੋਂ ਨਾਸਤਕ ਉਹ ਹੁੰਦਾ ਹੈ, ਜਿਸਨੂੰ ਆਪਣੇ ਆਪ 'ਤੇ ਵਿਸ਼ਵਾਸ ਨਹੀਂ।
- ਹਰ ਨਵੀਂ ਸਿੱਖੀ ਭਾਸ਼ਾ ਨਾਲ ਤੁਹਾਨੂੰ ਇਕ ਨਵੀਂ ਰੂਹ ਮਿਲਦੀ ਹੈ।
- ਜਿਸ ਤਰ੍ਹਾਂ ਸੂਰਜ ਤੇ ਚੰਨ ਬਾਹਰੀ ਦੁਨੀਆ ਨੂੰ ਪ੍ਰਕਾਸ਼ਮਾਨ ਕਰਦੇ ਹਨ ਉਸੇ ਤਰ੍ਹਾਂ ਗਿਆਨ ਦੀਆਂ ਕਿਰਨਾਂ ਸਾਡੀ ਅੰਤਰ ਆਤਮਾ ਨੂੰ ਰੁਸ਼ਨਾਉਂਦੀਆਂ ਹਨ।
- ਜਿਸਨੇ ਜ਼ਿੰਦਗੀ ਵਿੱਚ ਕੋਈ ਗ਼ਲਤੀ ਨਹੀਂ ਕੀਤੀ ਸਮਝੋ ਉਸਨੇ ਕੋਈ ਕੰਮ ਨਹੀਂ ਕੀਤਾ।
- ਆਪਣੇ ਆਪ ਨੂੰ ਸੁਧਾਰ ਲੈਣਾ ਹੀ ਸਭ ਤੋਂ ਵੱਡੀ ਸਮਾਜ ਸੇਵਾ ਹੈ।
- ਕਰਮ ਨਾਲ ਨਾਮ ਬਣਦਾ ਹੈ ਅਤੇ ਨਾਮ ਨਾਲ ਪਹਿਚਾਣ। ਤੁਸੀਂ ਕਿਸ ਤਰ੍ਹਾਂ ਦੀ ਪਹਿਚਾਣ ਚਾਹੁੰਦੇ ਹੋ ਇਹ ਤੁਹਾਡੇ ਕਰਮਾਂ 'ਤੇ ਨਿਰਭਰ ਕਰਦਾ ਹੈ।
- ਖ਼ੁਦ ਤੁਹਾਡੇ ਤੋਂ ਵਧ ਕੇ ਤੁਹਾਨੂੰ ਕੋਈ ਸਲਾਹ ਨਹੀਂ ਦੇ ਸਕਦਾ।

- ➢ ਸਿਆਣੇ ਦਾ ਮੂੰਹ ਉਸਦੇ ਦਿਲ ਵਿੱਚ ਹੁੰਦਾ ਹੈ ਅਤੇ ਮੂਰਖ ਦਾ ਦਿਲ ਉਹਦੇ ਮੂੰਹ ਵਿੱਚ ਰਹਿੰਦਾ ਹੈ।
- ➢ ਮਨੁੱਖ ਨੂੰ ਚੁੱਪ ਰਹਿਣ ਦਾ ਅਤੇ ਏਕਤਾ ਦਾ ਪਾਠ ਕੀੜੀਆਂ ਤੋਂ ਸਿੱਖਣਾ ਚਾਹੀਦਾ ਹੈ।
- ➢ ਚਰਿਤਰ ਮਨੁੱਖ ਦੀ ਇਮਾਰਤ ਦਾ ਅੰਦਰੂਨੀ ਦਰਵਾਜ਼ਾ ਹੈ ਅਤੇ ਸ਼ਖ਼ਸੀਅਤ ਬਾਹਰੀ।
- ➢ ਪਹਾੜ ਤੋਂ ਡਿੱਗ ਕੇ ਮਨੁੱਖ ਉੱਠ ਸਕਦਾ ਹੈ, ਪਰ ਚਰਿੱਤਰ ਤੋਂ ਡਿੱਗਿਆ ਮਨੁੱਖ ਨਹੀਂ ਉੱਠ ਸਕਦਾ।
- ➢ ਸੰਸਾਰ ਭਰ ਵਿੱਚ ਸਭ ਤੋਂ ਉਤਮ ਸਿੱਖਿਆ ਉਹ ਹੈ, ਜੋ ਅਸੀਂ ਆਪਣੇ ਤੋਂ ਜ਼ਿਆਦਾ ਪੜ੍ਹੇ ਲਿਖੇ ਵਿਅਕਤੀ ਨਾਲ ਗੱਲਬਾਤ ਕਰਦੇ ਸਮੇਂ ਪ੍ਰਾਪਤ ਕਰਦੇ ਹਾਂ।
- ➢ ਉਹ ਮਨੁੱਖ ਮਹਾਨ ਹੈ ਜਿਸਨੇ ਆਪਣਾ ਬਚਪਨ ਵਾਲਾ ਦਿਲ ਨਹੀਂ ਗੁਆਇਆ।
- ➢ ਆਪਣੇ ਡਰ ਨੂੰ ਆਪਣੇ ਤੱਕ ਸੀਮਤ ਰੱਖੋ ਪਰ ਆਪਣੀ ਬਹਾਦਰੀ ਨੂੰ ਦੂਜਿਆਂ ਨਾਲ ਸਾਂਝਾ ਕਰੋ।
- ➢ ਪ੍ਰਮਾਤਮਾ ਹਰ ਪੰਛੀ ਨੂੰ ਚੋਗਾ ਦਿੰਦਾ ਹੈ, ਪਰ ਉਸਨੂੰ ਪੰਛੀ ਦੇ ਆਲ੍ਹਣੇ ਵਿੱਚ ਨਹੀਂ ਪਾਉਂਦਾ।
- ➢ ਜੇਕਰ ਸੰਸਾਰ ਵਿੱਚ ਕੋਈ ਸ਼ਕਤੀ ਹੈ ਜੋ ਆਪਣੇ ਪ੍ਰਭਾਵ ਦਾ ਅਨੁਭਵ ਕਰਵਾਏ ਬਿਨਾਂ ਨਹੀਂ ਰਹਿੰਦੀ ਤਾਂ ਇਹ ਚਰਿੱਤਰ ਹੀ ਹੈ। ਕਿਸੇ ਵਿਅਕਤੀ ਨੇ ਭਾਵੇਂ ਰਸਮੀ ਸਿੱਖਿਆ ਨਾ ਪ੍ਰਾਪਤ ਕੀਤੀ ਹੋਵੇ ਪਰ ਜੇਕਰ ਇਹ ਮਹਾਨ ਚਰਿੱਤਰ ਦਾ ਸਵਾਮੀ ਹੈ ਤਾਂ ਉਸਨੂੰ ਇੱਜ਼ਤ ਅਵੱਸ਼ ਪ੍ਰਾਪਤ ਹੋਵੇਗੀ।
- ➢ ਕਿਸੇ ਵੀ ਦੇਸ਼ ਦਾ ਭਵਿੱਖ ਨੌਜਵਾਨਾਂ ਦੀ ਸਿੱਖਿਆ 'ਤੇ ਨਿਰਭਰ ਕਰਦਾ ਹੈ।
- ➢ ਚੁੱਪ ਦੇ ਰੁੱਖ 'ਤੇ ਸ਼ਾਂਤੀ ਦੇ ਫ਼ਲ ਲੱਗਦੇ ਹਨ।
- ➢ ਇਕ ਹੀ ਮੂਰਖਤਾ ਦੂਜੇ ਦੀ ਕਿਸਮਤ ਬਣਦੀ ਹੈ।
- ➢ ਇਸ ਤੋਂ ਪਹਿਲਾਂ ਕਿ ਤੁਹਾਡੀ ਗਲਤੀ ਕੋਈ ਸੁਧਾਰੇ, ਤੁਸੀਂ ਆਪਣੀ ਗ਼ਲਤੀ ਆਪ ਹੀ ਸੁਧਾਰੋ।

ਡੇਲ ਕਾਰਨੇਗੀ

- ਕਰਮਾਂ ਦੀ ਆਵਾਜ਼ ਸ਼ਬਦਾਂ ਨਾਲੋਂ ਉੱਚੀ ਹੁੰਦੀ ਹੈ।
- ਸਮਝਦਾਰ ਲਈ ਹਰ ਸਵੇਰ ਨਵੀਂ ਜ਼ਿੰਦਗੀ ਲੈ ਕੇ ਆਉਂਦੀ ਹੈ।
- ਆਪਣੇ ਕੰਮ ਵਿੱਚ ਦਿਲਚਸਪੀ ਲੈਣ ਨਾਲ ਹੀ ਥਕਾਵਟ ਅਤੇ ਦੁੱਖਾਂ ਨੂੰ ਘਟਾਇਆ ਜਾ ਸਕਦਾ ਹੈ।
- ਲੋਕਾਂ ਨੂੰ ਬੁਰਾ ਕਹਿਣ ਦੀ ਬਜਾਇ ਸਾਨੂੰ ਉਹਨਾਂ ਨੂੰ ਸਮਝਣ ਦਾ ਯਤਨ ਕਰਨਾ ਚਾਹੀਦਾ ਹੈ। ਸਾਨੂੰ ਇਹ ਜਾਨਣ ਦਾ ਯਤਨ ਕਰਨਾ ਚਾਹੀਦਾ ਹੈ ਕਿ ਜੋ ਕੁਝ ਉਹ ਕਰਦੇ ਹਨ ਉਹ ਕਿਉਂ ਕਰਦੇ ਹਨ ? ਇਸ ਨਾਲ ਹਮਦਰਦੀ, ਸਹਿਣਸ਼ੀਲਤਾ ਅਤੇ ਦਿਆਲਤਾ ਪੈਦਾ ਹੁੰਦੀ ਹੈ।
- ਦੂਸਰੇ ਦੇ ਭਾਵ ਨੂੰ ਸਮਝਣ ਅਤੇ ਮੁਆਫ਼ ਕਰਨ ਦੇ ਲਈ ਚਰਿੱਤਰ ਅਤੇ ਆਤਮ ਸੰਜਮ ਦੀ ਜ਼ਰੂਰਤ ਹੁੰਦੀ ਹੈ।
- ਸੰਸਾਰ ਵਿੱਚ ਹਰੇਕ ਵਿਅਕਤੀ ਸੁਖ ਲਭਦਾ ਹੈ ਅਤੇ ਉਸ ਨੂੰ ਪਾਉਣ ਦਾ ਇਕ ਨਿਸਚਿਤ ਮਾਰਗ ਹੈ। ਉਹ ਹੈ ਆਪਣੇ ਵਿਚਾਰਾਂ ਨੂੰ ਵੱਸ ਵਿੱਚ ਕਰਨਾ। ਸੁਖ ਬਾਹਰੀ ਹਾਲਾਤਾਂ ਉੱਤੇ ਨਿਰਭਰ ਨਹੀਂ ਕਰਦਾ। ਇਸਦਾ ਨਿਰਭਰ ਅੰਦਰਲੀਆਂ ਹਾਲਾਤਾਂ ਉੱਤੇ ਹੈ।
- ਮੁਸਕੁਰਾਹਟ ਇਕ ਥੱਕੇ ਹੋਏ ਵਿਅਕਤੀ ਲਈ ਆਰਾਮ ਹੈ, ਨਿਰਾਸ ਦੇ ਲਈ ਦਿਨ ਦਾ ਪ੍ਰਕਾਸ਼ ਹੈ, ਠਰੇ ਹੋਏ ਦੇ ਲਈ ਧੁੱਪ ਹੈ। ਕਸ਼ਟ ਲਈ ਕੁਦਰਤ ਦਾ ਸਰਵ-ਉੱਤਮ ਪ੍ਰਤਿਕਾਰ ਹੈ।
- ਦੂਜੇ ਨੂੰ ਧਿਆਨਪੂਰਵਕ ਸੁਣਨਾ ਉਸ ਮਨੁੱਖ ਲਈ ਸਭ ਤੋਂ ਵੱਡੀ ਪ੍ਰਸ਼ੰਸਾ ਹੈ।
- ਬਹਿਸ ਤੋਂ ਲਾਭ ਉਠਾਉਣ ਦੀ ਇਕ ਮਾਤਰ ਵਿਧੀ ਇਹ ਹੈ ਕਿ ਬਹਿਸ ਨਾ ਕੀਤੀ ਜਾਵੇ।
- ਆਲੋਚਨਾ ਖ਼ਤਰਨਾਕ ਵੀ ਹੈ, ਕਿਉਂਕਿ ਇਹ ਮਨੁੱਖ ਦੇ ਬਹੁਮੁੱਲੇ ਮਾਣ ਨੂੰ ਜ਼ਖ਼ਮੀ ਕਰਦੀ, ਉਸਦੀ ਮਹੱਤਤਾ ਦੇ ਭਾਵ ਨੂੰ ਦੁੱਖ ਪਹੁੰਚਾਉਂਦੀ ਅਤੇ ਉਸਦੇ ਕਰੋਧ ਨੂੰ ਭੜਕਾਉਂਦੀ ਹੈ।
- ਮਾਨਵੀ ਵਿਚਾਰ ਵਿੱਚ ਜੋ ਵੀ ਉਨਤੀ ਹੋਈ ਹੈ ਆਮ ਤੌਰ 'ਤੇ ਉਹ ਸਭ ਸ਼ੱਕ ਕਰਨ ਵਾਲੇ ਲੋਕਾਂ ਨੇ, ਪ੍ਰਸ਼ਨ ਕਰਨ ਵਾਲਿਆਂ ਨੇ, ਲਲਕਾਰਨ ਵਾਲਿਆਂ ਨੇ ਹੀ ਕੀਤੀ ਹੈ।
- ਮਨੁੱਖ ਦਾ ਆਪਣਾ ਨਾਮ ਉਸਦੀ ਭਾਸ਼ਾ ਵਿੱਚ ਉਸਦੇ ਲਈ ਸਭ ਤੋਂ ਮਹੱਤਵਪੂਰਨ ਸ਼ਬਦ ਹੈ।
- ਆਤਮ-ਵਿਸ਼ਵਾਸ ਵਧਾਉਣ ਦੀ ਵਿਧੀ ਇਹ ਹੈ ਕਿ ਤੁਸੀਂ ਉਹ ਕੰਮ ਕਰੋ ਜਿਸਨੂੰ ਕਰਦੇ ਤੁਸੀਂ ਡਰਦੇ ਹੋ। ਇਸ ਪ੍ਰਕਾਰ ਜਿਉਂ-ਜਿਉਂ ਤੁਹਾਨੂੰ ਸਫਲਤਾ

ਪ੍ਰਾਪਤ ਹੋਵੇਗੀ, ਤੁਹਾਡਾ ਆਤਮ-ਵਿਸ਼ਵਾਸ ਵਧਦਾ ਜਾਵੇਗਾ।

- ਪਹਿਲਾਂ ਦੂਜੇ ਦਾ ਦਿਲ ਜਿੱਤੋ ਅਤੇ ਫੇਰ ਉਸਦੀ ਸੂਝ ਸ਼ਕਤੀ ਨੂੰ ਅਪੀਲ ਕਰੋ।
- ਗ੍ਰਿਹਸਥੀ ਜੀਵਨ ਦੀ ਸਫ਼ਲਤਾ ਸਿਰਫ਼ ਠੀਕ ਵਿਅਕਤੀ ਲੱਭਣ 'ਤੇ ਨਹੀਂ, ਬਲਕਿ ਇਸ ਤੋਂ ਵੀ ਵੱਧ ਕੇ ਖ਼ੁਦ ਠੀਕ ਵਿਅਕਤੀ ਹੋਣ 'ਤੇ ਹੈ।
- ਕੋਈ ਵੀ ਮੂਰਖ ਆਪਣੀਆਂ ਭੁੱਲਾਂ ਨੂੰ ਠੀਕ ਸਿੱਧ ਕਰਨ ਦਾ ਯਤਨ ਕਰ ਸਕਦਾ ਹੈ ਅਤੇ ਬਹੁਤ ਸਾਰੇ ਮੂਰਖ ਅਜਿਹਾ ਕਰਦੇ ਹਨ ਪਰੰਤੂ ਆਪਣੀ ਗ਼ਲਤੀ ਮੰਨ ਲੈਣ ਨਾਲ ਮਨੁੱਖ ਸਾਧਾਰਨ ਲੋਕਾਂ ਤੋਂ ਉੱਚਾ ਉੱਠ ਜਾਂਦਾ ਹੈ।
- ਜੇ ਤੁਸੀਂ ਮੈਨੂੰ ਦੱਸ ਦਿਓ ਕਿ ਤੁਹਾਡੇ ਵਿੱਚ ਮਹੱਤਤਾ ਦਾ ਭਾਵ ਕਿਸ ਗੱਲ ਤੋਂ ਪੈਦਾ ਹੁੰਦਾ ਹੈ ਤਾਂ ਮੈਂ ਦੱਸ ਸਕਦਾ ਹਾਂ ਕਿ ਤੁਸੀਂ ਕੀ ਹੋ। ਇਸ ਤੋਂ ਤੁਹਾਡੇ ਚਰਿਤਰ ਦਾ ਨਿਸ਼ਚਾ ਹੁੰਦਾ ਹੈ।
- ਦੂਜੇ ਮਨੁੱਖ ਨੂੰ ਚੰਗਾ ਕਹੋ ਤਾਂ ਕਿ ਉਹ ਸਚਮੁੱਚ ਚੰਗਾ ਬਣਨ ਦਾ ਯਤਨ ਕਰੇ।
- ਜਿੱਥੇ ਮੁਹੱਬਤ ਨਹੀਂ, ਉੱਥੇ ਪੈਸਾ ਵੀ ਨਹੀਂ।
- ਕਲਪਨਿਕ ਯੋਜਨਾਵਾਂ ਬਣਾ ਕੇ ਅਸੀਂ ਰੋਜ ਆਪਣੇ ਆਪ ਨੂੰ ਠੱਗਦੇ ਹਾਂ।
- ਮਨੁੱਖ ਦੀ ਅਸਲ ਪੂੰਜੀ ਉਸਦਾ ਆਪਣਾ ਸੁਭਾਅ ਹੈ।
- ਧਨ ਨਾਲ ਚੰਗੇ ਗੁਣ ਨਹੀਂ ਮਿਲਦੇ, ਚੰਗੇ ਗੁਣਾਂ ਨਾਲ ਧਨ ਜ਼ਰੂਰ ਮਿਲਦਾ ਹੈ।

ਥਾਮਸ ਐਡੀਸਨ

ਥਾਮਸ ਐਡੀਸਨ ਦੁਨੀਆ ਦੇ ਮਹਾਨ ਵਿਗਿਆਨਿਕ ਸਨ। 1847 ਈ. ਨੂੰ ਅਮਰੀਕਾ ਵਿੱਚ ਜਨਮੇ ਐਡੀਸਨ ਨੇ ਬਲਬ ਅਤੇ ਟੈਲੀਫ਼ੋਨ ਵਰਗੀਆਂ ਅਨੇਕਾਂ ਪ੍ਰਸਿੱਧ ਖੋਜਾਂ ਕੀਤੀਆਂ। 1931 ਵਿੱਚ ਉਹਨਾਂ ਦਾ ਦੇਹਾਂਤ ਹੋਇਆ।

- ਜਦੋਂ ਆਜ਼ਾਦੀ ਚਲੀ ਜਾਂਦੀ ਹੈ ਤਾਂ ਜੀਵਨ ਦਾ ਸਵਾਦ ਵੀ ਚਲਿਆ ਜਾਂਦਾ ਹੈ।
- ਪ੍ਰਭੁਤਾ ਉਸ ਕੰਮ ਜਾਂ ਆਚਰਨ ਨੂੰ ਕਹਿੰਦੇ ਹਨ ਜਿਸ ਦੁਆਰਾ ਦੂਜੇ ਦੇ ਕੰਮ ਜਾਂ ਵਤੀਰੇ ਨੂੰ ਪ੍ਰਭਾਵਿਤ ਕੀਤਾ ਜਾਂਦਾ ਹੈ।
- ਮਨੁੱਖੀ ਰੂਹ ਲਈ ਵਿੱਦਿਆ ਉਹੀ ਕੁਝ ਹੈ ਜੋ ਇਕ ਬੁੱਤ ਤਰਾਸ਼ ਇਕ ਸੰਗਮਰਮਰ ਦੇ ਟੁਕੜੇ ਲਈ ਹੁੰਦਾ ਹੈ।
- ਦੋਸਤੀ ਖ਼ੁਸ਼ੀ ਨੂੰ ਦੁਗਣਾ ਕਰਦੀ ਹੈ ਅਤੇ ਦੁੱਖ ਨੂੰ ਵੰਡਾਉਂਦੀ ਹੈ।
- ਮਨੁੱਖ ਨੂੰ ਆਪਣੀ ਗ਼ਲਤੀ ਮੰਨਣ ਵਿੱਚ ਕਦੇ ਵੀ ਸ਼ਰਮ ਮਹਿਸੂਸ ਨਹੀਂ ਕਰਨੀ ਚਾਹੀਦੀ, ਕਿਉਂਕਿ ਗ਼ਲਤੀ ਮੰਨਣ ਦਾ ਭਾਵ ਹੁੰਦਾ ਹੈ ਕਿ ਉਹ ਮਨੁੱਖ ਕੱਲ੍ਹ ਨਾਲੋਂ ਅੱਜ ਵਧੇਰੇ ਸਿਆਣਾ ਹੋ ਗਿਆ ਹੈ।
- ਅਸੀਂ ਖ਼ੁਦ ਆਨੰਦ ਵਿੱਚ ਹਾਂ।
- ਅਸੀਂ ਖ਼ੁਦ ਆਨੰਦ ਦਾ ਅਨੁਮਾਨ ਲਾਉਣ ਦੀ ਬਜਾਏ ਲੋਕਾਂ ਨੂੰ ਵਿਸ਼ਵਾਸ ਦਿਵਾਉਣ ਵਿੱਚ ਵਿਸ਼ਵਾਸ ਰੱਖਦੇ ਹਾਂ ਕਿ ਅਸੀਂ ਆਨੰਦ ਵਿੱਚ ਹਾਂ।
- ਬਦਲਾ ਲੈਣ ਨਾਲ ਮਨੁੱਖ ਆਪਣੇ ਦੁਸ਼ਮਣ ਸਮਾਨ ਹੋ ਜਾਂਦਾ ਹੈ।
- ਭੁੱਖੇ ਦਾ ਢਿੱਡ ਰੱਜ ਜਾਂਦਾ ਹੈ, ਪਰ ਅੱਖਾਂ ਨਹੀਂ ਰਜਦੀਆਂ।
- ਇਕ ਪ੍ਰਤਿਭਾਸ਼ਾਲੀ ਵਿਅਕਤੀ ਦੀ ਖੋਜ ਸਰਬੱਤ ਦੇ ਭਲੇ ਲਈ ਹੋਣੀ ਚਾਹੀਦੀ ਹੈ।
- ਸੁਪਨਿਆਂ ਨਾਲ ਸਾਰੀ ਰਾਤ ਗੁਜ਼ਾਰੀ ਜਾ ਸਕਦੀ ਹੈ, ਪਰ ਸਾਰੀ ਜ਼ਿੰਦਗੀ ਨਹੀਂ।
- ਮਨੁੱਖ ਆਪਣੀ ਖ਼ੁਸ਼ਹਾਲੀ ਤੇ ਮਹਾਨ ਭਵਿੱਖ ਵੱਲ ਵਧਦਿਆਂ, ਜੋ-ਜੋ ਕਰਿਸ਼ਮੇ ਕਰਦਾ ਹੈ, ਉਹਨਾਂ ਵਿਚੋਂ ਸਭ ਤੋਂ ਮਹਾਨ ਕਰਿਸ਼ਮਾ ਕਿਤਾਬ ਹੈ।
- ਸੁੰਦਰ ਕਿਰਤ ਵਾਲਾ ਮਨੁੱਖ ਸੁੰਦਰ ਹੁੰਦਾ ਹੈ।
- ਗੁੱਸੇ ਵਿੱਚ ਮੂੰਹੋਂ ਕੱਢੀ ਕੋਈ ਵੀ ਗੱਲ ਜਾਂ ਕੀਤਾ ਫ਼ੈਸਲਾ ਹਮੇਸ਼ਾ ਸੌ ਫ਼ੀਸਦੀ

ਗ਼ਲਤ ਹੁੰਦਾ ਹੈ।

- ਅਸਫਲਤਾ ਸਾਨੂੰ ਇਹ ਸਿਖਾਉਂਦੀ ਹੈ ਕਿ ਸਾਨੂੰ ਕੀ ਕਰਨਾ ਚਾਹੀਦਾ ਹੈ ਅਤੇ ਕੀ ਨਹੀਂ ਕਰਨਾ ਚਾਹੀਦਾ।
- ਦੁਨੀਆ ਦੇ ਹਰ ਰਿਸ਼ਤੇ ਦਾ ਰੁਤਬਾ ਮਾਂ ਕਰਕੇ ਬਣਦਾ ਹੈ।
- ਇੱਕ ਸਮਾਂ ਅਜਿਹਾ ਵੀ ਆਉਂਦਾ ਹੈ, ਜਦੋਂ ਬੰਦੇ ਨੂੰ ਮਾਪੇ ਤੇ ਪੁਰਾਣੇ ਮਿੱਤਰ ਯਾਦ ਆਉਂਦੇ ਹਨ।
- ਹੁਸਨ, ਜਵਾਨੀ, ਮਾਪੇ ਤਿੰਨ ਰੰਗ ਨਹੀਂਓਂ ਲੱਭਣੇ।

ਨਾਨਕ ਸਿੰਘ ਨਾਵਲਕਾਰ

ਪੰਜਾਬੀ ਨਾਵਲ ਦੇ ਇਤਿਹਾਸ ਵਿੱਚ ਨਾਨਕ ਸਿੰਘ ਦਾ ਨਾਮ ਪ੍ਰਮੁੱਖ ਹੈ। ਉਹਨਾਂ ਦਾ ਜਨਮ 4 ਜੁਲਾਈ 1897 ਈ. ਨੂੰ ਚੱਕ ਹਮੀਦ, ਜ਼ਿਲ੍ਹਾ ਜਿਹਲਮ ਵਿਖੇ ਬਹਾਦਰ ਚੰਦ ਦੇ ਘਰ ਹੋਇਆ। 1972 ਈ. ਨੂੰ ਉਹਨਾਂ ਦਾ ਦੇਹਾਂਤ ਹੋਇਆ।

➢ ਜ਼ਿੰਦਗੀ ਵਿੱਚ ਉਹ ਮੌਕੇ ਸਭ ਤੋਂ ਵੱਧ ਖ਼ਤਰਨਾਕ ਹੁੰਦੇ ਹਨ ਜਦੋਂ ਆਦਮੀ ਜੋ ਚਾਹੁੰਦਾ ਕਰ ਨਹੀਂ ਸਕਦਾ ਅਤੇ ਜੋ ਕੁਝ ਉਹ ਆਦਮੀ ਕਰਦਾ ਹੈ ਉਹ ਕੰਮ ਉਸਦੀ ਆਤਮਾ ਦੇ ਉਲਟ ਹੁੰਦਾ ਹੈ।

➢ ਸਿਰਫ਼ ਪ੍ਰੇਰਨਾ ਹੀ ਤਾਂ ਕਲਾਕਾਰ ਬਣਾਉਣ ਲਈ ਕਾਫ਼ੀ ਨਹੀਂ ਹੁੰਦੀ। ਪ੍ਰੇਰਨਾ ਰਾਹੇ ਪਾ ਸਕਦੀ ਹੈ ਪਰ ਮੰਜ਼ਿਲ ਮਕਸੂਦ 'ਤੇ ਪਹੁੰਚਣ ਲਈ ਹੋਰ ਬੜਾ ਕੁਝ ਲੋੜੀਂਦਾ ਹੈ। ਵਲਵਲਾ, ਉਤਸ਼ਾਹ ਤੇ ਉਤੇਜਨਾ ਦੀ ਮਦਦ ਨਾਲ ਆਪਣੀ ਮੰਜ਼ਿਲ ਦਾ ਪਹਿਲਾ ਮੀਲ-ਪੱਥਰ ਪਾਰ ਕੀਤਾ ਜਾ ਸਕਦਾ ਹੈ।

➢ ਸਾਦਗੀ ਅਥਵਾ ਸਰਲਤਾ ਵੀ ਆਪਣੇ ਆਪ ਵਿੱਚ ਜ਼ਰੂਰ ਕੋਈ ਵਿਸ਼ੇਸ਼ਤਾ ਰੱਖਦੀ ਹੈ। ਜਿਸ ਦਾ ਸਬੂਤ ਸਾਨੂੰ ਉਦੋਂ ਮਿਲਦਾ ਹੈ ਜਦੋਂ ਇਕ ਨੰਨ੍ਹੇ ਬੱਚੇ ਦੀਆਂ ਤੋਤਲੀਆਂ ਗੱਲਾਂ ਕਿਸੇ ਵੱਡੇ ਤੋਂ ਵੱਡੇ ਲੈਕਚਰਾਰ ਦੀ ਤਕਰੀਰ ਨਾਲੋਂ ਵੀ ਸਾਡੇ ਦਿਲ 'ਤੇ ਡੂੰਘਾ ਅਸਰ ਕਰ ਜਾਂਦੀਆਂ ਨੇ, ਜਦੋਂ ਕਿਸੇ ਦੇ ਮਾਸੂਮ ਅੱਥਰੂ ਪੱਥਰ ਦਿਲਾਂ ਨੂੰ ਵੀ ਪੰਘਾਰ ਕੇ ਰੱਖ ਦੇਂਦੇ ਨੇ।

➢ ਮੈਂ ਜਾਣਦਾ ਹਾਂ ਕਿ ਕਮੀਜ਼ ਦਾ ਪੱਲਾ ਚੁਕਿਆਂ ਆਪਣਾ ਹੀ ਪੇਟ ਨੰਗਾ ਹੁੰਦਾ ਹੈ, ਪਰ ਪੇਟ ਨੂੰ ਇਸ ਹੱਦ ਤੱਕ ਢੱਕੀ ਰੱਖਣਾ ਕਿ ਉਸ ਉਤਲਾ ਫੋੜਾ ਵਿੱਚੋ- ਵਿੱਚ ਗਲ਼ ਕੇ ਜ਼ਹਿਰਾਬਾਦ ਦੀ ਸ਼ਕਲ ਅਖ਼ਤਿਆਰ ਕਰ ਜਾਵੇ, ਇਹ ਵੀ ਤਾਂ ਅਕਲਮੰਦੀ ਨਹੀਂ।

➢ ਤਦ ਤੱਕ ਇਹ ਆਜ਼ਾਦੀ ਲੂਲ੍ਹੀ, ਲੰਗੜੀ ਤੇ ਅਪਾਹਜ ਹੈ, ਦੋ ਕੌਡਾਂ ਵੀ ਇਸਦਾ ਮੁੱਲ ਨਹੀਂ ਜਦ ਤੱਕ ਸਾਡੇ ਦੇਸ਼ ਦੀ ਨਾਰੀ ਗ਼ੁਲਾਮੀ ਦੀਆਂ ਜ਼ੰਜੀਰਾਂ ਵਿੱਚ ਜਕੜੀ ਹੋਈ ਹੈ। ਜ਼ੰਜੀਰਾਂ ਜਿਹੜੀਆਂ ਕਿਸੇ ਹੋਰ ਨੇ ਨਹੀਂ, ਖ਼ੁਦ ਭਾਰਤ ਦੇ ਜਾਇਆਂ ਨੇ ਸਦੀਆਂ ਤੋਂ ਉਸ ਦੇ ਗਲੇ ਤੇ ਹੱਥ ਪੈਰਾਂ ਵਿੱਚ ਪਾਈਆਂ ਹੋਈਆਂ ਨੇ।

➢ ਗੁੱਸੇ ਉੱਪਰ ਆਦਮੀ ਘੜੀ ਦੋ ਘੜੀ ਲਈ ਕਾਬੂ ਪਾ ਲਏ ਤਾਂ ਆਉਣ ਵਾਲੀਆਂ ਅਨੇਕਾਂ ਮੁਸੀਬਤਾਂ ਤੋਂ ਬਚ ਸਕਦਾ ਹੈ।

➢ ਬੱਚਿਆਂ ਦੇ ਦਿਲ ਦਿਮਾਗ ਦੀ ਘਾੜਤ ਕੁਦਰਤ ਨੇ ਐਸੀ ਘੜੀ ਹੈ ਕਿ ਉਹ ਹਰ ਚੰਗੀ ਮੰਦੀ ਗੱਲ ਦੀ ਨਕਲ ਕਰਦੇ ਹਨ।

- ਆਦਮੀ ਛੱਡ ਕੇ ਪੰਛੀ ਵੀ ਜਦੋਂ ਜਵਾਨੀ ਚੜ੍ਹਦੇ ਨੇ ਤਾਂ ਉਨ੍ਹਾਂ ਅੰਦਰ ਆਲ੍ਹਣਾ ਬਣਾਉਣ ਦੀ ਉਤਸੁਕਤਾ ਪੈਦਾ ਹੋ ਜਾਂਦੀ ਹੈ। ਜਿਸ ਦੀ ਪੂਰਤੀ ਲਈ ਉਹ ਤੀਲਾ-ਤੀਲਾ ਚੁਗਦੇ ਹਨ।
- ਜ਼ਹਿਰ ਜਿਸ ਭਾਂਡੇ ਵਿੱਚ ਹੋਵੇ ਉਸ ਭਾਂਡੇ ਨੂੰ ਹਾਨੀ ਨਹੀਂ ਪਹੁੰਚਾਂਦਾ ਪਰ ਗੁੱਸੇ ਦਾ ਜ਼ਹਿਰ ਜਿਸ ਸਰੀਰ ਵਿੱਚ ਹੋਵੇ ਸਭ ਤੋਂ ਪਹਿਲਾਂ ਉਸੇ ਨੂੰ ਸਾੜਦਾ ਹੈ।
- ਗੁੱਸੇ ਵਿੱਚ ਵਕਤੀ ਜਿਹਾ ਵੇਗ ਹੈ। ਜਦੋਂ ਇਹ ਆਉਂਦਾ ਹੈ ਤਾਂ ਆਦਮੀ ਨੂੰ ਅੰਨ੍ਹਾ, ਬੋਲ੍ਹਾ ਕਰ ਦੇਂਦਾ ਹੈ ਤੇ ਉਤਰ ਜਾਣ ਪਿੱਛੋਂ ਇਹ ਮਨੁੱਖ ਪਾਸ ਇਕੋ ਚੀਜ਼ ਛੱਡ ਜਾਂਦਾ ਹੈ- ਪਛਤਾਵਾ।
- ਜਿਹੜਾ ਆਦਮੀ ਪਿਆਰ ਨਹੀਂ ਕਰ ਸਕਦਾ ਉਹ ਪਿਆਰ ਨੂੰ ਜਰ ਵੀ ਨਹੀਂ ਸਕਦਾ।
- ਪਾਣੀ ਪੁਣ-ਪੁਣ ਕੇ ਪੀਣ ਵਾਲਾ ਮਨੁੱਖ, ਮਨੁੱਖੀ ਲਹੂ ਅਣ-ਪੁਣਿਆਂ ਹੀ ਪੀ ਜਾਂਦਾ ਹੈ।
- ਕੋਈ ਵੀ ਗੁਨਾਹਗਾਰ ਖ਼ੁਸ਼ੀ ਨਾਲ ਗੁਨਾਹ ਨਹੀਂ ਕਰਦਾ। ਨਫ਼ਰਤ ਦਾ ਪਾਤਰ ਕੋਈ ਨਹੀਂ ਬਣਨਾ ਚਾਹੁੰਦਾ ਪਰ ਕਈ ਕਾਰਨ ਆਦਮੀ ਨੂੰ ਅਜਿਹਾ ਕਰਨ ਲਈ ਮਜਬੂਰ ਕਰ ਦੇਂਦੇ ਹਨ।
- ਬਹਾਦਰ ਉਹੀ ਹੈ ਜਿਹੜਾ ਕਿਸੇ ਮਜ਼ਲੂਮ ਜਾਂ ਦੁਖੀ ਦੀ ਖ਼ਾਤਰ ਲੜਦਾ ਹੈ।
- ਪਿਆਰ ਵਿੱਚ ਰੱਬ ਵੱਸਦਾ ਹੈ ਤੇ ਰੱਬ ਵਿੱਚ ਪਿਆਰ।
- ਆਦਮੀ ਜਦ ਅਨੁਮਾਨ ਦੀ ਐਨਕ ਅੱਖਾਂ ਨੂੰ ਲਾ ਕੇ ਤਕਦਾ ਹੈ ਤਾਂ ਉਸਨੂੰ ਹਰ ਨਿੱਕੀ ਚੀਜ਼ ਵਿੱਚ ਕੋਈ ਵੱਡੇ ਤੋਂ ਵੱਡਾ ਭੇਦ ਦਿਖਾਈ ਦਿੰਦਾ ਹੈ।
- ਅੱਗ ਵਿੱਚ ਪੈ ਕੇ ਪਿੱਤਲ ਸੋਨਾ ਨਹੀਂ ਬਣ ਸਕਦਾ।
- ਲਗਨ ਭੈੜੀ ਹੋਵੇ ਭਾਵੇ ਚੰਗੀ, ਇਹ ਮਨੁੱਖ ਨੂੰ ਕੁਝ ਦਾ ਕੁਝ ਬਣਾ ਦੇਂਦੀ ਹੈ।
- ਜ਼ਿੰਦਗੀ ਦੀ ਸਟੇਜ ਉੱਤੇ ਸਭ ਤੋਂ ਵੱਡੀ ਟ੍ਰੈਜਿਡੀ ਉਦੋ ਹੁੰਦੀ ਹੈ, ਜਦੋਂ ਆਦਮੀ ਅੱਖਾਂ ਹੁੰਦਿਆਂ ਤੱਕ ਨਹੀਂ ਸਕਦਾ, ਕੰਨ ਹੁੰਦਿਆਂ ਸੁਣ ਨਹੀਂ ਸਕਦਾ ਅਤੇ ਦਿਮਾਗ ਹੁੰਦਿਆਂ ਸੋਚ ਨਹੀਂ ਸਕਦਾ।
- ਕਲਾਕਾਰ ਦੇ ਸੀਨੇ ਵਿੱਚ ਫੁੱਲਾਂ ਦਾ ਦਿਲ ਹੁੰਦਾ ਹੈ।
- ਕ੍ਰੋਧ ਵਿੱਚ ਵੀ ਇਕ ਕਿਸਮ ਦਾ ਨਸ਼ਾ ਹੁੰਦਾ ਹੈ, ਬੜਾ ਤਲਖ ਜਿਹਾ ਨਸ਼ਾ, ਜਿਹੜਾ ਆਦਮੀ ਦੀ ਹੋਸ਼ ਗੁੰਮ ਕਰ ਦੇਂਦਾ ਹੈ।
- ਸਾਰੀਆਂ ਜਿੱਤਾਂ ਨਾਲੋਂ ਵਿਸ਼ਵਾਸ ਦੀ ਜਿੱਤ ਮਨੁੱਖ ਲਈ ਉਤਸ਼ਾਹਜਨਕ ਹੁੰਦੀ ਹੈ।
- ਦੋਸਤ ਸਾਡੇ ਜੀਵਨ ਲਈ ਬੜਾ ਕੀਮਤੀ ਸਰਮਾਇਆ ਹੁੰਦਾ ਹੈ। ਦੋਸਤ ਦਾ ਮਿਲਣਾ ਜਿੱਥੇ ਸਾਡੀ ਖ਼ੁਸ਼-ਕਿਸਮਤਦੀ ਦੀ ਨਿਸ਼ਾਨੀ ਹੈ, ਉਥੇ ਇਸ ਦਾ ਗੁਆਚਣਾ ਬੜਾ ਭਾਰੀ ਬਦਕਿਸਮਤੀ ਹੈ।
- ਭੰਡ ਜੇ ਕਦੀ ਪੀੜ ਨਾਲ ਕਰਾਹ ਰਿਹਾ ਹੋਵੇ ਤਾਂ ਵੇਖਣ ਵਾਲੇ ਕਹਿੰਦੇ ਹਨ ਕਿ ਨਕਲ ਕਰ ਰਿਹਾ ਹੈ।

ਸਵੇਟ ਮਾਰਡਨ

- ਉਹ ਮਨੁੱਖ ਮਹਾਨ ਹੈ ਜੋ ਆਪਣੇ ਆਦਰਸ਼, ਆਪਣੇ ਉਦੇਸ਼ ਤੇ ਆਪਣੀ ਆਤਮਾ ਨੂੰ ਨਹੀਂ ਵੇਚਦਾ।
- ਮਨੁੱਖ ਦਾ ਚਰਿਤਰ ਹੀ ਉਸਦੀ ਸਭ ਤੋਂ ਵੱਡੀ ਸ਼ਕਤੀ ਹੁੰਦੀ ਹੈ। ਇਸਦੇ ਅੱਗੇ ਸੰਸਾਰ ਦੀਆਂ ਸਾਰੀਆਂ ਸ਼ਕਤੀਆਂ ਝੁਕ ਜਾਂਦੀਆਂ ਹਨ।
- ਬੱਚਿਆਂ ਨੂੰ ਪ੍ਰਸ਼ੰਸਾ ਅਤੇ ਉਤਸ਼ਾਹ ਦੀ ਲੋੜ ਹੈ। ਇਹਨਾਂ ਕਰਕੇ ਉਹਨਾਂ ਦਾ ਜੀਵਨ ਸਫਲ ਹੋ ਜਾਂਦਾ ਹੈ।
- ਉਹਨਾਂ ਔਰਤਾਂ 'ਤੇ ਮੈਨੂੰ ਬਹੁਤ ਤਰਸ ਆਉਂਦਾ ਹੈ, ਜਿਹੜੀਆਂ ਘੰਟੇ-ਬੱਧੀ ਕੱਪੜਿਆਂ ਦੀ ਚੋਣ ਕਰਦੀਆਂ ਰਹਿੰਦੀਆਂ ਹਨ ਜਾਂ ਦਿਨ ਭਰ ਪਈਆਂ ਅਜਿਹੇ ਹੀ ਨਕਾਰਾ ਕੰਮ ਕਰਦੀਆਂ ਰਹਿੰਦੀਆਂ ਹਨ, ਜਿਹਨਾਂ ਤੋਂ ਕੁਝ ਵੀ ਹਾਸਲ ਨਹੀਂ ਹੁੰਦਾ।
- ਜੇ ਤੁਹਾਨੂੰ ਆਪਣੇ ਆਪ 'ਤੇ ਵਿਸ਼ਵਾਸ ਨਹੀਂ ਤਾਂ ਤੁਸੀਂ ਕਿਸੇ ਹੋਰ 'ਤੇ ਕੀ ਆਸ ਕਰ ਸਕਦੇ ਹੋ ਕਿ ਉਹ ਤੁਹਾਡੇ 'ਤੇ ਵਿਸ਼ਵਾਸ ਕਰੇ।
- ਦੋਸਤ ਦੀ ਮਦਦ ਨਾਲ ਹੀ ਅਜਿਹੇ ਵਿਗੜੇ ਕੰਮ ਸਵਾਰੇ ਜਾਂਦੇ ਹਨ ਜਿਹੜੇ ਹਜ਼ਾਰਾਂ ਲੱਖਾਂ ਰੁਪਈਏ ਖ਼ਰਚ ਕੇ ਵੀ ਨਹੀਂ ਬਣ ਸਕਦੇ।
- ਮੈਂ ਕਰੋੜਪਤੀ ਬਣਨ ਦੀ ਬਜਾਇ ਹਾਸੇ ਦੇ ਖ਼ਜ਼ਾਨੇ ਨਾਲ ਮਾਲਾਮਾਲ ਹੋ ਜਾਣਾ ਬਿਹਤਰ ਸਮਝਦਾ ਹਾਂ।
- ਵਹਿਮ ਤੁਹਾਡੀ ਸਫ਼ਲਤਾ ਦੇ ਮਾਰਗ ਵਿੱਚ ਸਭ ਤੋਂ ਵੱਡਾ ਦੁਸ਼ਮਣ ਹੈ। ਜੇਕਰ ਤੁਸੀਂ ਕਿਸੇ ਵੀ ਪ੍ਰਕਾਰ ਦੇ ਵਹਿਮ ਵਿੱਚ ਪੈ ਗਏ ਤਾਂ ਤੁਹਾਡੀ ਸਫ਼ਲਤਾ ਦਾ ਰਸਤਾ ਰੁਕ ਜਾਵੇਗਾ।
- ਅਸਫ਼ਲਤਾ ਡਿੱਗਣ ਵਿਚ ਨਹੀਂ ਅਸਫ਼ਲਤਾ ਹਾਰ ਮੰਨ ਲੈਣ ਵਿੱਚ ਹੈ।
- ਸੱਚੀ ਬਹਾਦਰੀ ਹਥਿਆਰਾਂ ਨਾਲ ਲੜਾਈ ਜਿੱਤਣ ਵਿੱਚ ਨਹੀਂ, ਜੀਵਨ ਦੇ ਸੰਘਰਸ਼ ਨੂੰ ਜਿੱਤਣ ਵਿੱਚ ਹੈ।
- ਅਸੀਂ ਆਪਣੇ ਜੀਵਨ ਵਿੱਚ ਬੁਰੇ ਕੰਮ ਨੂੰ ਕਰਨ ਦਾ ਫੈਸਲਾ ਉਸ ਸਮੇਂ ਲੈਂਦੇ ਹਾਂ ਜਦੋਂ ਅਸੀਂ ਨਿਰਾਸ ਹੋ ਜਾਂਦੇ ਹਾਂ।
- ਮਿਹਨਤ ਇਕ ਵਰਦਾਨ ਹੈ ਅਤੇ ਮਿਹਨਤ ਨੂੰ ਜੋ ਪੂਜਾ ਮੰਨ ਕੇ ਚਲਦਾ ਹੈ, ਉਹੀ ਸੱਚਾ ਮਨੁੱਖ ਹੈ।
- ਨਵੇਂ ਵਿਚਾਰਾਂ ਨੂੰ ਹਮੇਸ਼ਾਂ ਸ਼ੱਕ ਦੀ ਨਿਗ੍ਹਾ ਨਾਲ ਵੇਖਿਆ ਜਾਂਦਾ ਹੈ ਅਤੇ ਉਹਨਾਂ ਦਾ ਵਿਰੋਧ ਕੀਤਾ ਜਾਂਦਾ ਹੈ, ਕੇਵਲ ਇਸ ਲਈ ਕਿਉਂਕਿ ਉਹ ਪਹਿਲਾਂ ਪ੍ਰਚਲਿਤ ਨਹੀਂ ਹੁੰਦੇ।

➢ ਮਹੱਤਵਪੂਰਨ ਇਹ ਨਹੀਂ ਜੋ ਤੁਸੀਂ ਅੱਜ ਹੋ ਬਲਕਿ ਉਹ ਹੈ ਜੋ ਤੁਸੀਂ ਕੱਲ੍ਹ ਬਣ ਸਕਦੇ ਹੋ।

➢ ਆਪਣੇ ਮਨ ਵਿੱਚ ਸਦਾ ਚੰਗੇ ਵਿਚਾਰ ਭਰੋ ਕਿਉਂਕਿ ਸਾਡਾ ਵਿਅਕਤੀਤਵ ਸਾਡੇ ਵਿਚਾਰਾਂ ਦਾ ਹੀ ਸ਼ੀਸ਼ਾ ਹੈ।

➢ ਬਹਾਦਰ ਮਨੁੱਖ ਹਾਲਾਤ ਦੇ ਦਾਸ ਨਹੀਂ ਮਾਲਕ ਹੁੰਦੇ ਹਨ।

➢ ਡਰ ਇਕ ਅਜਿਹਾ ਜਿੰਨ ਹੈ ਜੋ ਸਾਡੇ ਅੰਦਰੋਂ ਹੀ ਪੈਦਾ ਹੁੰਦਾ ਹੈ ਅੰਦਰੋਂ ਹੀ ਖੁਰਾਕ ਲੈ ਕੇ ਵਧਦਾ ਰਹਿੰਦਾ ਹੈ।

➢ ਜਿਉਂ-ਜਿਉਂ ਸਾਡਾ ਆਤਮ-ਵਿਸ਼ਵਾਸ ਵਧਦਾ ਹੈ ਉਸੇ ਤਰ੍ਹਾਂ ਹੀ ਕੰਮ ਕਰਨ ਦੀ ਸ਼ਕਤੀ ਵਧਦੀ ਜਾਂਦੀ ਹੈ। ਜੇ ਸਾਡੇ ਵਿਸ਼ਵਾਸ ਦਾ ਭਾਂਡਾ ਛੋਟਾ ਹੈ ਤਾਂ ਰੱਬੀ ਸ਼ਕਤੀ ਦਾ ਪ੍ਰਵਾਹ ਵੀ ਉਨਾ ਹੀ ਘੱਟ ਆਵੇਗਾ।

➢ ਮਹਾਨ ਕੰਮ ਤਾਂ ਹੀ ਹੋ ਸਕਦਾ ਹੈ ਜਦੋਂ ਇਸਨੂੰ ਕਰਨ ਵਾਲਾ ਇਸ ਨਾਲ ਪਿਆਰ ਕਰਦਾ ਹੋਵੇ।

➢ ਸਫ਼ਲਤਾ ਉਹਨਾਂ ਨੂੰ ਹੀ ਮਿਲਦੀ ਹੈ, ਜਿਹੜੇ ਇਸਦੀ ਤਲਾਸ਼ ਵਿਚ ਰਹਿੰਦੇ ਹਨ, ਇਹ ਉਹਨਾਂ ਨੂੰ ਬਿਲਕੁਲ ਨਹੀਂ ਮਿਲਦੀ, ਜਿਹੜੇ ਇਸਦੀ ਸਿਰਫ਼ ਕਲਪਨਾ ਕਰਦੇ ਹਨ।

➢ ਆਸ਼ਾਵਾਦੀ ਮਨੁੱਖ ਉਲਝੇ ਰਸਤਿਆਂ ਵਿਚੋਂ ਵੀ ਆਪਣੀਆਂ ਮੰਜ਼ਲਾਂ ਤਲਾਸ਼ ਲੈਂਦੇ ਹਨ।

➢ ਕਰਮਸ਼ੀਲ ਮਨੁੱਖ ਕਦੇ ਉਦਾਸ ਨਹੀਂ ਹੋ ਸਕਦੇ।

➢ ਹੰਕਾਰੀ ਮਨੁੱਖ ਆਪਣਾ ਵੈਰੀ ਆਪ ਹੁੰਦਾ ਹੈ।

➢ ਸਫ਼ਲਤਾ ਕਿਸੇ ਦਰੱਖਤ ਨਾਲ ਨਹੀਂ ਲੱਗਦੀ, ਜਿਸਨੂੰ ਜਦੋਂ ਚਾਹੇ ਤੋੜ ਲਿਆ ਜਾਵੇ।

ਮਹਾਂਪੁਰਸ਼ਾਂ ਦੇ ਕਥਨ

➢ ਫੋਕਟ ਕਰਮ-ਕਾਂਡ ਤੇ ਬਾਹਰੀ ਵਿਖਾਵਾ ਮਨੁੱਖ ਨੂੰ ਜੀਵਨ-ਪੰਥ 'ਤੇ ਸਫਲਤਾ ਨਹੀਂ ਦਿਵਾ ਸਕਦਾ। ਇਸ ਉਦੇਸ਼ ਦੀ ਪੂਰਤੀ ਲਈ ਜ਼ਿੰਦਗੀ ਦਾ ਉਦੇਸ਼ ਸਪੱਸ਼ਟ ਹੋਣਾ ਚਾਹੀਦਾ ਹੈ।

(ਭਗਤ ਕਬੀਰ)

➢ ਮਾਂ ਦੇ ਗਰਭ ਵਿੱਚ ਤਾਂ ਕਿਸੇ ਦੀ ਕੋਈ ਜਾਤ ਨਹੀਂ ਹੁੰਦੀ ਅਤੇ ਜਨਮ ਦਾ ਮੂਲ ਵੀ ਇਕ ਹੀ ਹੈ।

(ਭਗਤ ਕਬੀਰ)

➢ ਮਨੁੱਖ ਦਾ ਉੱਤਮ ਜਾਂ ਨਿਮਨ ਹੋਣਾ ਉਸਦੇ ਕਰਮਾਂ/ਕੰਮਾਂ ਤੇ ਪ੍ਰਾਪਤ ਗਿਆਨ 'ਤੇ ਨਿਰਭਰ ਹੈ।ਨਾ ਹੀ ਮਨੁੱਖ ਕਿਤੇ ਇਲਾਕੇ ਜਾਂ ਰੰਗ ਰੂਪ ਕਰਕੇ ਉੱਤਮ ਜਾਂ ਨਿਮਨ ਹੋ ਸਕਦਾ ਹੈ।

(ਗੁਰੂ ਅੰਗਦ ਦੇਵ ਜੀ)

➢ 68 ਤੀਰਥਾਂ ਦਾ ਇਸ਼ਨਾਨ ਅਤੇ ਉਥੇ ਕੀਤਾ ਦਾਨ-ਪੁੰਨ ਇਕ ਜੀਵ 'ਤੇ ਦਇਆ ਕਰਨ ਅਤੇ ਲੋੜਵੰਦ ਦੇ ਕੰਮ ਆਉਣ ਦੇ ਬਰਾਬਰ ਹੈ।

(ਗੁਰੂ ਅਰਜਨ ਦੇਵ ਜੀ)

➢ ਮਰਦ ਉਹ ਹੈ ਜੋ ਬਚਨਾਂ ਦਾ ਪੂਰਾ ਹੋਵੇ, ਇਹ ਠੀਕ ਨਹੀਂ ਹੈ ਕਿ ਉਸ ਦੀ ਜ਼ੁਬਾਨ 'ਤੇ ਕੁਝ ਹੋਵੇ ਅਤੇ ਮਨ ਵਿੱਚ ਕੁਝ ਹੋਰ ਹੋਵੇ।

(ਗੁਰੂ ਗੋਬਿੰਦ ਸਿੰਘ ਜੀ)

➢ ਸਹਿਜ ਹੀ ਸੁਹਜ ਹੈ।

(ਗੁਰੂ ਗੋਬਿੰਦ ਸਿੰਘ ਜੀ)

➢ ਨਿਰਬਲਤਾ ਆਦਮੀ ਨੂੰ ਗ਼ੁਲਾਮੀ ਵੱਲ ਧੱਕਦੀ ਹੈ ਤੇ ਬਲ ਮੁਕਤੀ ਵੱਲ ਲਿਜਾਂਦਾ ਹੈ।

(ਗੁਰੂ ਤੇਗ ਬਹਾਦਰ ਜੀ)

➢ ਜੋ ਕੰਜੂਸ ਹੈ, ਉਹ ਦੂਜਿਆਂ ਨੂੰ ਕੰਜੂਸ ਬਣਨ ਦਾ ਉਪਦੇਸ਼ ਦਿੰਦਾ ਹੈ।

(ਕੁਰਾਨ ਸ਼ਰੀਫ਼)

➢ ਅਸੀਂ ਦੁਨੀਆ ਨੂੰ ਨਹੀਂ ਬਦਲ ਸਕਦੇ, ਪਰ ਦੁਨੀਆ ਪ੍ਰਤੀ ਆਪਣਾ ਦ੍ਰਿਸ਼ਟੀਕੋਣ ਬਦਲਿਆ ਜਾ ਸਕਦਾ ਹੈ।

(ਗੁਰੂ ਰਾਮਦਾਸ ਜੀ)

ਵਿਸ਼ਵ ਪ੍ਰਸਿੱਧ ਕਥਨ

➢ ਜਿਹਨਾਂ ਨੂੰ ਸੁੰਦਰ ਵਾਰਤਾਲਾਪ ਕਰਨੀ ਨਹੀਂ ਆਉਂਦੀ ਉਹੀ ਸਭ ਤੋਂ ਵਧੀਕ ਬੋਲਦੇ ਹਨ।

(ਅਫ਼ਲਾਤੂਨ)

➢ ਡਾਕਟਰ ਨੂੰ ਹਮੇਸ਼ਾਂ ਮਰੀਜ਼ ਦਾ ਭਲਾ ਸੋਚਣਾ ਚਾਹੀਦਾ ਹੈ ਕਿਉਂਕਿ ਡਾਕਟਰ ਸਰੀਰ ਰੂਪੀ ਪਰਜਾ ਦਾ ਰਾਜਾ ਹੈ, ਕੇਵਲ ਰੁਪਿਆ ਪੈਦਾ ਕਰਨ ਵਾਲਾ ਮਸ਼ੀਨ।

(ਅਫ਼ਲਾਤੂਨ)

➢ ਸਵੈ ਦੀ ਪਛਾਣ ਤੇ ਉਸਦਾ ਵਿਕਾਸ ਉਹ ਅਮਲ ਹੈ ਜਿਹਦੇ ਬਿਨਾਂ ਕੋਈ ਸੁਤੰਤਰਤਾ ਸੰਭਵ ਨਹੀਂ।

(ਅੰਮ੍ਰਿਤਾ ਪ੍ਰੀਤਮ)

➢ ਸਰੀਰ ਦੀ ਵਰਤੋਂ, ਸਮਝ ਦੀ ਵਰਤੋਂ ਨਾਲੋਂ ਹਮੇਸ਼ਾ ਛੋਟੇ ਦਰਜੇ ਦੀ ਹੁੰਦੀ ਹੈ।

(ਅੰਮ੍ਰਿਤਾ ਪ੍ਰੀਤਮ)

➢ ਮੈਂ ਨਰਕ ਵਿੱਚ ਵੀ ਕਿਤਾਬਾਂ ਪੜ੍ਹਨੀਆਂ ਪਸੰਦ ਕਰਾਂਗੀ, ਕਿਉਂਕਿ ਇਹ ਨਰਕ ਨੂੰ ਵੀ ਸਵਰਗ ਬਣਾਉਣ ਦੀ ਤਾਕਤ ਰਖਦੀਆਂ ਹਨ।

(ਅੰਮ੍ਰਿਤਾ ਪ੍ਰੀਤਮ)

➢ ਬਿਨਾਂ ਗ਼ਲਤੀਆਂ ਦੇ ਕੋਈ ਮਨੁੱਖ ਨਹੀਂ ਜੰਮਦਾ, ਉਹ ਚੰਗਾ ਹੈ, ਜਿਸ ਵਿੱਚ ਇਹ ਘੱਟ ਹਨ।

(ਹੋਰੇਸ)

➢ ਮਿਹਨਤ ਅਤੇ ਸੰਜਮ ਦੋਵੇਂ ਮਨੁੱਖ ਦੇ ਡਾਕਟਰ ਹਨ।

(ਰੂਸੋ)

➢ ਖ਼ੁਸ਼ੀ ਇਕ ਚੰਗਾ ਬੈਂਕ ਖਾਤਾ, ਇਕ ਚੰਗਾ ਰਸੋਈਆ ਅਤੇ ਇਕ ਚੰਗਾ ਹਾਜ਼ਮਾ ਹੈ।

(ਰੂਸੋ)

➢ ਆਦਤ ਇਕ ਐਸੀ ਰੱਸੀ ਦੀ ਨਿਆਈਂ ਹੈ ਜਿਸ ਦਾ ਇੱਕ-ਇੱਕ ਲੜ ਅਸੀਂ ਰੋਜ਼ ਵੱਟਦੇ ਹਾਂ ਤੇ ਅੰਤ ਵਿੱਚ ਉਹ ਐਡੀ ਮਜ਼ਬੂਤ ਹੋ ਜਾਂਦੀ ਹੈ ਕਿ ਅਸੀਂ ਉਹਨੂੰ ਤੋੜ ਨਹੀਂ ਸਕਦੇ।

(ਹੁਰੇਸ ਮਾਨ)

➢ ਚਿੰਤਾ ਮਨੁੱਖ ਦਾ ਉਸ ਵੇਲ਼ੇ ਤੱਕ ਕੁਝ ਨਹੀਂ ਵਿਗਾੜਦੀ ਜਦੋਂ ਤੱਕ ਉਹ ਆਪਣੇ ਕੰਮ ਵਿੱਚ ਰੁੱਝਿਆ ਰਹਿੰਦਾ ਹੈ।

(ਪ੍ਰੋ. ਜੇਮਜ਼ ਐੱਲ. ਮਰਸ਼ਲ)

➢ ਜਿਹੜਾ ਪੁਸਤਕਾਂ ਦਾ ਅਪਮਾਨ ਕਰਦਾ ਹੈ, ਉਹ ਆਪਣੀ ਕਿਸਮਤ ਦਾ ਅਪਮਾਨ ਕਰਦਾ ਹੈ। ਪੁਸਤਕਾਂ ਨਾਲ ਹੀ ਮਨੁੱਖ ਆਪਣਾ ਜੀਵਨ ਅਤੇ ਕਿਸਮਤ ਬਣਾ ਸਕਦਾ ਹੈ।

(ਮੌਲਾਨਾ ਅਬਦੁੱਲ ਕਲਾਮ ਆਜ਼ਾਦ)

➢ ਸਾਡੇ ਜੀਵਨ ਦੀਆਂ ਭੈੜੀਆਂ ਤੋਂ ਭੈੜੀਆਂ ਘਟਨਾਵਾਂ ਕਦੇ ਨਹੀਂ ਵਾਪਰਦੀਆਂ ਪਰ ਇਹਨਾਂ ਦੀ ਉਡੀਕ 'ਤੇ ਆਸ ਲਾਈ ਰੱਖਣਾ ਹੀ ਸਾਡੇ ਬਹੁਤੇ ਦੁੱਖਾਂ ਦਾ ਕਾਰਨ ਹੈ।

(ਬਾਲਜ਼ਾਕ)

➢ ਹਰ ਚੰਗਾ ਕੰਮ ਪਹਿਲਾਂ ਅਸੰਭਵ ਨਜ਼ਰ ਆਉਂਦਾ ਹੈ।

(ਥਾਮਸ ਕਾਰਲਾਇਲ)

➢ ਆਪਣੇ ਜੀਵਨ ਨੂੰ ਜੋ ਕਲਾ ਬਣਾ ਸਕਦਾ ਹੈ ਉਹ ਕਲਾਕਾਰ ਹੈ।

(ਥੋਰੋ)

➢ ਵਰਤਮਾਨ ਸਮੇਂ ਦੀ ਸਭ ਤੋਂ ਵੱਡੀ ਬਿਮਾਰੀ ਕੋੜ੍ਹ ਜਾਂ ਤਪਦਿਕ ਨਹੀਂ ਹੈ ਬਲਕਿ ਆਪਣੇ ਆਪ ਨੂੰ ਗ਼ੈਰ-ਜ਼ਰੂਰੀ ਮਹਿਸੂਸ ਹੋਣ ਦਾ ਭਾਵ ਹੈ।

(ਮਦਰ ਟਰੇਸਾ)

➢ ਅਧਿਕਾਰ ਸਾਡੀਆਂ ਜ਼ਿੰਮੇਵਾਰੀਆਂ ਤੋਂ ਵੱਡੇ ਨਹੀਂ ਹੋ ਸਕਦੇ। ਸਾਡੇ ਅਧਿਕਾਰਾਂ ਦੀ ਸੁਰੱਖਿਆ ਸਾਡੀਆਂ ਜ਼ਿੰਮੇਵਾਰੀਆਂ ਦੇ ਪਾਲਣ ਤੋਂ ਜ਼ਿਆਦਾ ਨਹੀਂ ਵਧ ਸਕਦੀ।

(ਜਾਨ ਕੈਨੇਡੀ)

➢ ਪਰਿਵਾਰ ਕਲਪਨਾ ਦੀਆਂ ਉਡਾਰੀਆਂ ਨੂੰ ਜਨਮ ਦਿੰਦਾ ਹੈ, ਪਰਿਵਾਰ ਆਪਣੇ ਨਿਸ਼ਾਨਿਆਂ ਦੀ ਪ੍ਰਾਪਤੀ ਦਾ ਵਿਸ਼ਵਾਸ ਪੈਦਾ ਕਰ ਸਕਦਾ ਹੈ, ਹਰ ਪਰਿਵਾਰ ਮਨੁੱਖੀ ਹੋਣੀਆਂ ਦਾ ਇਕ ਨਿਵੇਕਲਾ ਮਿਸ਼ਰਨ ਹੁੰਦਾ ਹੈ, ਪਰਿਵਾਰ ਸਮਾਜ ਦਾ ਇਕ ਹਿੱਸਾ ਹੈ, ਪਰਿਵਾਰ ਉੱਤੇ ਸਮਾਜ ਦੇ ਸਮੁੱਚੇ ਜੀਵਨ ਢੰਗ ਦਾ ਪ੍ਰਭਾਵ ਪੈਂਦਾ ਹੈ।

(ਵਲੇਰੀਆ ਮੁਖੀਨਾ)

➢ ਪਿਆਰ ਉਹੋ ਜਿਹਾ ਹੀ ਹੁੰਦਾ ਹੈ ਜਿਹੋ ਜਿਹਾ ਪਿਆਰ ਕਰਨ ਵਾਲੇ ਹੋਣ। ਪਿਆਰ ਸਭ ਤੋਂ ਵਧੀਆ ਖ਼ੂਬੀਆਂ ਨੂੰ ਜੋ ਕਿਸੇ ਉੱਤਮ ਰੂਹ ਵਿੱਚ ਲੁਕੀਆਂ ਹੁੰਦੀਆਂ ਹਨ, ਪ੍ਰਗਟ ਕਰ ਦਿੰਦਾ ਹੈ।

(ਵਲੇਰੀਆ ਮੁਖੀਨਾ)

➢ ਕੇਵਲ ਸਰੀਰਕ ਖ਼ੂਬਸੂਰਤੀ ਹੀ ਨਹੀਂ, ਸਗੋਂ ਵਿਚਾਰਾਂ, ਕੰਮਾਂ ਅਤੇ ਭਾਵਨਾਵਾਂ ਦੀ ਖ਼ੂਬਸੂਰਤੀ ਵੀ ਜ਼ਰੂਰੀ ਹੈ।

(ਵਲੇਰੀਆ ਮੁਖੀਨਾ)

➢ ਮਨੁੱਖੀ ਸੁਭਾਅ ਦੀ ਸਭ ਤੋਂ ਗੰਭੀਰ ਪ੍ਰੇਰਨਾ ਮਹੱਤਵਪੂਰਨ ਹੋਣ ਦੀ ਲਾਲਸਾ ਹੈ।

(ਜਾਨ ਜੀਵੇ)

➢ ਮਾਨਵ ਪ੍ਰਕ੍ਰਿਤੀ ਵਿੱਚ ਸਭ ਤੋਂ ਡੂੰਘਾ ਨਿਯਮ ਕਦਰ ਕਰਾਉਣ ਦੀ ਭੁੱਖ ਹੈ। ਜੋ ਮਨੁੱਖ ਦਿਲ ਦੀ ਇਕ ਲਾਲਸਾ ਨੂੰ ਈਮਾਨਦਾਰੀ ਨਾਲ ਸ਼ਾਂਤ ਕਰ ਦਿੰਦਾ ਹੈ ਉਹ ਲੋਕਾਂ ਨੂੰ ਆਪਣੀ ਮੁੱਠੀ ਵਿੱਚ ਕਰ ਸਕਦਾ ਹੈ।

(ਵਿਲਿਅਮ ਜੇਮਜ਼)

➢ ਸਫ਼ਲਤਾ ਦਾ ਭੇਦ ਇਸ ਗੱਲ ਵਿੱਚ ਹੈ ਕਿ ਆਪਣਾ ਉਦੇਸ਼ ਸਾਹਮਣੇ ਰੱਖੋ।

(ਡਿਜ਼ਰਾਇਲੀ)

➢ ਜਿਸ ਵਿਅਕਤੀ ਨੂੰ ਆਪਣੇ ਆਪ 'ਤੇ ਭਰੋਸਾ ਨਹੀਂ, ਉਹ ਦੂਜਿਆਂ ਦੇ ਵਿਸ਼ਵਾਸ ਦਾ ਪਾਤਰ ਕਿਵੇਂ ਬਣ ਸਕਦਾ ਹੈ।

(ਅਚਾਰੀਆ ਵਿਨੋਭਾ-ਭਾਵੇ)

➢ ਭਾਰਤ ਨੂੰ ਸਮਝਣ ਦਾ ਸਭ ਤੋਂ ਸੁਖਾਲਾ ਅਤੇ ਵਧੀਆ ਢੰਗ ਇਸਨੂੰ ਇਕ ਹੀਰਿਆਂ ਦੇ ਹਾਰ ਦੇ ਸਮਾਨ ਸਮਝਣਾ ਹੈ। ਇਸ ਦੀਆਂ ਨਸਲਾਂ, ਧਰਮ, ਭਾਸ਼ਾਵਾਂ ਅਤੇ ਸੱਭਿਆਚਾਰ ਬਹੁਮੁੱਲੇ ਹੀਰਿਆਂ ਵਾਂਗ ਹਨ- ਹਰ ਇਕ ਦੀ ਆਪਣੀ-ਆਪਣੀ ਚਮਕ ਹੈ, ਪਰੰਤੂ ਉਹ ਇਕ ਜ਼ੰਜੀਰ ਦੁਆਰਾ ਦੂਸਰਿਆਂ ਨਾਲ ਜੁੜਿਆ ਹੋਇਆ ਵੀ ਹੈ ਜਿਸ ਨੂੰ ਅਸੀਂ ਭਾਰਤੀਅਤਾ ਦੀ ਜ਼ੰਜੀਰ ਕਹਿ ਸਕਦੇ ਹਾਂ। ਜਦ ਤੱਕ ਜ਼ੰਜੀਰ ਰਹੇਗੀ, ਹਾਰ ਸਹੀ ਸਲਾਮਤ ਰਹੇਗਾ। ਜਦ ਕਿਸੇ ਨੇ ਇਸ ਜ਼ੰਜੀਰ ਨੂੰ ਤੋੜ ਦਿੱਤਾ ਤਾਂ ਇਸ ਦੇ ਕੀਮਤੀ ਪੱਥਰ ਬਿਖਰ ਜਾਣਗੇ।

(ਖੁਸ਼ਵੰਤ ਸਿੰਘ)

➢ ਦੁਖੀ ਲੋਕਾਂ ਦੇ ਦੁੱਖਾਂ ਨੂੰ ਸ਼ਾਂਤ ਕਰਨਾ ਕਿਸੇ ਮਹਾਨ ਵਿਅਕਤੀ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ।

(ਕਾਲੀਦਾਸ)

➢ ਭਾਵੇਂ ਇਹ ਗੱਲ ਚੰਗੀ ਹੈ ਜਾਂ ਮੰਦੀ, ਪਰ ਹੈ ਇਹ ਏਸੇ ਤਰ੍ਹਾਂ ਕਿ ਬੱਚਾ ਏਨਾ ਦੱਸਿਆਂ ਨਹੀਂ ਸਿੱਖਦਾ, ਜਿੰਨਾ ਉਹ ਆਪ ਆਪਣੇ ਦੁਆਲੇ ਹੁੰਦੇ ਅਮਲਾਂ ਨੂੰ ਵੇਖ, ਬੋਲੇ ਜਾਂਦੇ ਸ਼ਬਦਾਂ ਨੂੰ ਸੁਣ ਕੇ ਵਾਹ ਪੈਣ ਵਾਲਿਆਂ ਚਿਹਰਿਆਂ ਦੇ ਪ੍ਰਭਾਵ ਤੋਂ ਸਿੱਖਦਾ ਹੈ।

(ਜੈਬ)

➢ ਵੱਡਿਆਂ ਲਈ ਮਜਬੂਰੀ ਸਤਿਕਾਰ ਬੱਚਿਆਂ ਉੱਤੇ ਠੋਸਣਾ ਨਹੀਂ ਚਾਹੀਦਾ। ਜੇ ਬੱਚੇ ਸਾਨੂੰ ਮੂਰਖ ਸਮਝਦੇ ਹਨ ਤਾਂ ਅਸੀਂ ਉਹਨਾਂ ਨੂੰ ਜ਼ੋਰੀ ਰੋਕ ਨਹੀਂ ਸਕਾਂਗੇ, ਉਹ ਦਿਲੋਂ ਸਾਨੂੰ ਉਹੀ ਕੁਝ ਸਮਝਣਗੇ, ਜੋ ਅਸੀਂ ਉਹਨਾਂ ਨੂੰ ਦਿਸਦੇ ਹਾਂ।

(ਬ. ਰਸਲ)

➢ ਈਸ਼ਵਰ ਵਿਅਕਤੀ ਨੂੰ ਦਿਮਾਗ਼ ਤੋਂ ਨਹੀਂ ਦਿਲ ਤੋਂ ਮਾਪਦਾ ਹੈ।

(ਚੈਸਟਰ ਫੀਲਡ)

➢ ਮਨੁੱਖ ਹਾਲਾਤ ਦੇ ਅਧੀਨ ਨਹੀਂ ਸਗੋਂ ਹਾਲਾਤ ਮਨੁੱਖ ਦੇ ਪੈਦਾ ਕੀਤੇ ਹੁੰਦੇ ਹਨ।

(ਬੈਂਜੇਮਿਨ ਡਿਜਰੇਲੀ)

➢ ਇੱਛਾ ਦੀ ਪ੍ਰਾਪਤੀ ਦੀ ਤੜਪ ਜੋ ਸਾਡੇ ਮਨ ਵਿੱਚ ਲੱਗੀ ਰਹਿੰਦੀ ਹੈ ਕੁਝ ਸਮੇਂ ਲਈ ਅਸੀਂ ਉਸ ਇੱਛਾ ਦਾ ਰੂਪ ਹੀ ਬਣ ਜਾਂਦੇ ਹਾਂ।

(ਲੋਵੇਲ)

➢ ਸਾਇੰਸ ਸਾਨੂੰ ਦੱਸਦੀ ਹੈ ਕਿ ਬਾਜ਼ ਦੀ ਉਡਣ ਦੀ ਇੱਛਾ ਨੇ ਹੀ ਉਸ ਦੇ ਖੰਭਾਂ ਨੂੰ ਉਚੇਰੇ ਅਸਮਾਨਾਂ ਵਿੱਚ ਉੱਡਣ ਦੀ ਸਮਰੱਥਾ ਦਿੱਤੀ ਹੈ। ਕਿਸੇ ਉੱਚੀ ਅਤੇ ਮਹਾਨ ਵਸਤੂ ਦੀ ਇੱਛਾ ਜੋ ਤੁਹਾਡੇ ਦਿਲ ਵਿੱਚ ਪੈਦਾ ਹੁੰਦੀ ਹੈ ਜਦੋਂ ਉਸਦੇ ਪਿੱਛੇ ਅਟਲ ਇਰਾਦਾ ਹੁੰਦਾ ਹੈ ਤਾਂ ਇਸ ਦੇ ਉਤਪੰਨ ਹੋਣ ਸਾਰ ਤੁਹਾਡੇ ਖੰਭ ਆਪਣੇ ਆਪ ਪੈਦਾ ਹੋ ਜਾਂਦੇ ਹਨ।

(ਐਰੀਸਨ. ਐਸ. ਸਾਰਡਨਜ਼)

➢ ਵੱਡੇ ਅਧਿਆਪਕ ਉਹ ਹਨ ਜਿਹੜੇ ਤੁਹਾਨੂੰ ਤੁਹਾਡੇ ਆਪੇ ਦੀ ਭਾਲ ਵਿੱਚ ਸਹਾਇਤਾ ਦਿੰਦੇ ਹਨ। ਬਾਕੀ ਤਾਂ ਕੇਵਲ ਤੁਹਾਡੀ ਹੀ ਖੋਜ ਭਾਲ ਵਿੱਚ ਲੱਗੇ ਰਹਿੰਦੇ ਹਨ।

(ਡਾ. ਫਰੈਕ ਕਰੇਨ)

➢ ਜੀਵਨ ਦੀਆਂ ਬਹੁਤੀਆਂ ਭੁੱਲਾਂ ਉਸ ਸਮੇਂ ਹੁੰਦੀਆਂ ਹਨ, ਜਦੋਂ ਅਸੀਂ ਮਹਿਸੂਸ ਕਰਨ ਦੀ ਥਾਂ ਸੋਚਦੇ ਹਾਂ ਅਤੇ ਸੋਚਣ ਦੀ ਥਾਂ ਮਹਿਸੂਸ ਕਰਦੇ ਹਾਂ।

(ਜੇ. ਸੀ. ਕੋਲਨ)

➢ ਮਨੁੱਖ ਆਪਣੇ ਨਾਂ ਦੇ ਨਾਲ ਮਹਾਨ ਨਹੀਂ ਹੁੰਦਾ, ਸਗੋਂ ਉਹ ਚੰਗੇ ਕੰਮਾਂ ਨਾਲ ਹੀ ਮਹਾਨ ਬਣਦਾ ਹੈ।

(ਲਾਲ ਬਹਾਦਰ ਸ਼ਾਸਤਰੀ)

➢ ਆਤਮ ਵਿਸ਼ਵਾਸ, ਆਤਮ ਗਿਆਨ ਅਤੇ ਆਤਮ ਸੰਜਮ ਕੇਵਲ ਇਹੀ ਹੀ ਜੀਵਨ ਨੂੰ ਸ਼ਕਤੀ ਦੇਣ ਵਾਲੇ ਤੱਤ ਹਨ।

(ਟੈਨੀਸਨ)

➢ ਜੋ ਯੋਗਤਾ ਰੱਖਦਾ ਹੈ, ਉਸਨੂੰ ਸਫ਼ਲਤਾ ਦੇ ਮੌਕੇ ਜ਼ਰੂਰ ਮਿਲਦੇ ਹਨ।

(ਨੈਲਸਨ)

➢ ਅਨਿਆਂ ਅੰਤ ਵਿੱਚ ਆਜ਼ਾਦੀ ਨੂੰ ਜਨਮ ਦਿੰਦਾ ਹੈ।

(ਵਾਲਟੇਅਰ)

➢ ਲਾਪਰਵਾਹੀ ਕਲਾ ਦੀ ਦੁਸ਼ਮਣ ਹੈ।

(ਬੈਨਲ ਜੌਨਸਨ)

➢ ਕਲਪਨਾ ਗਿਆਨ ਤੋਂ ਵੀ ਵੱਧ ਮਹੱਤਵਪੂਰਨ ਹੈ।

(ਆਈਨਸਟਾਈਨ)

➢ ਹਰ ਭਾਂਡੇ ਵਿਚੋਂ ਓਹੀ ਵਸਤੂ ਰਸ ਰਸ ਕੇ ਬਾਹਰ ਨਿਕਲਦੀ ਹੈ ਜੋ ਉਸ ਵਿੱਚ ਮੌਜੂਦ ਹੁੰਦੀ ਹੈ।

(ਹਜ਼ਰਤ ਮੁਹੰਮਦ)

➢ ਵਰਤਮਾਨ ਵੱਲੋਂ ਮੂੰਹ ਮੋੜ ਕੇ ਮਨੁੱਖ ਆਪਣਾ ਸਾਰਾ ਕੁਝ ਗੁਆ ਲੈਂਦਾ ਹੈ।

(ਸ਼ਿਲਰ)

➢ ਮੁੱਹਬਤ ਚੁੱਪ ਨਹੀਂ ਰਹਿ ਸਕਦੀ ਝੱਟ ਜ਼ੁਬਾਨ ਉੱਤੇ ਆ ਜਾਂਦੀ ਹੈ।

(ਜਨੂੰਨ ਮਿਸਰੀ)

➢ ਜੂਆ ਲਾਲਚ ਦਾ ਪਤੀ ਹੈ, ਦੁਰਾਚਾਰ ਦਾ ਭਰਾ ਹੈ ਤੇ ਬੁਰਾਈ ਦਾ ਪਿਤਾ।

(ਵਾਸ਼ਿੰਗਟਨ)

➢ ਸ਼ਰਮ ਇਸਤਰੀ ਦਾ ਵਡਮੁੱਲਾ ਗਹਿਣਾ ਹੈ।

(ਕੋਲਟਨ)

➢ ਰਾਜਨੀਤਿਕ ਲੋਕ ਬੱਚਿਆਂ ਵਿੱਚ ਕੋਈ ਦਿਲਚਸਪੀ ਨਹੀਂ ਰੱਖਦੇ ਕਿਉਂਕਿ ਉਹਨਾਂ ਨੇ ਵੋਟ ਨਹੀਂ ਦੇਣੀ ਹੁੰਦੀ।

(ਵਿਲੀਅਮ ਰੋਲਫ਼)

➢ ਛੋਟੇ ਤੋਂ ਛੋਟੇ ਕੰਮ ਨੂੰ ਨੇਕ ਨੀਯਤ ਵੱਡਾ ਬਣਾ ਦਿੰਦੀ ਹੈ ਤੇ ਵੱਡੇ ਤੋਂ ਵੱਡੇ ਕੰਮ ਨੂੰ ਬਦਨੀਅਤ ਛੋਟਾ ਬਣਾ ਦਿੰਦੀ ਹੈ।

(ਅਬਦੁਲਾ-ਬਿਨ-ਮੁਬਾਰਕ)

➢ ਯਾਦਾਂ ਰਾਹੀਂ ਦੂਜਿਆਂ ਦੇ ਦਿਲ ਵਿੱਚ ਵੱਸਣ ਨਾਲ ਅਸੀਂ ਮਰਦੇ ਨਹੀਂ।

(ਡੌਰਬੀ ਪਾਰਕਰ)

➢ ਪਸ਼ੂ ਤੁਹਾਡੇ ਤੋਂ ਬੋਲਣਾ ਨਹੀਂ ਸਿੱਖਦੇ, ਤੁਸੀਂ ਉਹਨਾਂ ਤੋਂ ਚੁੱਪ ਰਹਿਣਾ ਸਿੱਖ ਸਕਦੇ ਹੋ।

(ਅਨਾਮ)

➢ ਉਹ ਵਿਦਵਾਨ ਸਹੀ ਅਰਥਾਂ ਵਿੱਚ ਉੱਤਮ ਵਿਦਵਾਨ ਹੈ ਜੋ ਇਹ ਸਮਝੇ ਕਿ

ਉਸਦੇ ਸ਼ਹਿਰ ਵਿੱਚ ਉਸ ਨਾਲੋਂ ਵੀ ਵਧੇਰੇ ਗਿਆਨ ਰੱਖਣ ਵਾਲੇ ਮੌਜੂਦ ਹਨ।

(ਅਬਦੁਲਾ-ਬਿਨ-ਮੁਬਾਰਕ)

➢ ਮਨੁੱਖ ਦਾ ਮਰਨਾ ਮੈਨੂੰ ਐਨਾ ਦੁਖੀ ਨਹੀਂ ਕਰਦਾ, ਜਿੰਨੀ ਕਿ ਮਨੁੱਖਤਾ ਦੀ ਮੌਤ।

(ਸ਼ਰਤ ਚੰਦਰ)

➢ ਜਿਹੜੇ ਆਪਣੀ ਮੂਰਖਤਾ ਤੋਂ ਕੁਝ ਨਹੀਂ ਸਿਖਦੇ, ਉਹ ਸਭ ਤੋਂ ਵੱਡੇ ਮੂਰਖ ਹਨ।

(ਹੈਮਰ)

➢ ਮਹਾਨ ਵਿਅਕਤੀ ਉਹ ਹੈ ਜਿਹੜੇ ਆਪਣੇ ਬੱਚੇ ਦਾ ਦਿਲ ਨਾ ਤੋੜੇ।

(ਮੋਨਸੀਉਸ)

➢ ਜੇਕਰ ਤੁਸੀਂ ਆਪਣੇ ਗੁਆਂਢੀਆਂ ਦੀਆਂ ਗ਼ਲਤੀਆਂ ਨੂੰ ਸਹਿਣਾ ਹੈ ਤਾਂ ਆਪਣੀਆਂ ਗ਼ਲਤੀਆਂ 'ਤੇ ਆਪ ਨਜ਼ਰ ਰੱਖੋ।

(ਮੋਲਾਨੋਸ)

➢ ਆਪਣੀ ਕਿਸਮਤ ਉੱਤੇ ਕਦੀ ਗਿਲਾ ਨਾ ਕਰੋ। (ਅਬੂ ਟਕਾਕ)

➢ ਤਿੰਨ ਆਦਮੀ ਤਿੰਨ ਗੱਲਾਂ ਤੋਂ ਪਛਾਣੇ ਜਾਂਦੇ ਹਨ— ਹਲੀਮੀ ਵਾਲਾ ਗੁੱਸੇ ਵੇਲੇ, ਸੂਰਬੀਰ ਲੜਾਈ ਵੇਲੇ, ਅਤੇ ਦੋਸਤ ਲੋੜ ਵੇਲੇ।

(ਹਜ਼ਰਤ ਲੁਕਮਾਨ)

➢ ਮੁਹੱਬਤ ਬੋਲਣ ਲਾਉਂਦੀ ਹੈ, ਸ਼ਰਮ ਖ਼ਾਮੋਸ਼ ਕਰਦੀ ਹੈ ਤੇ ਡਰ ਬੇਚੈਨ ਕਰਦਾ ਹੈ।

(ਹਜ਼ਰਤ ਜਨੂੰਨ ਮਿਸਰੀ)

➢ ਭੁੱਲ ਕਰਨ ਮਗਰੋਂ ਪਰਦਾ ਪਾਉਣ ਦੀ ਕੋਸ਼ਿਸ਼ ਨਾ ਕਰੋ, ਵਰਨਾ ਅਪਰਾਧੀ ਬਣ ਜਾਓਗੇ।

(ਕਨਫਿਊਸ਼ੀਅਸ)

➢ ਬੋਲਣ ਦਾ ਗੁਣ ਸਭ ਕੋਲ ਹੈ ਪਰ ਵਿਚਾਰ ਥੋੜ੍ਹਿਆਂ ਕੋਲ ਹਨ।

(ਕੇਟੋ)

➢ ਬੁੱਧੀਮਾਨ ਵਿਅਕਤੀ ਨੂੰ ਜਿੰਨੇ ਮੌਕੇ ਮਿਲਦੇ ਹਨ, ਉਸ ਨਾਲੋਂ ਵੱਧ ਉਹ ਪੈਦਾ ਕਰਦਾ ਹੈ।

ਬੇਕਨ)

➢ ਸਬਰ ਜਾਂ ਸੰਤੋਖ ਕੌੜਾ ਹੈ, ਪਰ ਇਸਦਾ ਮਿੱਠਾ ਫਲ ਸਾਨੂੰ ਖ਼ੁਸ਼ੀ ਦਿੰਦਾ ਹੈ।

(ਹਜ਼ਰਤ ਅਲੀ ਸ਼ਾਹ)

➢ ਦਸ ਹਜ਼ਾਰ ਬੀਤੇ ਹੋਏ ਕੱਲ੍ਹ, ਇਕ ਅੱਜ ਦੀ ਬਰਾਬਰੀ ਨਹੀਂ ਕਰ ਸਕਦੇ।

(ਵਰਡਜ਼ਵਰਥ)

➢ ਆਜ਼ਾਦੀ ਲਈ ਪਿਆਰ ਦਾ ਭਾਵ ਹੋਰਾਂ ਲਈ ਪਿਆਰ ਹੈ।

(ਹੈਬਲਿਟ)

➢ ਸਾਰੇ ਖ਼ੁਸ਼ਹਾਲ ਪਰਿਵਾਰ ਇਕੋ ਢੰਗ ਨਾਲ ਖ਼ੁਸ਼ ਹਨ ਪਰ ਦੁਖੀ ਪਰਿਵਾਰ ਆਪੋ ਆਪਣੇ ਤਰੀਕੇ ਨਾਲ ਦੁਖੀ ਹਨ।

(ਤਾਲਸਤਾਇ)

➢ ਪ੍ਰਤਿਭਾ ਮਹਾਨ ਕੰਮਾਂ ਦਾ ਆਰੰਭ ਕਰਦੀ ਹੈ, ਪਰੰਤੂ ਮਿਹਨਤ ਉਸਨੂੰ ਨੇਪਰੇ ਚੜ੍ਹਾਉਂਦੀ ਹੈ।

(ਜੋਬਰੀ)

➢ ਹੈਰਾਨੀ ਦੀ ਗੱਲ ਹੈ ਕਿ ਲੋਕੀਂ ਆਪਣੇ ਜੀਵਨ ਨੂੰ ਲੰਮਾ ਕਰਨਾ ਚਾਹੁੰਦੇ ਨੇ ਸੁਧਾਰਨਾ ਨਹੀਂ।

(ਕੋਲਟਨ)

➢ ਮਨੁੱਖ ਪ੍ਰਸ਼ੰਸਾ, ਪਿਆਰ ਅਤੇ ਆਸ ਦੇ ਸਹਾਰੇ ਜਿਊਂਦਾ ਹੈ।

(ਵਰਡਜ਼ਵਰਥ)

➢ ਆਪਣੀ ਮਾਂ ਦਾ ਭਲਾ ਕਰਨ ਨਾਲੋਂ ਮਨੁੱਖ ਜਾਤੀ ਨੂੰ ਪਿਆਰ ਕਰਨਾ ਸੌਖਾ ਹੈ।

(ਯੂਕਰੇਨੀ ਕਹਾਵਤ)

➢ ਕਿਰਤ ਤੋਂ ਬਿਨਾਂ ਮਨੁੱਖ ਇਕ ਖ਼ਾਲੀ ਥਾਂ ਹੈ। (ਰੂਸੀ ਕਹਾਵਤ)

➢ ਜੋ ਆਪਣੀਆਂ ਅੱਖਾਂ ਨਾਲ ਵੇਖ ਲਿਆ, ਉਸਨੂੰ ਹੋਰ ਕਿਸੇ ਪ੍ਰਮਾਣ ਦੀ ਲੋੜ ਨਹੀਂ।

(ਚੀਨੀ ਕਹਾਵਤ)

➢ ਜੋ ਨਰਮੀ ਨਾਲ ਪੈਰ ਰੱਖਦਾ ਹੈ ਉਹੀ ਦੂਰ ਪਹੁੰਚਦਾ ਹੈ।

(ਚੀਨੀ ਕਹਾਵਤ)

➢ ਸਭ ਤੋਂ ਵਿਸ਼ੁੱਧ ਆਨੰਦ ਉਹ ਹੈ ਜੋ ਸਾਨੂੰ ਦੂਸਰੇ ਲੋਕਾਂ ਨੂੰ ਕਸ਼ਟ ਵਿੱਚ ਵੇਖ ਕੇ ਹੁੰਦਾ ਹੈ।

(ਜਰਮਨ ਕਹਾਵਤ)

➢ ਅਗਿਆਨੀ ਦੇ ਸਾਹਮਣੇ ਰੱਬ ਵੀ ਆ ਜਾਵੇ ਤਾਂ ਉਹ ਉਸਨੂੰ ਵੀ ਪਛਾਣ ਨਹੀਂ ਸਕੇਗਾ।

(ਫਰਾਂਸੀਸੀ ਕਥਨ)

➢ ਬੱਚੇ ਨੂੰ ਬੋਲਣਾ ਸਿੱਖਣ ਲਈ ਦੋ ਸਾਲ ਲੱਗਦੇ ਹਨ। ਆਦਮੀ ਨੂੰ ਆਪਣੀ ਜ਼ਬਾਨ ਸੰਭਾਲਣੀ ਸਿੱਖਣ ਉੱਤੇ ਸੱਠ ਸਾਲ ਲੱਗ ਜਾਂਦੇ ਹਨ।

(ਰੂਸੀ ਕਹਾਵਤ)

➢ ਮਨੁੱਖ ਜਾਤੀ ਨੂੰ ਪਿਆਰ ਕਰਨਾ ਆਪਣੇ ਗੁਆਂਢੀ ਦੀ ਸਹਾਇਤਾ ਕਰਨ ਨਾਲੋਂ ਸੌਖਾ ਹੈ।

(ਰੂਸੀ ਕਹਾਵਤ)

➢ ਕਈ ਅੰਨ੍ਹੇ ਇੰਨੇ ਠੇਡੇ ਨਹੀਂ ਖਾਂਦੇ ਜਿੰਨੇ ਵਾਰੀ ਸੁਜਾਖੇ ਡਿਗਦੇ ਹਨ।

(ਜਰਮਨ ਕਹਾਵਤ)

➢ ਜਿਹੜੇ ਪੰਛੀ ਸਵੇਰ ਵੇਲੇ ਜਲਦੀ ਹੀ ਆਲ੍ਹਣਿਆਂ 'ਚੋਂ ਨਿਕਲ ਜਾਂਦੇ ਹਨ, ਭੋਜਨ ਉਹਨਾਂ ਨੂੰ ਹੀ ਪ੍ਰਾਪਤ ਹੁੰਦਾ ਹੈ।

(ਅੰਗਰੇਜ਼ੀ ਕਹਾਵਤ)

➢ ਹਰ ਪਰਿਵਾਰ ਵਿੱਚ ਤਿੰਨ ਬੱਚੇ ਹੋਣੇ ਚਾਹੀਦੇ ਹਨ ਤਾਂ ਕਿ ਜਦੋਂ ਦੋ ਝਗੜ ਪੈਣ ਤਾਂ ਤੀਜਾ ਉਹਨਾਂ ਦਾ ਮੁਕੱਦਮਾ ਸੁਣ ਸਕੇ।

(ਯੂਨਾਨੀ ਅਖਾਣ)

➢ ਆਪਣੇ ਗੁਆਂਢੀ ਨੂੰ ਉਸੇ ਤਰ੍ਹਾਂ ਪਿਆਰ ਕਰੋ ਜਿਵੇਂ ਤੁਸੀਂ ਆਪਣੇ ਆਪ ਨੂੰ ਕਰਦੇ ਹੋ।

(ਅੰਗਰੇਜ਼ੀ ਕਥਨ)

➢ ਜਿਸ ਘਰ 'ਚ ਬੱਚੇ ਨਹੀਂ ਹੁੰਦੇ ਉਸ ਘਰ 'ਚ ਰੌਸ਼ਨੀ ਨਹੀਂ ਹੁੰਦੀ।

(ਅਰਬੀ ਮੁਹਾਵਰਾ)

➢ ਤੁਸੀਂ ਕਿਤਨਾ ਕੰਮ ਕਰੋਗੇ, ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਅੱਜ ਤੱਕ ਤੁਸੀਂ ਕਿਤਨਾ ਕੰਮ ਕੀਤਾ ਹੈ।

(ਯੂਨਾਨੀ ਕਥਨ)

➢ ਇਸਤਰੀ ਦੀ ਉਮਰ ਠੀਕ ਉਨੀ ਹੀ ਹੁੰਦੀ ਹੈ, ਜਿੰਨੀ ਉਮਰ ਦੀ ਉਹ ਵੇਖਣ ਵਿੱਚ ਨਜ਼ਰ ਆਉਂਦੀ ਹੋਵੇ।

(ਫਰਾਂਸੀਸੀ ਕਹਾਵਤ)

➢ ਚਿੰਤਾ ਮਨੁੱਖ ਦੀ ਸਿਹਤ, ਖ਼ੁਸ਼ੀ ਅਤੇ ਕਾਮਯਾਬੀ ਦੀ ਸਭ ਤੋਂ ਵੱਡੀ ਦੁਸ਼ਮਣ ਹੈ।

(ਫ਼ਾਰਸੀ ਕਹਾਵਤ)

➢ ਈਰਖ਼ਾ ਆਪਣੀ ਸਜ਼ਾ ਖ਼ੁਦ ਆਪ ਹੀ ਹੈ।

(ਅਰਬੀ ਅਖਾਣ)

➢ ਜੋ ਅਸੀਂ ਪਸੰਦ ਕਰਦੇ ਹਾਂ ਉਹ ਸਾਨੂੰ ਨਹੀਂ ਮਿਲ ਸਕਦਾ, ਇਸ ਲਈ ਜੋ

ਮਿਲਦਾ ਹੈ ਉਸੇ ਨੂੰ ਹੀ ਪਸੰਦ ਕਰ ਲਓ।

(ਸਪੇਨੀ ਅਖਾਣ)

➢ ਭੁੱਖੇ ਆਦਮੀ ਨੂੰ ਮੱਛੀ ਨਾ ਦੇਵੋ, ਉਸਨੂੰ ਮੱਛੀ ਫੜ੍ਹਨ ਦੀ ਜਾਚ ਸਿਖਾਓ।

(ਚੀਨੀ ਕਹਾਵਤ)

➢ ਤੂਫ਼ਾਨਾਂ ਵਿੱਚ ਕੀਤੇ ਜਾਂਦੇ ਵਾਅਦੇ ਸ਼ਾਂਤ ਹੁੰਦੇ ਹੀ ਭੁਲ੍ਹਾ ਦਿੱਤੇ ਜਾਂਦੇ ਹਨ।

(ਅੰਗਰੇਜ਼ੀ ਮੁਹਾਵਰਾ)

➢ ਕੰਮ ਆਉਣ ਵਾਲੀ ਚੀਜ਼ ਕਦੇ ਭਾਰੀ ਨਹੀਂ ਹੁੰਦੀ।

(ਫਰਾਂਸੀਸੀ ਅਖਾਣ)

➢ ਧਨ ਵਰਤਣ ਨਾਲ ਘਟਦਾ ਹੈ, ਵਿੱਦਿਆ ਵਰਤਣ ਨਾਲ ਵਧਦੀ ਹੈ।

(ਸੰਸਕ੍ਰਿਤੀ ਸ਼ਲੋਕ)

➢ ਜਦੋਂ ਪ੍ਰਸਿੱਧੀ ਇਕ ਸੀਮਾ ਤੋਂ ਵੱਧ ਜਾਵੇ ਤਾਂ ਵਿਅਕਤੀ ਬਦਕਾਰ ਹੋ ਜਾਂਦਾ ਹੈ ਅਤੇ ਉਹ ਤਾਨਾਸ਼ਾਹ ਵਾਂਗ ਵਿਚਰਦਾ ਹੈ।

(ਫਰਾਂਸੀਸੀ ਅਖਾਣ)

➢ ਰਾਜਾ ਆਪਣੇ ਦੇਸ਼ ਅੰਦਰ ਹੀ ਪੂਜਿਆ ਜਾਂਦਾ ਹੈ, ਪਰ ਵਿਦਵਾਨ ਆਦਮੀ ਦੀ ਪੂਜਾ ਹਰ ਥਾਂ 'ਤੇ ਹੁੰਦੀ ਹੈ।

(ਸੰਸਕ੍ਰਿਤੀ ਸ਼ਲੋਕ)

➢ ਜੋ ਸੰਭਵ ਹੈ ਉਹ ਹੋ ਚੁੱਕਿਆ ਹੈ, ਜੋ ਅਸੰਭਵ ਹੈ ਉਹ ਹੋਵੇਗਾ।

(ਫਰਾਂਸੀਸੀ ਅਖਾਣ)

➢ ਚੰਗੀ ਤਰ੍ਹਾਂ ਸੋਚਣਾ ਬੁੱਧੀਮਾਨੀ ਹੈ ਅਤੇ ਚੰਗੀ ਤਰ੍ਹਾਂ ਕੰਮ ਨੂੰ ਪੂਰਾ ਕਰਨਾ ਸਭ ਤੋਂ ਵਧੀਆ ਬੁੱਧੀਮਾਨੀ ਹੈ।

(ਫਾਰਸੀ ਕਹਾਵਤ)

➢ ਸੋਹਣੀ ਇਸਤਰੀ ਇੱਕ ਹੀਰਾ ਹੈ ਤੇ ਨੇਕ ਅਤੇ ਚਰਿੱਤਰਵਾਨ ਔਰਤ ਇਕ ਖ਼ਜ਼ਾਨਾ ਹੈ।

(ਜਾਉਲੀ)

➢ ਜੀਵਨ ਇੱਕ ਬਾਜ਼ੀ ਵਾਂਗ ਹੈ, ਹਰ ਜਿੱਤ ਤਾਂ ਸਾਡੇ ਹੱਥ ਨਹੀਂ ਪਰ ਬਾਜ਼ੀ ਦਾ ਖੇਡਣਾ ਸਾਡੇ ਹੱਥ ਹੈ।

(ਜੇਏਲਰ)

➢ ਜ਼ਿੰਦਗੀ ਉਦੋਂ ਏਨੀ ਬੋਝਲ ਨਹੀਂ ਹੁੰਦੀ ਜਦੋਂ ਗੁਆਉਣ ਲਈ ਕੁਝ ਵੀ ਪੱਲੇ ਨਾ ਹੋਵੇ।

(ਹੈਮਿੰਗਵੇ)

➢ ਹੱਸਣਾ ਤਾਂ ਪੂਜਾ ਦਾ ਬਦਲ ਹੋ ਸਕਦਾ ਹੈ ਪਰ ਪੂਜਾ ਹੱਸਣ ਦਾ ਬਦਲ ਨਹੀਂ

ਹੋ ਸਕਦੀ।

(ਐਚ. ਡਬਲਯੂ ਬੀਚਰ)

➢ ਕਿਤਾਬਾਂ ਕਿਸੇ ਦੇਸ਼ ਦਾ ਵਡਮੁੱਲਾ ਖ਼ਜ਼ਾਨਾ ਅਤੇ ਆਉਣ ਵਾਲੀਆਂ ਨਸਲਾਂ ਲਈ ਇੱਕ ਸੰਪੱਤੀ ਹੁੰਦੀਆਂ ਹਨ।

(ਥੋਰੀਉ)

➢ ਗ਼ੁਲਾਮੀ ਦੀ ਮਠਿਆਈ ਨਾਲੋਂ ਆਜ਼ਾਦੀ ਦਾ ਘਾਹ ਵਧੀਆ ਹੈ।

(ਸ਼ਰਣ)

➢ ਜੇ ਤੁਸੀਂ ਬੱਚਿਆਂ ਲਈ ਸਕੂਲ ਉਸਾਰੋਗੇ ਤਾਂ ਤੁਹਾਨੂੰ ਵੱਡਿਆਂ ਲਈ ਜੇਲ੍ਹਾਂ ਨਹੀਂ ਉਸਾਰਨੀਆਂ ਪੈਣਗੀਆਂ।

(ਐਲਿਜ ਕੁੱਕ)

➢ ਵਿਅਕਤੀ ਤਾਰਿਆਂ ਨੂੰ ਪਕੜਨ ਦੇ ਲਈ ਹੱਥ ਮਾਰਦਾ ਹੈ ਜਦ ਕਿ ਉਹ ਆਪਣੇ ਹੀ ਕਦਮਾਂ ਵਿੱਚ ਉੱਗੇ ਹੋਏ ਫੁੱਲਾਂ ਨੂੰ ਭੁੱਲ ਜਾਂਦਾ ਹੈ।

(ਜਰਮੀ ਬੇਥਮ)

➢ ਜਿਵੇਂ ਸਰੀਰ ਦੀ ਤੰਦਰੁਸਤੀ ਲਈ ਕਸਰਤ ਜ਼ਰੂਰੀ ਹੈ ਉਵੇਂ ਹੀ ਦਿਮਾਗ ਦੀ ਤੰਦਰੁਸਤੀ ਲਈ ਪੜ੍ਹਨਾ ਜ਼ਰੂਰੀ ਹੈ।

(ਰਿਚਰਡ ਸਟੀਲੇ)

➢ ਚੰਗੀ ਪੁਸਤਕ ਇਕ ਮਹਾਨ ਆਤਮਾ ਦਾ ਅਮੁੱਲ ਜੀਵਨ-ਤੱਤ ਹੈ।

(ਮਿਲਟਨ)

➢ ਗ਼ਰੀਬ ਉਹ ਨਹੀਂ ਜਿਸਦੇ ਕੋਲ ਘੱਟ ਹੈ ਸਗੋਂ ਉਹ ਹੈ ਜੋ ਜ਼ਿਆਦਾ ਚਾਹੁੰਦਾ ਹੈ।

(ਡੇਨੀਅਲ)

➢ ਧਨ ਦਾ ਪਿਆਰ ਸਾਰੀਆਂ ਬੁਰਾਈਆਂ ਦੀ ਜੜ੍ਹ ਹੈ। ਜਿਹੜੇ ਲੋਕ ਇਹ ਸੋਚਦੇ ਹਨ ਕਿ ਧਨ ਸਭ ਕੁਝ ਕਰ ਸਕਦਾ ਹੈ ਉਹਨਾਂ 'ਤੇ ਸ਼ੱਕ ਕੀਤਾ ਜਾ ਸਕਦਾ ਹੈ ਕਿ ਉਹ ਸਭ ਕੁਝ ਧਨ ਲਈ ਹੀ ਕਰਨਗੇ।

(ਨਿਊ ਟੈਸਟਾਮੈਂਟ)

➢ ਜੇ ਮੈਂ ਆਪਣਾ ਸਭ ਕੁਝ ਦਾਨ ਕਰ ਦਿਆਂ, ਜੇ ਮੈਂ ਆਪਣਾ ਜੀਵਨ ਵੀ ਬਲੀਦਾਨ ਕਰ ਦਿਆਂ, ਪਰ ਜੇ ਮੈਂ ਇਹ ਸਾਰਾ ਕੁਝ ਹੰਕਾਰ ਵਿੱਚ ਕਰ ਰਿਹਾ ਹਾਂ ਨਾ ਕਿ ਪਿਆਰ ਵਿੱਚ ਤਾਂ ਇਹ ਸਭ ਵਿਅਰਥ ਹੈ।

(ਟਾਰਸਮ ਕੇ. ਪਾਲ)

➢ ਇਸਤਰੀ ਦੇ ਸਨਮਾਨ ਨਾਲ ਸੱਭਿਅਤਾ ਦੀ ਪਛਾਣ ਹੈ।

(ਕਰਟਿਸ)

➢ ਆਪਣੇ ਬਾਰੇ ਕੁਝ ਆਖਣਾ ਔਖਾ ਹੁੰਦਾ ਹੈ ਕਿਉਂਕਿ ਆਪਣੇ ਔਗੁਣ ਆਪਣੇ ਆਪ ਨੂੰ ਚੰਗੇ ਨਹੀਂ ਲੱਗਦੇ।

(ਮਹਾਂਦੇਵੀ ਵਰਮਾ)

➢ ਮਨੁੱਖ ਦੀਆਂ ਦਸ ਉਂਗਲਾਂ ਹੀ ਉਸਦੀਆਂ ਸੱਚੀਆਂ ਦੋਸਤ ਹੁੰਦੀਆਂ ਹਨ।

(ਰੌਬਰਟ ਕਲੀਅਰ)

➢ ਉਹ ਗ਼ੁਲਾਮ ਰਹਿੰਦੇ ਹਨ ਜਿਨ੍ਹਾਂ ਵਿੱਚ ਏਨਾ ਸਾਹਸ ਨਹੀਂ ਕਿ ਉਹ ਇਨਸਾਫ਼ ਦਾ ਸਾਥ ਦੇਣ।

(ਲਾਵੇਲ)

➢ ਪ੍ਰਸ਼ੰਸਾ ਉੱਥੇ ਆਰੰਭ ਹੁੰਦੀ ਹੈ, ਜਿੱਥੇ ਪਹਿਚਾਣ ਖ਼ਤਮ ਹੋ ਜਾਵੇ।

(ਐੱਸ. ਜੌਨ)

➢ ਆਸ਼ਾਵਾਦੀ ਇਹ ਐਲਾਨ ਕਰਦਾ ਹੈ ਕਿ ਉਹ ਇਕ ਵਧੀਆ ਸੰਸਾਰ ਵਿੱਚ ਰਹਿ ਰਹੇ ਹਨ, ਨਿਰਾਸ਼ਾਵਾਦੀ ਡਰਦਾ ਹੈ ਕਿ ਕਿਤੇ ਇਹ ਸੱਚ ਨਾ ਹੋਵੇ।

(ਬਰਾਂਚ ਕਾਬੈਲ)

➢ ਜੇਕਰ ਉਮੀਦਾਂ ਧੋਖੇਬਾਜ਼ ਹੋ ਸਕਦੀਆਂ ਹਨ ਤਾਂ ਡਰ ਵੀ ਝੂਠੇ ਨਿਕਲ ਸਕਦੇ ਹਨ।

(ਏ. ਐੱਚ. ਕਲੱਫ)

➢ ਜਿਹੜੇ ਲੋਕ ਸਮਝੌਤੇ ਲਈ ਤਿਆਰ ਰਹਿੰਦੇ ਹਨ, ਉਹ ਕਦੀ ਇਨਕਲਾਬ ਨਹੀਂ ਲਿਆ ਸਕਦੇ।

(ਕਮਲ ਅਤਾਤੁਰਕ)

➢ ਅਪਰਾਧ ਕਰਨ ਤੋਂ ਬਾਅਦ ਡਰ ਪੈਦਾ ਹੁੰਦਾ ਹੈ ਅਤੇ ਇਹੀ ਇਸਦੀ ਸਜ਼ਾ ਹੈ।

(ਵਾਲਟੇਅਰ)

➢ ਜਿਹੜੇ ਵਿਅਕਤੀ ਅਤੀਤ ਨੂੰ ਯਾਦ ਨਹੀਂ ਰੱਖ ਸਕਦੇ ਉਹ ਇਸਨੂੰ ਦੁਹਰਾਉਣ ਦੀ ਸਜ਼ਾ ਭੁਗਤਦੇ ਹਨ।

(ਸਨਤਾਇਨਾ)

➢ ਵਿਸ਼ਵ ਦੇ ਸਭ ਤੋਂ ਵਧੀਆ ਡਾਕਟਰ ਹਨ ਡਾਕਟਰ ਖ਼ੁਰਾਕ, ਡਾਕਟਰ ਸ਼ਾਂਤੀ ਅਤੇ ਡਾਕਟਰ ਖ਼ੁਸ਼ੀ।

(ਸਵਿਫਟ)

➢ ਮੈਨੂੰ ਕੇਵਲ ਇਹ ਹੀ ਅਫ਼ਸੋਸ ਹੈ ਕਿ ਮੇਰੇ ਪਾਸ ਦੇਸ ਤੋਂ ਵਾਰਨ ਲਈ ਇਕ ਹੀ ਜੀਵਨ ਹੈ।

(ਨਥਨ ਹੇਲ)

➢ ਪ੍ਰੇਮ ਦੇ ਦੋ ਮੁੱਖ ਲੱਛਣ ਹਨ ਪਹਿਲਾਂ ਬਾਹਰੀ ਸੰਸਾਰ ਨੂੰ ਭੁੱਲ ਜਾਣਾ ਅਤੇ

ਦੂਸਰਾ ਆਪਣੇ ਹੀ ਸਰੀਰ ਨੂੰ ਭੁੱਲ ਜਾਣਾ ਹੈ।

(ਰਾਮ ਕ੍ਰਿਸ਼ਨ ਪਰਮਹੰਸ)

➢ ਬੱਚੇ ਰੱਬ ਦੇ ਬਾਗ਼ ਵਿੱਚ ਸਭ ਤੋਂ ਸੁੰਦਰ ਫੁੱਲ ਹਨ।

(ਆਸਕਰ ਫਾਈਲਡ)

➢ ਮਹੱਤਵਪੂਰਨ ਗੱਲ ਇਹ ਨਹੀਂ ਕਿ ਕੋਈ ਵਿਅਕਤੀ ਕਿਸ ਤਰ੍ਹਾਂ ਮਰਦਾ ਹੈ ਸਗੋਂ ਇਹ ਹੈ ਕਿ ਉਹ ਕਿਸ ਤਰ੍ਹਾਂ ਜਿਊਂਦਾ ਹੈ।

(ਡਾ. ਜਾਹਨਸਨ)

➢ ਸਿੱਖਿਆ ਇਕ ਸੁਚੇਤ ਤੇ ਸੋਚੀ-ਸਮਝੀ ਪ੍ਰਕਿਰਿਆ ਹੈ ਜਿਸ ਵਿੱਚ ਇਕ ਵਿਅਕਤੀ ਗਿਆਨ ਫੈਲਾਉਣ ਦੇ ਰਾਹੀਂ ਦੂਸਰੇ ਵਿਅਕਤੀ ਦੇ ਵਿਕਾਸ ਸੋਧਦਾ ਹੈ।

(ਐਡਮਜ਼)

➢ ਜਦੋਂ ਸਵਰਗ ਆਪਣੀਆਂ ਬਾਹਾਂ ਫੈਲਾਉਂਦਾ ਹੈ ਤਾਂ ਮੁਰਝਾਏ ਹੋਏ ਦਿਲ ਵਾਲਾ ਮਨੁੱਖ ਇਸਦਾ ਪਾਤਰ ਨਹੀਂ ਹੁੰਦਾ।

(ਕਾਨੇਲੀ)

➢ ਵਾਦ-ਵਿਵਾਦ ਵਿੱਚ ਸ਼ਾਂਤੀ ਤੋਂ ਕੰਮ ਲਉ, ਗੁੱਸੇ ਤੇ ਤਿੱਖੇਪਨ ਨਾਲ ਛੋਟੀ ਜਿਹੀ ਗੱਲ ਵੀ ਦੋਸ਼ ਬਣ ਜਾਂਦੀ ਹੈ। ਉਸ ਸਮੇਂ ਸੱਚ ਵੀ ਅਨੈਤਿਕ ਬਣ ਜਾਂਦਾ ਹੈ।

(ਜਾਰਜ ਹਰਬਟੀ)

➢ ਸਾਰੀ ਦੁਨੀਆ ਦੇ ਦੁੱਖ ਦੇਖਦੇ ਰਹਿਣ ਨਾਲੋਂ ਇਕ ਸੀਨੇ ਦਾ ਦੁੱਖ ਦੂਰ ਕਰਨਾ ਚੰਗਾ ਹੈ।

(ਐਡਵਿਨ ਅਰਨਲਡ)

➢ ਝੂਠ ਦੇ ਰਸਤੇ 'ਤੇ ਅਸੀਂ ਜਿਤਨੀ ਦੂਰ ਜਾ ਚੁੱਕੇ ਹੋਈਏ, ਉਸ ਤੋਂ ਮੁੜ ਆਉਣਾ, ਉਸ 'ਤੇ ਚੱਲਦੇ ਰਹਿਣ ਨਾਲੋਂ ਚੰਗਾ ਹੈ।

(ਟਾਲਸਟਾਏ)

➢ ਜ਼ਿੰਦਗੀ ਦਾ ਸਭ ਤੋਂ ਵੱਡਾ ਗੁਣ ਹਿੰਮਤ ਹੈ। ਆਦਮੀ ਦੇ ਬਾਕੀ ਸਾਰੇ ਗੁਣ ਉਸਦੇ ਹਿੰਮਤੀ ਹੋਣ ਨਾਲ ਹੀ ਪੈਦਾ ਹੁੰਦੇ ਹਨ।

(ਚਰਚਿਲ)

➢ ਅਸੂਲਾਂ ਲਈ ਲੜਨਾ ਸੌਖਾ ਹੈ ਪਰ ਉਹਨਾਂ ਅਨੁਸਾਰ ਜਿਊਣਾ ਔਖਾ ਹੈ।

(ਅਲਫਰੇਡ ਐਡਲਰ)

➢ ਗਿਆਨ ਦਾ ਉਦੇਸ਼ ਸੱਚਾਈ ਹੈ ਅਤੇ ਸੱਚਾਈ ਰੂਹ ਦੀ ਲੋੜ ਹੈ।

(ਲੈਸਿੰਗ)

➢ ਬੇਹਰਤ ਉਹ ਹੈ ਜੋ ਤੁਸੀਂ ਪ੍ਰਾਪਤ ਕਰਦੇ ਹੋ, ਚਰਿੱਤਰ ਉਹ ਹੈ ਜੋ ਤੁਸੀਂ ਦਿੰਦੇ ਹੋ।

(ਬੇਬਾਰਡ ਟੇਲਰ)

➢ ਘਰ ਅਜਿਹਾ ਸਥਾਨ ਹੁੰਦਾ ਹੈ ਜਿੱਥੇ ਜਦ ਤੁਹਾਨੂੰ ਜਾਣਾ ਪੈਂਦਾ ਹੈ, ਤੁਹਾਨੂੰ ਅੰਦਰ ਆਉਣ ਦਿੱਤਾ ਜਾਂਦਾ ਹੈ।

(ਰਾਬਰਟ ਫਰਾਸਟ)

➢ ਜੇਕਰ ਗ਼ਰੀਬੀ ਅਪਰਾਧਾਂ ਦੀ ਮਾਂ ਹੈ ਤਾਂ ਬੁੱਧੀਹੀਣਤਾ ਉਹਨਾਂ ਦਾ ਪਿਓ ਹੈ।

(ਬਰੂਬਰ)

➢ ਸੁੰਤਤਰਤਾ ਨਾਲ ਪ੍ਰੇਮ ਕਰਨਾ ਦੂਸਰਿਆਂ ਨੂੰ ਪ੍ਰੇਮ ਕਰਨਾ ਹੁੰਦਾ ਹੈ, ਤਾਕਤ ਨਾਲ ਪ੍ਰੇਮ ਕਰਨਾ ਆਪਣੇ ਆਪ ਨੂੰ ਪਿਆਰ ਕਰਨਾ ਹੈ।

(ਵਿਲੀਅਮ ਹੈਜ਼ਲਿਟ)

➢ ਸਾਡੀ ਰੱਖਿਆ ਵੱਲੋਂ ਲਾਪਰਵਾਹੀ ਖ਼ਤਰਨਾਕ ਹੈ ਤੇ ਸਾਡੀ ਆਜ਼ਾਦੀ ਵੱਲੋਂ ਲਾਪਰਵਾਹੀ ਹੋਰ ਵੀ ਖ਼ਤਰਨਾਕ।

(ਏ. ਸਟੀਵਨਸਨ)

➢ ਸਿਹਤ ਨੂੰ ਇਕ ਕੰਜੂਸ ਵਾਂਗ ਬਰਬਾਦ ਕਰਨ ਦੀ ਬਜਾਏ ਇਕ ਫਜ਼ੂਲ ਖਰਚ ਵਾਂਗ ਗਵਾਉਣਾ ਬਿਹਤਰ ਹੈ। ਇਕ ਮਰੀਜ਼ ਬਣ ਕੇ ਹਰ ਰੋਜ਼ ਮਰਨ ਨਾਲੋਂ ਖ਼ੂਬ ਜਿਊਣਾ ਅਤੇ ਇਕ ਵਾਰ ਮਰ ਜਾਣਾ ਕਿਤੇ ਵੱਧ ਚੰਗਾ ਹੈ।

(ਰਾਬਰਟ ਲੂਈਸ ਸਟੀਵਨਸਨ)

➢ ਜ਼ਿੰਮੇਵਾਰੀ ਜਦੋਂ ਸਾਡੀ ਦਿਲੀ ਇੱਛਾ ਬਣ ਜਾਂਦੀ ਹੈ ਤਾਂ ਇਸ ਵਿੱਚੋਂ ਸਾਨੂੰ ਸੰਤੋਖ ਅਤੇ ਅਸਲ ਖ਼ੁਸ਼ੀ ਮਿਲਦੀ ਹੈ। ਚੰਗੇ ਚਰਿੱਤਰ ਵਾਲੇ ਵਿਅਕਤੀ ਜ਼ਿੰਮੇਵਾਰੀਆਂ ਨੂੰ ਸਵੀਕਾਰ ਕਰਦੇ ਹਨ। ਉਹ ਆਪਣੇ ਜੀਵਨ ਨੂੰ ਦਿਸ਼ਾ ਵੀ ਖ਼ੁਦ ਦਿੰਦੇ ਹਨ।

(ਜਾਰਜ ਗਿਰਟਰ))

➢ ਹਰ ਇਨਸਾਨ ਤੁਹਾਡਾ ਮਿੱਤਰ ਹੋਵੇਗਾ, ਜਦੋਂ ਤੁਹਾਡੇ ਕੋਲ ਹਜ਼ਾਰਾਂ ਖ਼ਜ਼ਾਨੇ ਖ਼ਰਚ ਕਰਨ ਲਈ ਹੋਣਗੇ।
ਪਰ ਜੇ ਤੁਹਾਡੇ ਖ਼ਜ਼ਾਨੇ ਖਾਲੀ ਹੋ ਜਾਣ
ਕੋਈ ਇਨਸਾਨ ਤੁਹਾਡੇ ਕੰਮ ਨਾ ਆਵੇ
ਉਹ ਜੋ ਤੁਹਾਡਾ ਸੱਚਾ ਮਿੱਤਰ ਹੈ,
ਉਹ ਤੁਹਾਡੀ ਲੋੜ ਪੈਣ 'ਤੇ ਮਦਦ ਕਰੇਗਾ
ਜਦੋਂ ਤੁਸੀਂ ਦੁੱਖ ਵਿੱਚ ਹੋ

ਉਹ ਤੁਹਾਡੇ ਨਾਲ ਹੋਵੇਗਾ।
ਜਦੋਂ ਤੁਸੀਂ ਰਾਤਾਂ ਨੂੰ ਜਾਗੋਗੇ,
ਤਾਂ ਉਹ ਵੀ ਸੌਂ ਨਹੀਂ ਸਕੇਗਾ।
ਤੁਹਾਡੇ ਹਰ ਦਰਦ ਵਿੱਚ, ਜੋ ਤੁਹਾਡੇ ਨਾਲ ਹੈ,
ਇਹ ਪਛਾਣ ਹੈ ਵਫ਼ਾਦਾਰ ਦੋਸਤ ਦੀ,
ਜੋ ਉਸਨੂੰ ਹੋਰਾਂ ਨਾਲੋਂ ਵੱਖ ਕਰਦੀ ਹੈ।

(ਰਿਚਰਡ ਬਰਾਨਫੀਲਡ)

➢ ਜੇਕਰ ਲੋਕਾਂ ਨੂੰ ਇਸ ਗੱਲ ਦਾ ਪਤਾ ਲੱਗ ਜਾਂਦਾ ਹੈ ਕਿ ਇਸ ਕੁਸ਼ਲਤਾ ਨੂੰ ਪ੍ਰਾਪਤ ਕਰਨ ਲਈ ਮੈਂ ਕਿਤਨੀ ਮਿਹਨਤ ਕੀਤੀ ਹੈ ਤਾਂ ਉਹਨਾਂ ਨੂੰ ਮੇਰਾ ਕੰਮ ਬਿਲਕੁਲ ਵੀ ਹੈਰਾਨੀਜਨਕ ਨਹੀਂ ਲੱਗੇਗਾ।

(ਮਾਈਕਲ ਐਂਜਲੋ)

➢ ਸ਼ੱਕ ਹਵਾ ਮਗਰ ਦੌੜਦਾ ਹੈ ਤੇ ਪਰਛਾਵਿਆਂ ਨੂੰ ਫੜਦਾ ਹੈ।

(ਸਵਿਜ਼ਰਲੈਂਡ)

➢ ਵਿਅਕਤੀ ਜਿੰਨੀ ਜ਼ਿਆਦਾ ਮਿਹਨਤ ਕਰਦਾ ਹੈ, ਕਿਸਮਤ ਓਨਾ ਹੀ ਉਸਦਾ ਸਾਥ ਦਿੰਦੀ ਹੈ।

(ਹੈਨਰੀ ਫੋਰਡ)

➢ ਆਲੋਚਕ ਉਹ ਹੁੰਦਾ ਹੈ ਜਿਸਨੂੰ ਹਰ ਚੀਜ਼ ਦੀ ਕੀਮਤ ਦਾ ਪਤਾ ਹੁੰਦਾ ਹੈ, ਪਰ ਉਹ ਉਸਦੇ ਮਹੱਤਵ ਨੂੰ ਨਹੀਂ ਜਾਣਦੇ।

(ਆਸਕਰ ਵਾਈਲਡ)

➢ ਬੰਦੇ ਦਾ ਸਭ ਤੋਂ ਵੱਡਾ ਚਾਪਲੂਸ ਉਸਦਾ ਆਪਣਾ ਮਨ ਹੁੰਦਾ ਹੈ।

(ਲਿਬਨਾਨ)

➢ ਬਿੱਲੀ ਦੀ ਪੂਛ 'ਤੇ ਦੰਦੀ ਵੱਢਣ ਵਾਲਾ ਚੂਹਾ, ਆਪਣੀ ਤਬਾਹੀ ਨੂੰ ਸੱਦਾ ਦਿੰਦਾ ਹੈ।

(ਚੀਨੀ ਕਹਾਵਤ)

➢ ਜਿਸ ਕੋਲ ਫਾਲਤੂ ਰੋਟੀ ਨਾ ਹੋਵੇ, ਉਸ ਨੂੰ ਕੁੱਤਾ ਨਹੀਂ ਪਾਲਣਾ ਚਾਹੀਦਾ।

(ਸਪੇਨ)

➢ ਜਦ ਲੂੰਬੜੀ ਉਪਦੇਸ਼ ਦੇ ਰਹੀ ਹੋਵੇ ਤਾਂ ਆਪਣੀਆਂ ਬਤਖ਼ਾਂ ਦਾ ਧਿਆਨ ਰੱਖੋ।

(ਜਰਮਨੀ)

➢ ਇਹ ਸੰਸਾਰ ਇਕ ਖੇਡ ਦਾ ਮੈਦਾਨ ਹੈ। ਹਰ ਕੋਈ ਸਮਰੱਥਾ ਮੁਤਾਬਿਕ ਆਪਣੇ

ਹਿੱਸੇ ਦੀ ਖੇਡ ਖੇਡਦਾ ਹੈ। ਠੀਕ ਹੈ। ਪਰ ਇਸ ਖੇਡ ਰੂਪੀ ਮੈਦਾਨ ਵਿੱਚ ਕਿਸੇ ਨਿਸ਼ਾਨੇ ਦੀ ਪ੍ਰਾਪਤੀ ਤੋਂ ਬਿਨਾਂ ਖੇਡੀ ਖੇਡ ਕੋਈ ਮਹੱਤਵ ਨਹੀਂ ਰੱਖਦੀ।

(ਫਲਾਇੰਗ ਸਿੱਖ ਮਿਲਖਾ ਸਿੰਘ)

➢ ਫੁੱਲਾਂ ਦੀ ਜ਼ੁਬਾਨ ਖ਼ੁਸ਼ਬੂ ਹੁੰਦੀ ਹੈ। ਚੰਨ ਦੀ ਜ਼ੁਬਾਨ ਉਸਦੀ ਚਾਨਣੀ ਹੈ। ਬਰਫ਼ ਦੀ ਜ਼ੁਬਾਨ ਉਸਦੀ ਠੰਢਕ ਹੈ। ਸਮੁੰਦਰ ਦੀ ਜ਼ੁਬਾਨ ਉਸਦੀ ਗਹਿਰਾਈ ਹੈ। ਆਕਾਸ਼ ਦੀ ਜ਼ੁਬਾਨ ਉਸਦੀ ਵਿਸ਼ਾਲਤਾ ਹੈ ਅਤੇ ਵਿੱਦਿਆ ਤੇ ਸਾਹਿਤ ਦੀ ਜ਼ੁਬਾਨ ਕਿਸੇ ਦੀ ਯੋਗਤਾ ਹੁੰਦੀ ਹੈ।

(ਇਕ ਵਿਦਵਾਨ ਦਾ ਕਥਨ)

➢ ਅਮੀਰ ਆਦਮੀ ਡਿੱਗ ਪਵੇ ਤਾਂ ਲੋਕ ਕਹਿੰਦੇ ਹਨ ਕਿ ਦੁਰਘਟਨਾ ਹੋਈ ਹੈ। ਪਰ ਗ਼ਰੀਬ ਆਦਮੀ ਡਿੱਗ ਪਵੇ ਤਾਂ ਲੋਕ ਉਸਨੂੰ ਸ਼ਰਾਬੀ ਦਸਦੇ ਹਨ।

(ਤੁਰਕੀ)

➢ ਵਫ਼ਾਦਾਰੀ ਹੀਰਿਆਂ ਤੋਂ ਵੀ ਵੱਧ ਕੀਮਤੀ ਹੁੰਦੀ ਹੈ।

(ਫਿਲੀਪੀਨ)

➢ ਮਾਨਵ ਦਾ ਦਾਨਵ ਹੋਣਾ ਉਸ ਦੀ ਹਾਰ ਹੈ, ਮਾਨਵ ਦਾ ਮਹਾਂਮਾਨਵ ਹੋਣਾ ਕਰਾਮਾਤ ਹੈ ਅਤੇ ਉਸਦਾ ਮਾਨਵ ਹੋਣਾ ਉਸਦੀ ਜਿੱਤ ਹੈ।

(ਡਾ. ਰਾਧਾ ਕ੍ਰਿਸ਼ਨਨ)

➢ ਹਜ਼ਾਰਾਂ ਮੀਲਾਂ ਦੇ ਸਫ਼ਰ ਦੀ ਸ਼ੁਰੂਆਤ ਵੀ ਇਕੋ ਹੀ ਕਦਮ ਨਾਲ ਹੁੰਦੀ ਹੈ।

(ਲਾਓਤਜ਼ੂ)

➢ ਜੋ ਵਿਅਕਤੀ ਜੀਵਨ ਵਿੱਚ ਇੱਕ ਹੀ ਚੀਜ਼ ਖੋਜਦਾ ਹੈ ਉਹ ਉਮੀਦ ਕਰ ਸਕਦਾ ਹੈ ਕਿ ਜੀਵਨ ਖ਼ਤਮ ਹੋਣ ਤੋਂ ਪਹਿਲਾਂ ਉਹ ਉਸਨੂੰ ਮਿਲ ਜਾਵੇਗੀ।

(ਬੋਏਨਮੇਰੇਡਿਥ)

➢ ਉਮਰ ਨਾਲ ਸਿਰਫ਼ ਚਿਹਰੇ 'ਤੇ ਹੀ ਝੁਰੜੀਆਂ ਪੈਂਦੀਆਂ ਹਨ ਪਰ ਉਤਸ਼ਾਹ ਮੁੱਕ ਜਾਵੇ ਤਾਂ ਰੂਹ ਉੱਪਰ ਵੀ ਝੁਰੜੀਆਂ ਪੈ ਜਾਂਦੀਆਂ ਹਨ।

(ਡੈਨਿਸ਼)

➢ ਸੁਣੋਗੇ ਤਾਂ ਭੁੱਲ ਜਾਵੋਗੇ, ਦੇਖੋਗੇ ਤਾਂ ਯਾਦ ਰਹੇਗਾ, ਪਰ ਕਰੋਗੇ ਤਾਂ ਸਮਝ ਆਵੇਗੀ।

(ਸਮਕਾਲੀ)

➢ ਸੋਨੇ ਨਾਲ ਲੱਦੀ ਖੱਚਰ ਦਾ ਹਰ ਕਿਲ੍ਹੇ 'ਚ ਸੁਆਗਤ ਹੁੰਦਾ ਹੈ।

(ਅਰਮਾਨੀਆ)

➢ ਖ਼ੁਦਾ ਕਹਿੰਦਾ ਹੈ, ਤੁਸੀਂ ਵੰਡੋ, ਮੈਂ ਤੁਹਾਨੂੰ ਹੋਰ ਦੇਵਾਂਗਾ।

(ਹਜ਼ਰਤ ਮੁਹੰਮਦ ਸਾਹਿਬ)

➢ ਅਸਫ਼ਲਤਾ ਤੋਂ ਡਰੋ ਨਾ। ਹਰ ਦਿਨ ਇਕੋ ਤਰ੍ਹਾਂ ਦੇ ਨਹੀਂ ਹੁੰਦੇ। ਚੈਂਪੀਅਨ ਵੀ ਹਾਰਦੇ ਹਨ। ਸਿਰਫ਼ ਹਿੰਮਤ ਨਹੀਂ ਹਾਰਦੇ, ਇਸੇ ਲਈ ਚੈਂਪੀਅਨ ਬਣੇ ਰਹਿੰਦੇ ਹਨ।

(ਰਾਜੀਵ ਖੁਰਾਣਾ)

➢ ਜੇ ਤੁਸੀਂ ਆਪਣਾ ਨਸੀਬ ਨਹੀਂ ਬਦਲ ਸਕਦੇ ਤਾਂ ਤੁਹਾਨੂੰ ਆਪਣਾ ਵਿਵਹਾਰ ਬਦਲ ਲੈਣਾ ਚਾਹੀਦਾ ਹੈ।

(ਚੀਨੀ ਕਹਾਵਤ)

➢ ਚੰਗੇ ਡਾਕਟਰ ਦੀ ਅੱਖ ਬਾਜ਼ ਵਰਗੀ, ਦਿਲ ਸ਼ੇਰ ਵਰਗਾ ਅਤੇ ਹੱਥ ਔਰਤ ਵਰਗਾ ਹੋਣਾ ਚਾਹੀਦਾ ਹੈ।

(ਡੋਮੀਨੀਅਕਾਨ)

➢ ਅੱਜਕੱਲ੍ਹ ਕਠੋਰ ਮਿਹਨਤ ਅਤੇ ਵਧੀਆ ਕੰਮ ਕਰਨ ਵਾਲਿਆਂ ਨੂੰ ਸਭ ਤੋਂ ਘੱਟ ਮਜ਼ਦੂਰੀ ਮਿਲਦੀ ਹੈ ਅਤੇ ਸੌਖਾ ਕੰਮ ਕਰਨ ਵਾਲਿਆਂ ਨੂੰ ਚੰਗੀ ਦਿਹਾੜੀ ਦਿੱਤੀ ਜਾਂਦੀ ਹੈ ਪਰ ਸਭ ਤੋਂ ਵੱਧ ਉਹਨਾਂ ਨੂੰ ਮਿਲਦਾ ਹੈ ਜੋ ਕੋਈ ਕੰਮ ਨਹੀਂ ਕਰਦੇ।

(ਬਰਨਾਰਡ ਸ਼ਾਅ)

➢ ਕਿਸੇ ਵੀ ਵਿਅਕਤੀ ਦੀ ਜ਼ਿੰਦਗੀ ਦਾ ਦੂਸਰਾ ਹਿੱਸਾ ਹੋਰ ਕੁਝ ਨਹੀਂ ਬਲਕਿ ਪਹਿਲੇ ਹਿੱਸੇ ਵਿੱਚ ਅਪਨਾਈਆਂ ਗਈਆਂ ਆਦਤਾਂ ਦਾ ਹੀ ਨਿਚੋੜ ਹੁੰਦਾ ਹੈ।

(ਦੋਸਤੋਵੇਸਕੀ)

➢ ਇਨਸਾਫ਼ ਹਰ ਗੁਨਾਹਗਾਰ ਨੂੰ ਹਮੇਸ਼ਾਂ ਸਖ਼ਤ ਪ੍ਰਤੀਤ ਹੁੰਦਾ ਹੈ ਕਿਉਂਕਿ ਹਰ ਗੁਨਾਹਗਾਰ ਆਪਣੀਆਂ ਖ਼ੁਦ ਦੀਆਂ ਨਜ਼ਰਾਂ ਵਿੱਚ ਬੇਗੁਨਾਹ ਹੁੰਦਾ ਹੈ।

(ਡਨੀਅਨ ਇਫੋ)

➢ ਕਾਨੂੰਨ ਨੇ ਕਦੀ ਵੀ ਕੋਈ ਮਹਾਨ ਵਿਅਕਤੀ ਪੈਦਾ ਨਹੀਂ ਕੀਤੇ, ਪਰ ਸੁਤੰਤਰਤਾ ਬਹੁਤ ਵੱਡੇ ਅਤੇ ਉੱਚੇ ਮਨੁੱਖ ਦੀ ਜਨਮਦਾਤੀ ਹੈ।

(ਸ਼ਸਿਲਰ)

➢ ਜਦ ਮੁਸੀਬਤ ਆਉਂਦੀ ਹੈ ਤਾਂ ਨਾਲ ਆਪਣੇ ਰਿਸ਼ਤੇਦਾਰਾਂ ਨੂੰ ਵੀ ਲੈ ਕੇ ਆਉਂਦੀ ਹੈ।

(ਅਫ਼ਰੀਕਾ)

➢ ਜੇ ਤੁਸੀਂ ਮਾੜੇ ਲੋਕਾਂ ਨੂੰ ਵੇਖਣ ਤੋਂ ਬਚਣ ਲਈ ਅੱਖਾਂ ਮੀਟ ਕੇ ਰੱਖੋਗੇ ਤਾਂ ਚੰਗੇ ਲੋਕਾਂ ਨੂੰ ਵੇਖਣ ਤੋਂ ਵੀ ਵਿਰਵੇ ਰਹਿ ਜਾਵੋਗੇ।

(ਅਫ਼ਰੀਕਾ)

➢ ਇਕ ਗਾਂ ਪਿੱਛੇ ਲੜ ਕੇ ਕਿਸਾਨਾਂ ਵਿਚੋਂ ਇੱਕ ਗਾਂ ਦੇ ਸਿੰਗਾਂ ਨੂੰ ਖਿੱਚਦਾ ਹੈ, ਦੂਜਾ ਉਸਦੀ ਪੂਛ ਨੂੰ ਅਤੇ ਵਕੀਲ ਉਸ ਗਾਂ ਨੂੰ ਚੋਂਦਾ ਹੈ।

(ਹੀਬਰੂ)

➢ ਅਸੀਂ ਪਹਿਲਾਂ ਆਦਤਾਂ ਬਣਾਉਂਦੇ ਹਾਂ ਫਿਰ ਆਦਤਾਂ ਸਾਨੂੰ ਬਣਾਉਂਦੀਆਂ ਹਨ।

(ਜਾਨ ਡ੍ਰਾਡੇਨ)

➢ ਗ਼ਲਤ ਇਨਸਾਨ ਨੂੰ ਗ਼ਲਤ ਨਾ ਕਹਿਣਾ ਉਸ ਨਾਲ ਧੋਖਾ ਕਰਨਾ ਹੈ।

(ਅਗਿਆਤ)

➢ ਰੌਸ਼ਨੀ ਚੰਗੀ ਹੁੰਦੀ ਹੈ ਭਾਵੇਂ ਉਹ ਕਿਸੇ ਵੀ ਜਗਦੇ ਦੀਵੇ ਵਿਚੋਂ ਆਉਂਦੀ ਹੋਵੇ ਜਿਵੇਂ ਕਿ ਗੁਲਾਬ ਦਾ ਫੁੱਲ ਸੁਹਜ ਵੰਡਦਾ ਹੈ, ਭਾਵੇਂ ਉਹ ਕਿਸੇ ਵੀ ਬਾਗ਼ ਵਿੱਚ ਖਿੜਿਆ ਹੋਵੇ।

(ਡਾ. ਰਾਧਾ ਕ੍ਰਿਸ਼ਨਨ)

➢ ਜੇ ਇਕ ਬੰਦਾ ਇਕ ਰੁਪਏ ਦੀ ਚੋਰੀ ਕਰਦਾ ਹੈ ਤਾਂ ਉਸਨੂੰ ਜੇਲ੍ਹ ਹੁੰਦੀ ਹੈ। ਜੇ ਉਹ ਪੂਰੇ ਮੁਲਕ 'ਤੇ ਕਬਜ਼ਾ ਕਰ ਲੈਂਦਾ ਹੈ ਤਾਂ ਰਾਜਾ ਅਖਵਾਉਂਦਾ ਹੈ।

(ਜਪਾਨੀ ਕਹਾਵਤ)

➢ ਜ਼ਰੂਰਤਾਂ ਛੋਟੇ ਤੋਂ ਛੋਟੇ ਵਿਅਕਤੀ ਦੀਆਂ ਪੂਰੀਆਂ ਹੋ ਜਾਂਦੀਆਂ ਹਨ ਪਰੰਤੂ ਇੱਛਾਵਾਂ ਵੱਡੇ ਤੋਂ ਵੱਡੇ ਧਨੀ ਦੀਆਂ ਵੀ ਪੂਰੀਆਂ ਨਹੀਂ ਹੁੰਦੀਆਂ।

(ਫਿਲਪੀਨ)

➢ ਸੁਪਨਾ ਉਹ ਨਹੀਂ ਜਿਸਨੂੰ ਤੁਸੀਂ ਸੌਂਦੇ ਹੋਏ ਦੇਖਦੇ ਹੋ, ਸੁਪਨਾ ਉਹ ਹੈ ਜੋ ਤੁਹਾਨੂੰ ਸੌਣ ਨਹੀਂ ਦਿੰਦਾ।

(ਏ.ਪੀ.ਜੇ. ਅਬਦੁਲ ਕਲਾਮ)

➢ ਵਿਚਾਰਾਂ ਦੀ ਲਹਿਰ ਆਪਣੇ ਲਈ ਖ਼ੁਦ ਰਸਤਾ ਬਣਾ ਲੈਂਦੀ ਹੈ। ਵਿਚਾਰਾਂ ਦੇ ਮਹੱਤਵ ਨੂੰ ਸਮਝਣ ਵਾਲੇ ਵਿਅਕਤੀਆਂ ਉਪਰ ਵੱਡੇ-ਵੱਡੇ ਗ੍ਰੰਥ ਲਿਖੇ ਗਏ ਹਨ।

(ਨੈਪੋਲੀਅਨ ਬੋਨਾਪਾਰਟ)

➢ ਆਪਣੇ ਪੁਰਖਿਆਂ ਦੀ ਇੱਜ਼ਤ ਦੀਆਂ ਫੜ੍ਹਾਂ ਨਾ ਮਾਰੋ। ਤੁਹਾਡੇ ਕੋਲ ਸਿਰਫ਼ ਆਪਣੀ ਹੀ ਇੱਜ਼ਤ ਹੁੰਦੀ ਹੈ।

(ਸਵੀਡਨ)

➢ ਬੱਚੇ ਦਾ ਹਾਸਾ ਘਰ ਦੀ ਰੌਸ਼ਨੀ ਹੁੰਦਾ ਹੈ।

(ਅਫਰੀਕਾ)

➢ ਬੀਤੇ ਸਮੇਂ ਦੇ ਸਬੂਤ ਦੱਸਦੇ ਹਨ ਕਿ ਸਭ ਤੋਂ ਖ਼ੁਸ਼ ਬੰਦੇ ਉਹ ਹਨ ਜੋ ਕਦੇ

ਵਿਹਲੇ ਨਹੀਂ ਬੈਠਦੇ।

(ਜੋਹਨ ਗਿਬਸਨ)

➢ ਆਪਣੇ ਬਾਰੇ ਵਿੱਚ ਸਾਡੇ ਆਪਣੇ ਵਿਚਾਰਾਂ ਦੇ ਮੁਕਾਬਲੇ ਵਿਰੋਧੀਆਂ ਦੇ ਵਿਚਾਰ ਸੱਚਾਈ ਦੇ ਜ਼ਿਆਦਾ ਨੇੜੇ ਹੁੰਦੇ ਹਨ।

(ਲਾਰਾਸ਼ ਫੋਕਲਤ)

➢ ਇਕ ਭੁੱਖੇ ਮਰ ਰਹੇ ਵਿਅਕਤੀ ਲਈ ਸੁਤੰਤਰਤਾ ਦਾ ਕੀ ਲਾਭ ਹੈ? ਉਹ ਸੁਤੰਤਰਤਾ ਨੂੰ ਨਾ ਤਾਂ ਖਾ ਸਕਦਾ ਹੈ ਅਤੇ ਨਾ ਹੀ ਪੀ ਸਕਦਾ ਹੈ।

(ਹਾਬਸਨ)

➢ ਸਹਿਜ ਰਫ਼ਤਾਰ ਨਾਲ ਤੁਰਨਾ ਬਹੁਤ ਸਾਰੇ ਲੋਕਾਂ ਲਈ ਬਹੁਤ ਵਧੀਆ ਕਸਰਤ ਹੈ। ਇਸ 'ਤੇ ਜੁੱਤੀ ਦੇ ਚਮੜੇ ਤੋਂ ਇਲਾਵਾ ਹੋਰ ਕੁਝ ਵੀ ਖਰਚ ਨਹੀਂ ਆਉਂਦਾ।

(ਡਾ. ਟੀ. ਸੀ. ਸਕਾਟ)

➢ ਜ਼ਿੰਦਗੀ ਦੀ ਸਭ ਤੋਂ ਕੀਮਤੀ ਗੱਲ ਇਹ ਨਹੀਂ ਹੁੰਦੀ ਕਿ ਤੁਹਾਨੂੰ ਕੀ ਹਾਸਲ ਹੋਇਆ ਹੈ ਸਗੋਂ ਇਹ ਹੁੰਦੀ ਹੈ ਕਿ ਤੁਸੀਂ ਖ਼ੁਦ ਕੀ ਹੋ ਗਏ ਹੋ।

(ਟਿਮ ਸਟੀਫਨ)

➢ ਇਹ ਸੰਸਾਰ ਏਨੀ ਤੇਜ਼ੀ ਨਾਲ ਬਦਲਦਾ ਹੈ ਕਿ ਤੁਸੀਂ ਆਪਣਾ ਪੈਰ ਦੂਜੀ ਵਾਰ ਇਕੋ ਦਰਿਆ ਵਿੱਚ ਨਹੀਂ ਪਾ ਸਕਦੇ ਕਿਉਂਕਿ ਦੂਜੀ ਵਾਰ ਨਾ ਤਾਂ ਤੁਹਾਡਾ ਪੈਰ ਉਹੋ ਰਹਿੰਦਾ ਹੈ ਤੇ ਨਾ ਹੀ ਦਰਿਆ।

(ਹੈਰਾਕਲੀਟਸ)

➢ ਤਿੰਨ ਚੀਜ਼ਾਂ ਬੰਦੇ ਨੂੰ ਘਰੋਂ ਬਾਹਰ ਭੱਜਣ ਨੂੰ ਮਜਬੂਰ ਕਰ ਸਕਦੀਆਂ ਹਨ— ਧੂੰਆਂ, ਤੇਜ਼ ਬਾਰਸ਼ ਅਤੇ ਗੁੱਸੇ ਖ਼ੋਰ ਪਤਨੀ।

(ਅੰਗਰੇਜ਼ੀ ਕਹਾਵਤ)

➢ ਕੰਮ ਕਰਨ ਨਾਲ ਸਰੀਰ ਤਕੜਾ ਹੁੰਦਾ ਹੈ ਅਤੇ ਪੜ੍ਹਨ ਨਾਲ ਦਿਮਾਗ।

(ਅਲਬਾਨੀਆ)

➢ ਭਾਰਤ ਦੀ ਆਧੁਨਿਕ ਸਮੱਸਿਆ ਦਾ ਇਕੋ ਇਕ ਹੱਲ ਹੈ- ਸਾਇੰਸ, ਹੋਰ ਸਾਇੰਸ ਅਤੇ ਹੋਰ ਸਾਇੰਸ।

(ਸਰ. ਸੀ. ਵੀ. ਰਮਨ)

➢ ਮੂਰਖ ਨਾਲ ਸਾਂਝ ਰੱਖ ਕੇ ਸੁੱਖ ਭੋਗਣ ਨਾਲੋਂ ਸਿਆਣੇ ਦੀ ਸਾਂਝ ਵਿੱਚ ਭੁੱਖੇ ਕੱਟ ਲੈਣਾ ਚੰਗਾ ਹੁੰਦਾ ਹੈ।

(ਪੰਜਾਬੀ ਕਹਾਵਤ)

➢ ਡੱਡੂ ਭਾਵੇਂ ਸੋਨੇ ਦੇ ਪਟੜੇ ਉੱਤੇ ਬੈਠਿਆ ਹੋਵੇ ਪਰ ਉਹ ਛਾਲ ਮੁੜ ਕੇ ਟੋਭੇ

ਵਿੱਚ ਹੀ ਮਾਰੇਗਾ।

(ਡੱਚ ਕਹਾਵਤ)

➢ ਜਿਹੜਾ ਘਰ ਬਣਾਉਂਦੇ ਸਮੇਂ ਹਰ ਕਿਸੇ ਦੀ ਸਲਾਹ ਮੰਨਦਾ ਹੈ ਉਸਦਾ ਘਰ ਵਿੰਗਾ ਟੇਢਾ ਬਣੇਗਾ।

(ਡੈਨਮਾਰਕ)

➢ ਸੱਚੀ ਮਹਾਨਤਾ ਉਸ ਕੀੜੀ ਵਿੱਚ ਹੈ ਜੋ ਚੁਪਚਾਪ ਆਪਣੇ ਕਰਤੱਵ ਦਾ ਪਾਲਣ ਕਰਦੀ ਹੈ ਅੰਤੇ ਬਿਨਾਂ ਆਰਾਮ ਕੀਤਿਆਂ ਘੰਟਿਆਂ ਬੱਧੀ ਆਪਣੇ ਕੰਮ ਵਿੱਚ ਜੁਟੀ ਰਹਿੰਦੀ ਹੈ।

(ਸਵਾਮੀ ਵਿਵੇਕਾਨੰਦ)

➢ ਘਮੰਡ ਕੁਝ ਹੋਣ ਵਿੱਚੋਂ ਕੋਈ ਆਨੰਦ ਨਹੀਂ ਦਿੰਦਾ, ਬਲਕਿ ਇਹ ਹੋਰ ਦੂਜੇ ਨਾਲੋਂ ਵੱਧ ਹੋਣ ਵਿੱਚ ਹੁੰਦਾ ਹੈ। ਉਸ ਨਾਲ ਮੁਕਾਬਲਾ ਕਰਕੇ ਹੀ ਘਮੰਡ ਪੈਦਾ ਹੁੰਦਾ ਹੈ, ਇਹ ਦੂਜਿਆਂ ਨਾਲੋਂ ਉਤਾਂਹ ਹੋਣ ਦਾ ਆਨੰਦ ਹੈ, ਘਮੰਡ ਇਕ ਰੂਹਾਨੀ ਕੈਂਸਰ ਹੈ ਜੋ ਸਨੇਹ ਸੰਤੁਸ਼ਟੀ ਅਤੇ ਸਹਿਜ ਸਿਆਣਪ ਦੀ ਸੰਭਾਵਨਾ ਨੂੰ ਚੱਟ ਜਾਂਦਾ ਹੈ।

(ਐੱਸ. ਮਾਰਡਨਜ਼)

➢ ਕਿਸਮਤ ਤਾਂ ਬੂਹਾ ਖੜਕਾਉਂਦੀ ਰਹਿੰਦੀ ਹੈ ਪਰ ਮੂਰਖ ਹੀ ਉਸਨੂੰ ਅੰਦਰ ਲੰਘ ਆਉਣ ਦਾ ਸੱਦਾ ਨਹੀਂ ਦਿੰਦਾ।

(ਡੈਨਮਾਰਕ)

➢ ਛੋਟਾ ਜਿਹਾ ਨੇਕ ਕਰਮ ਵੱਡੇ ਤੋਂ ਵੱਡੇ ਨੇਕ ਖ਼ਿਆਲ ਨਾਲੋਂ ਬਿਹਤਰ ਹੁੰਦਾ ਹੈ।

(ਜਪਾਨੀ ਕਹਾਵਤ)

➢. ਹਰੇਕ ਜੀਵ ਨੂੰ ਜਿਊਂਦੇ ਰਹਿਣ ਲਈ ਸੰਘਰਸ਼ ਕਰਨਾ ਪੈਂਦਾ ਹੈ। ਇਸ ਸੰਘਰਸ਼ ਵਿੱਚੋਂ ਉਹੀ ਕਾਮਯਾਬ ਹੁੰਦੇ ਹਨ ਜਿਹੜੇ ਦੂਜਿਆਂ ਨਾਲੋਂ ਵਧੀਆ ਹੋਣ।

(ਚਾਰਲਸ ਡਾਰਬਿਨ)

➢ ਜਿਹੜੀ ਗੱਲ ਦਿਲ ਤੋਂ ਨਿਕਲਦੀ ਹੈ ਉਹ ਪ੍ਰਭਾਵਸ਼ਾਲੀ ਹੁੰਦੀ ਹੈ-ਉਸਦੇ ਖੰਭ ਨਹੀਂ ਹੁੰਦੇ ਪਰ ਉਸ ਵਿੱਚ ਉਡਣ ਦੀ ਸ਼ਕਤੀ ਜ਼ਰੂਰ ਹੁੰਦੀ ਹੈ।

(ਸਰ ਮੁਹੰਮਦ ਇਕਬਾਲ)

➢ ਸੱਚੇ ਪ੍ਰੇਮੀ ਦੇ ਚਿਹਰੇ 'ਤੇ ਮੁਸਕੁਰਾਹਟ ਅਤੇ ਪੈਰਾਂ ਵਿੱਚ ਛਾਲੇ ਹੁੰਦੇ ਹਨ।

(ਗੁਲਸਤਾ ਬੋਸਤਾ)

➢ ਸੋਚ ਵਿਚਾਰ ਕੇ ਕੀਤੇ ਕੰਮਾਂ ਨਾਲੋਂ ਆਦਤ ਵੱਸ ਕੀਤਾ ਕੰਮਾਂ ਦੀ ਗਿਣਤੀ ਜ਼ਿਆਦਾ ਹੁੰਦੀ ਹੈ।

(ਰੋਮਨ ਕਹਾਵਤ)

➢ ਰੱਬ ਦੀ ਦੁਕਾਨ 'ਤੇ ਵਿਕਦੀਆਂ ਚੀਜ਼ਾਂ ਖ਼ਰੀਦਣ ਲਈ ਮਿਹਨਤ ਦੀ ਕੀਮਤ ਚੁਕਾਉਣੀ ਪੈਂਦੀ ਹੈ।

(ਯੂਨਾਨੀ ਕਹਾਵਤ)

➢ ਮੂਰਖ ਨਾਲ਼ ਬਹਿਸ ਨਾ ਕਰੋ, ਕਿਉਂਕਿ ਦੇਖਣ ਵਾਲੇ ਲਈ ਫ਼ੈਸਲਾ ਕਰਨਾ ਮੁਸ਼ਕਿਲ ਹੋ ਜਾਵੇਗਾ ਕਿ ਮੂਰਖ ਕਿਹੜਾ ਹੈ ?

(ਇਗਬੋ ਕਬੀਲਾ)

➢ ਜੇ ਤੁਹਾਡੇ ਬੱਚੇ ਚੰਗੇ ਹਨ ਤਾਂ ਤੁਹਾਨੂੰ ਦੌਲਤ ਦੀ ਕੀ ਲੋੜ ਹੈ ? ਜੇ ਤੁਹਾਡੇ ਬੱਚੇ ਮਾੜੇ ਹਨ ਤਾਂ ਤੁਹਾਡੀ ਦੌਲਤ ਕਿਸ ਕੰਮ ?

(ਤੁਰਕੀ)

➢ ਤਿੰਨ ਚੀਜ਼ਾਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ- ਇਕ ਪਰਾਇਆ ਕੁੱਤਾ, ਦੂਜਾ ਹੜ੍ਹ ਤੇ ਤੀਜਾ ਉਹ ਆਦਮੀ ਜਿਹੜਾ ਆਪਣੇ ਆਪ ਨੂੰ ਸਿਆਣਾ ਸਮਝਦਾ ਹੋਵੇ।

(ਵੇਲਜ਼)

➢ ਜਿਸ ਚੀਜ਼ ਦੀ ਲੋੜ ਨਾ ਹੋਵੇ, ਉਸਨੂੰ ਖਰੀਦੋਗੇ ਤਾਂ ਜਲਦੀ ਹੀ ਤੁਹਾਨੂੰ ਆਪਣੀ ਉਹ ਚੀਜ਼ ਵੇਚਣੀ ਪਵੇਗੀ ਜਿਸ ਦੀ ਤੁਹਾਨੂੰ ਬਹੁਤ ਲੋੜ ਹੁੰਦੀ ਹੈ।

(ਫਿਲਪੀਨ)

➢ ਐਬੀ ਪੁੱਤਰ ਦੀ ਮਾਂ ਅੰਦਰ ਵੜ-ਵੜ ਕੇ ਰੋਂਦੀ ਹੈ ਇਸ ਲਈ ਕਿ ਬਾਹਰ ਰੋਂਦਿਆਂ ਪੁੱਤਰ ਦੇ ਐਬਾਂ ਦਾ ਲੋਕਾਂ ਨੂੰ ਪਤਾ ਲੱਗ ਜਾਵੇਗਾ।

(ਪੰਜਾਬੀ ਕਹਾਵਤ)

➢ ਉਹ ਸੁਖੀ ਹੈ ਜਿਸਦੇ ਹਾਲਾਤ ਉਸਦੇ ਸੁਭਾਅ ਦੇ ਅਨੁਕੂਲ ਹਨ ਪਰ ਉਹ ਹੋਰ ਵੀ ਸੁਖੀ ਹੈ ਜੋ ਆਪਣੇ ਸੁਭਾਅ ਨੂੰ ਹਾਲਾਤ ਦੇ ਅਨੁਸਾਰ ਬਣਾ ਲੈਂਦਾ ਹੈ।

(ਹਯੂਮ)

➢ ਕੇਵਲ ਮਸ਼ੀਨ ਹੀ ਮਹੱਤਵਪੂਰਨ ਨਹੀਂ ਹੁੰਦੀ, ਜੋ ਉਸ ਮਸ਼ੀਨ ਦਾ ਚਾਲਕ ਹੁੰਦਾ ਹੈ, ਉਹ ਵਧੇਰੇ ਮਹੱਤਵਪੂਰਨ ਹੁੰਦਾ ਹੈ।

(ਅੰਗਰੇਜ਼ੀ ਕਹਾਵਤ)

➢ ਜੋ ਜਿੱਤਣ ਦੀ ਆਸ ਨਹੀਂ ਰਖਦਾ, ਉਹ ਪਹਿਲਾਂ ਹੀ ਹਾਰ ਚੁੱਕਾ ਹੁੰਦਾ ਹੈ।

(ਜੋਸ਼ ਓਲਮੇਹੋਓ)

➢ ਪਿਆਰ ਮਿੱਤਰਤਾ ਤੇ ਆਦਰ-ਸਤਿਕਾਰ ਲੋਕਾਂ ਨੂੰ ਆਪਸ ਵਿੱਚ ਓਨਾ ਨਹੀਂ ਜੋੜਦੇ ਜਿੰਨਾ ਕਿਸੇ ਚੀਜ਼ ਲਈ ਸਾਂਝੀ ਨਫ਼ਰਤ ਜੋੜਦੀ ਹੈ।

(ਚੈਖ਼ਵ)

➢ ਜਦੋਂ ਕਿਸੇ ਥੋੜ-ਵਿੱਡੇ ਬੰਦੇ ਨੂੰ ਉਸ ਦੇ ਵਿੱਤ ਤੋਂ ਉਚੇਰੀ ਚੀਜ਼ ਪ੍ਰਾਪਤ ਹੋ

ਜਾਂਦੀ ਹੈ ਤਾਂ ਉਹ ਉਸ ਦੀ ਹੱਦੋਂ ਵੱਧ ਵਰਤੋਂ ਕਰ ਕਰ ਵਿਖਾਉਂਦਾ ਹੈ।

(ਪੰਜਾਬੀ ਕਹਾਵਤ)

➢ ਹਰ ਕੋਈ ਸੰਸਾਰ ਬਦਲਣਾ ਚਾਹੁੰਦਾ ਹੈ ਪਰ ਆਪਣੇ ਆਪ ਨੂੰ ਬਦਲਣ ਬਾਰੇ ਕੋਈ ਨਹੀਂ ਸੋਚਦਾ।

(ਲੀਓ ਟਾਲਸਟਾਏ)

➢ ਆਪਣਾ ਕੀਮਤੀ ਸਮਾਂ ਦੂਜਿਆਂ ਦੇ ਹਸਤਾਖ਼ਰ ਇਕੱਠੇ ਕਰਨ ਵਿੱਚ ਨਸ਼ਟ ਨਾ ਕਰੋ ਸਗੋਂ ਖ਼ੁਦ ਨੂੰ ਇਸ ਕਾਬਲ ਬਣਾਓ ਕਿ ਦੂਜੇ ਲੋਕ ਤੁਹਾਡੇ ਹਸਤਾਖ਼ਰ ਲੈਣ ਲਈ ਤੁਹਾਡੇ ਕੋਲ ਆਉਣ।

(ਬਰਨਾਰਡ ਸ਼ਾਅ)

➢ ਮੁੱਢਲੀ ਉਮਰ ਵਿੱਚ ਦਿੱਤੀ ਗਈ ਸਿੱਖਿਆ, ਜਦੋਂ ਜਵਾਨੀ ਦੇ ਤਜਰਬਿਆਂ ਨਾਲ ਤਾਲ-ਮੇਲ ਨਹੀਂ ਖਾਂਦੀ ਤਾਂ ਆਦਮੀ ਵਿੱਚ ਤਨਾਓ ਪੈਦਾ ਹੁੰਦਾ ਹੈ ਜੋ ਕਿ ਮਾਨਸਿਕ ਰੋਗਾਂ ਦਾ ਆਧਾਰ ਬਣਦਾ ਹੈ।

(ਸਿਗਮੰਡ ਫਰਾਇਡ)

➢ ਮਾਇਆ ਵਿੱਚ ਖੁੱਭਿਆ ਹੋਇਆ ਮਨ ਕੰਧ 'ਤੇ ਟੰਗੀ ਤਸਵੀਰ ਵਾਂਗ ਹੈ ਜੋ ਆਪਣੇ ਆਪ ਨੂੰ ਕੰਧ ਨਾਲੋਂ ਵੱਖ ਨਹੀਂ ਕਰ ਸਕਦੀ।

(ਗੁਰੂ ਤੇਗ ਬਹਾਦਰ ਜੀ)

➢ ਬਚਪਨ ਵਿੱਚ ਖਾਧਾ ਤੇ ਜਵਾਨੀ ਵਿੱਚ ਕਮਾਇਆ, ਬੁਢਾਪੇ ਵਿੱਚ ਕੰਮ ਆਉਂਦਾ ਹੈ।

(ਹਿੰਦੀ ਕਹਾਵਤ)

➢ ਸਰੀਰਕ ਰੋਗ ਤਾਂ ਢੁਕਵੀਂ ਦਵਾਈ ਲੈਣ ਨਾਲ ਠੀਕ ਹੋ ਜਾਂਦਾ ਹੈ ਪਰ ਪੱਕੀ ਹੋਈ ਆਦਤ ਮਨੁੱਖ ਦੇ ਜਿਉਂਦੇ ਜੀਅ ਉਸਦਾ ਪਿੱਛਾ ਨਹੀਂ ਛੱਡਦੀ।

(ਪੰਜਾਬੀ ਕਹਾਵਤ)

➢ ਦਰਿਆਵਾਂ ਦੇ ਜਿਹੜੇ ਪਾਣੀ ਇਕ ਵਾਰੀ ਪੱਤਣਾਂ ਉਤੋਂ ਲੰਘ ਕੇ ਜਾਂਦੇ ਹਨ, ਉਹ ਮੁੜ ਕੇ ਉਹਨਾਂ ਪੱਤਣਾਂ ਉੱਤੇ ਕਦੇ ਵੀ ਨਹੀਂ ਆਉਂਦੇ।

(ਪੰਜਾਬੀ ਕਹਾਵਤ)

➢ ਮਨੁੱਖ ਨੂੰ ਉਸ ਕੀੜੀ ਤੋਂ ਸਿੱਖਿਆ ਲੈਣੀ ਚਾਹੀਦੀ ਹੈ ਜੋ ਗਰਮੀ ਦੇ ਮੌਸਮ ਵਿੱਚ ਲਗਾਤਾਰ ਉਦਮ ਨਾਲ ਅੰਨ ਇਕੱਠਾ ਕਰਦੀ ਹੈ ਅਤੇ ਸਿਆਲ ਵਿੱਚ ਆਰਾਮ ਨਾਲ ਬੈਠ ਕੇ ਖਾਂਦੀ ਹੈ।

(ਗੁਰਮੁਖ ਸਿੰਘ ਮੁਸਾਫਿਰ)

➢ ਜੇ ਕੋਈ ਜ਼ਾਲਮ ਕਿਸੇ ਕਮਜ਼ੋਰ ਕੌਮ ਜਾਂ ਦੇਸ਼ ਦੀ ਆਜ਼ਾਦੀ, ਰੋਟੀ ਅਤੇ ਦੂਜੇ ਸਮਾਜਿਕ ਹੱਕਾਂ ਨੂੰ ਪੈਰਾਂ ਹੇਠ ਕੁਚਲਦਾ ਹੈ, ਤਦ ਅਜਿਹੀ ਹਾਲਤ ਵਿੱਚ

ਆਪਣੀ ਰਾਖੀ ਹਥਿਆਰਬੰਦ ਇਨਕਲਾਬ ਰਾਹੀਂ ਕਰਨੀ ਇਕ ਫ਼ਰਜ਼ ਤੇ ਪਹਿਲਾ ਧਰਮ ਹੈ। ਅਹਿੰਸਾ ਏਥੇ ਕਾਇਰਤਾ ਦੀ ਭੈਣ ਸਾਬਤ ਹੋਵੇਗੀ ਅਤੇ ਨਾ ਮੁਆਫ਼ ਕੀਤਾ ਜਾਣ ਵਾਲਾ ਇਤਿਹਾਸਕ ਗੁਨਾਹ ਸਮਝੀ ਜਾਵੇਗੀ।

(ਬਾਬਾ ਸੋਹਣ ਸਿੰਘ ਭਕਨਾ)

➢ ਇਨਸਾਨ ਸਰੀਰ ਦੇ ਆਕਾਰ ਕਰਕੇ ਨਹੀਂ ਅਕਲ ਨਾਲ ਵੱਡਾ ਗਿਣਿਆ ਜਾਂਦਾ ਹੈ।

(ਪੰਜਾਬੀ ਕਹਾਵਤ)

➢ ਦੁਨੀਆ ਵਿੱਚ ਬਹਾਦਰਾਂ ਦਾ ਹੀ ਸਨਮਾਨ ਹੁੰਦਾ ਹੈ। ਡਰਪੋਕਾਂ ਦਾ ਨਹੀਂ। ਹਰ ਕਿਸੇ ਨੂੰ ਬਹਾਦਰ ਦੀ ਜਿੱਤ 'ਤੇ ਭਰੋਸਾ ਹੁੰਦਾ ਹੈ। ਸਵੈ-ਵਿਚਾਰਾਂ ਨਾਲ ਹੀ ਸਵੈ-ਭਰੋਸਾ ਪੈਦਾ ਹੁੰਦਾ ਹੈ। ਜੇ ਵਿਚਾਰ ਸ਼ਕਤੀਹੀਨ ਹਨ ਤਾਂ ਤੁਸੀਂ ਕੁਝ ਨਹੀਂ ਕਰ ਸਕਦੇ।

(ਰੂਜ਼ਵੇਲਟ)

➢ ਬੱਚੇ ਦੀ ਅਕਲ ਤੇ ਸਿਆਣਪ ਦਾ ਪੱਧਰ ਮਾਂ ਦੀ ਅਕਲ ਤੇ ਸਿਆਣਪ ਦੇ ਪੱਧਰ ਅਨੁਸਾਰ ਹੀ ਹੁੰਦਾ ਹੈ।

(ਪੰਜਾਬੀ ਕਹਾਵਤ)

➢ ਮਨੁੱਖ ਦਾ ਗੱਲਬਾਤ ਕਰਨ ਦਾ ਢੰਗ-ਤਰੀਕਾ ਉਸ ਦੇ ਜੀਵਨ-ਪੱਧਰ ਦੇ ਅਨੁਸਾਰ ਹੁੰਦਾ ਹੈ।

(ਪੰਜਾਬੀ ਕਹਾਵਤ)

➢ ਜਿੰਨੀਆਂ ਵੱਡੀਆਂ ਜ਼ਿੰਮਵਾਰੀਆਂ ਹੁੰਦੀਆਂ ਹਨ ਓਨੇ ਹੀ ਵਧੇਰੇ ਫ਼ਿਕਰ ਹੁੰਦੇ ਹਨ ਤੇ ਜਿੰਨੇ ਵੱਡੇ ਕੰਮ ਓਨੀ ਹੀ ਬਹੁਤੀ ਦੌੜ-ਭੱਜ। ਜਿੰਨਾ ਵੱਡਾ ਪਰਿਵਾਰ ਓਨੀ ਹੀ ਬਹੁਤੀ ਚਿੰਤਾ।

(ਪੰਜਾਬੀ ਕਹਾਵਤ)

➢ ਨਿਮਰ ਮਨੁੱਖ ਧਰਤੀ ਵਰਗਾ ਹੁੰਦਾ ਹੈ, ਜਿਹੜੀ ਰਾਜੇ ਤੇ ਭਿਖਾਰੀ ਦੋਹਾਂ ਦੇ ਪੈਰ ਚੁੰਮਦੀ ਹੈ।

(ਫਾਰਸੀ ਕਹਾਵਤ)

➢ ਜਿਹੜਾ ਹੱਥ ਬੱਚੇ ਦੇ ਪੰਘੂੜੇ ਨੂੰ ਝੂਟਾ ਦਿੰਦਾ ਹੈ, ਉਹੀ ਦੁਨੀਆ 'ਤੇ ਰਾਜ ਕਰਦਾ ਹੈ। ਦੇਸ਼ ਤੇ ਕੌਮ ਨੂੰ ਜਿਸ ਰਸਤੇ 'ਤੇ ਲੈ ਕੇ ਜਾਣਾ ਚਾਹੇ, ਮਾਂ ਆਪਣੇ ਬੱਚੇ ਵਿੱਚ ਉਹੀ ਗੁਣ ਭਰ ਕੇ ਉਹੋ ਜਿਹਾ ਹੀ ਬਣਾ ਸਕਦੀ ਹੈ।

(ਅੰਗਰੇਜ਼ੀ ਕਹਾਵਤ)

➢ ਜਿਉਂਦਾ ਰਹਿਣ ਦੀ ਜਾਚ ਉਸੇ ਮਨੁੱਖ ਨੂੰ ਹੁੰਦੀ ਹੈ ਜੋ ਮਰਨਾ ਜਾਣਦਾ ਹੋਵੇ, ਸਮੇਂ ਦੀ ਨਜ਼ਾਕਤ ਨੂੰ ਸਮਝਦਾ ਹੋਇਆ ਕਿਸੇ ਸੱਚ ਲਈ ਜਾਨ ਵਾਰ ਦੇਵੇ।

(ਕਾਰਲਾਇਲ)

➢ ਬੱਚੇ ਦੇ ਭਵਿੱਖ ਦੀ ਕਿਸਮਤ ਨੂੰ ਬਣਾਉਣਾ ਸਦਾ ਹੀ ਮਾਂ ਦਾ ਕੰਮ ਹੁੰਦਾ ਹੈ।

(ਨੈਪੋਲੀਅਨ)

➢ ਮੈਂ ਆਪਣੇ ਪਿਤਾ ਦਾ ਸਤਿਕਾਰ ਕਰਦਾ ਹਾਂ। ਮੇਰੇ ਜੀਵਨ ਉੱਪਰ ਉਹਨਾਂ ਦਾ ਕੋਈ ਪ੍ਰਭਾਵ ਪਿਆ ਜਾਂ ਨਹੀਂ, ਮੈਂ ਨਹੀਂ ਜਾਣਦਾ। ਮੇਰੀ ਪੜ੍ਹਾਈ, ਬੁੱਧੀ, ਦੌਲਤ, ਚਾਲ-ਚਲਣ, ਰੁਤਬਾ ਜਾਂ ਮਾਣ-ਸਨਮਾਨ, ਸਭ ਦਾ ਕਾਰਨ ਮੇਰੀ ਸਤਿਕਾਰਯੋਗ ਜਨਮਦਾਤੀ ਹੈ।

(ਜਾਰਜ ਵਾਸ਼ਿੰਗਟਨ)

➢ ਸੱਭਿਅਤਾ ਨੂੰ ਬਣਾਉਣ ਵਾਲੇ ਇੱਟਾਂ, ਗਾਰਾ ਜਾਂ ਲੋਹਾ ਤੇ ਮਸ਼ੀਨਾਂ ਨਹੀਂ ਹਨ, ਇਹ ਤਾਂ ਬਣਦੀ ਹੈ ਉੱਚ ਪਾਏ ਦੇ ਚਾਲ-ਚਲਣ ਵਾਲੇ ਮਰਦ-ਔਰਤ ਨਾਲ।

(ਡਾ. ਰਾਧਾ ਕ੍ਰਿਸ਼ਨਨ)

➢ ਇਨਸਾਨ ਮਰ ਕੇ ਹੀ ਮੰਗਣ ਜਾਂਦਾ ਹੈ ਪਰ ਉਸ ਨਾਲੋਂ ਪਹਿਲਾਂ ਉਹ ਮਰਦਾ ਹੈ ਜਿਹੜਾ ਦੇਣ ਤੋਂ ਨਾਂਹ ਕਰਦਾ ਹੈ।

(ਤੁਲਸੀਦਾਸ)

➢ ਵਧੀਆ ਇਨਸਾਨ ਦੀਆਂ ਖ਼ੂਬੀਆਂ ਵਿਚੋਂ ਇਕ ਖ਼ੂਬੀ ਇਹ ਵੀ ਹੈ ਕਿ ਉਹ ਜ਼ਬਾਨ ਦਾ ਪੱਕਾ ਹੁੰਦਾ ਹੈ ਜੋ ਵਚਨ ਇਕ ਵਾਰ ਕਿਸੇ ਨੂੰ ਦੇਂਦਾ ਹੈ ਉਸ 'ਤੇ ਹੀ ਡਟਿਆ ਰਹਿੰਦਾ ਹੈ ਚਾਹੇ ਜਾਨ ਤੋਂ ਹੀ ਹੱਥ ਧੋਣੇ ਪੈਣ।

(ਤੁਲਸੀਦਾਸ)

➢ ਨਦੀ ਵਿਚੋਂ ਚਿੜੀ ਚੁੰਝ ਭਰ ਕੇ ਪਾਣੀ ਲੈ ਜਾਵੇ ਤਾਂ ਨਦੀ ਨੂੰ ਕੀ ਫ਼ਰਕ ਪੈਂਦਾ ਹੈ। ਫਿਰ ਵੀ ਜੇ ਨਦੀ ਕੰਜੂਸੀ ਕਰੇ ਤਾਂ ਗੱਲ ਸਮਝ ਨਹੀਂ ਆ ਸਕਦੀ।

(ਸੰਤ ਕਬੀਰ)

➢ ਤੁਸੀਂ ਹੱਸੋ, ਦੁਨੀਆ ਤੁਹਾਡੇ ਨਾਲ ਹੱਸੇਗੀ, ਤੁਸੀਂ ਰੋਵੋ ਤੁਹਾਨੂੰ ਇਕੱਲਿਆਂ ਹੀ ਰੋਣਾ ਪਵੇਗਾ।

(ਅੰਗਰੇਜ਼ੀ ਕਹਾਵਤ)

➢ ਅਕਲ ਦੀ ਅੰਤਿਮ ਪ੍ਰੀਖਿਆ ਸਕੂਲਾਂ ਵਿੱਚ ਨਹੀਂ ਹੁੰਦੀ, ਅਕਲ ਅਕਲ-ਵਾਲਿਆਂ ਕੋਲੋਂ ਬੇ-ਅਕਲ ਕੋਲ ਨਹੀਂ ਜਾਂਦੀ, ਅਕਲ ਰੂਹ ਹੈ, ਸਬੂਤਾਂ ਵਿੱਚ ਨਹੀਂ ਆਉਂਦੀ, ਆਪਣਾ ਸਬੂਤ ਇਹ ਆਪ ਹੈ।

(ਵਾਲਟ ਵਿਟਮੈਨ)

➢ ਸਾਡੇ ਜੀਵਨ ਵਿੱਚ ਅੱਧੀਆਂ ਗ਼ਲਤੀਆਂ ਇਸ ਲਈ ਹੁੰਦੀਆਂ ਹਨ ਕਿ ਜਿੱਥੇ ਸਾਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ, ਉਥੇ ਅਸੀਂ ਭਾਵੁਕ ਹੋਏ ਹੁੰਦੇ ਹਾਂ ਪਰ ਜਿੱਥੇ ਭਾਵੁਕ ਹੋਣ ਦੀ ਜ਼ਰੂਰਤ ਹੁੰਦੀ ਹੈ ਉਥੇ ਗੰਭੀਰਤਾ ਨਾਲ

ਸੋਚ ਵਿਚਾਰ ਕਰ ਰਹੇ ਹੁੰਦੇ ਹਾਂ।

(ਅੰਗਰੇਜ਼ੀ ਕਹਾਵਤ)

➢ ਚੰਗੀਆਂ ਆਦਤਾਂ ਅਪਨਾਉਣਾ ਔਖਾ ਹੈ, ਪਰ ਉਹਨਾਂ ਨਾਲ ਜਿਊਣਾ ਆਸਾਨ ਹੈ। ਬੁਰੀਆਂ ਆਦਤਾਂ ਅਪਨਾਉਣਾ ਆਸਾਨ ਹੁੰਦਾ ਹੈ, ਪਰ ਉਹਨਾਂ ਨਾਲ ਜਿਊਣਾ ਮੁਸ਼ਕਲ ਹੁੰਦਾ ਹੈ।

(ਸ਼ਿਵ ਖੇੜਾ)

➢ ਮਨੁੱਖ ਦੀ ਸਭ ਤੋਂ ਡੂੰਘੀ ਇੱਛਾ ਉਸਦੀ ਪ੍ਰਸ਼ੰਸਾ ਕਰਵਾਉਣ ਦੀ ਇੱਛਾ ਹੈ। ਅਣਚਾਹਿਆ ਮਹਿਸੂਸ ਹੋਣਾ ਸਭ ਤੋਂ ਜ਼ਿਆਦਾ ਚੋਟ ਪਹੁੰਚਾਉਣ ਵਾਲਾ ਹੁੰਦਾ ਹੈ।

(ਵਿਲਿਅਮ ਜੇਮਸ)

➢ ਜ਼ਿੰਮੇਵਾਰੀਆਂ ਉਸ ਬੰਦੇ ਵੱਲ ਆਕਰਸ਼ਿਤ ਹੁੰਦੀਆਂ ਹਨ ਜਿਹੜਾ ਇਹਨਾਂ ਦਾ ਭਾਰ ਆਪਣੇ ਮੋਢਿਆਂ 'ਤੇ ਚੁੱਕ ਸਕਦਾ ਹੈ।

(ਐਲਬਰਟ ਹਬਰਡ)

➢ ਮਨ ਇਕ ਬੇੜੀ ਹੈ, ਜੋ ਉਲਟ ਕੇ ਆਪਣੇ ਮਾਲਕ ਨੂੰ ਡੋਬ ਵੀ ਸਕਦੀ ਹੈ ਅਤੇ ਸਿੱਧੀ ਰਹਿ ਕੇ ਸੈਰ ਕਰਾਂਦੀ ਕਿਨਾਰੇ ਵੀ ਲਗਾ ਸਕਦੀ ਹੈ।

(ਡਾ. ਰਘਬੀਰ ਸਿੰਘ)

➢ ਕਿਸੇ ਇਕ ਨੂੰ ਰੋਣਾ ਚਾਹੀਦਾ ਹੈ ਜਿਸ ਨਾਲ ਦੂਸਰੇ ਅਨੇਕਾਂ ਹੱਸ ਸਕਣ,ਸ ਕਿਸੇ ਇਕ ਨੂੰ ਮੁਸੀਬਤ ਸਹਿਣੀ ਚਾਹੀਦੀ ਹੈ ਜਿਸ ਨਾਲ ਦੂਸਰੇ ਅਨੇਕਾਂ ਸੁਰੱਖਿਅਤ ਹੋ ਜਾਣ, ਕਿਸੇ ਇਕ ਨੂੰ ਮਰਨਾ ਚਾਹੀਦਾ ਹੈ ਜਿਸ ਨਾਲ ਦੂਸਰੇ ਅਨੇਕਾਂ ਜੀਵਤ ਰਹਿਣ।

(ਅਜੀਤ ਸਿੰਘ)

➢ ਜ਼ਿੰਦਗੀ ਉਦੋਂ ਤੱਕ ਜ਼ਿੰਦਗੀ ਹੈ, ਜਦੋਂ ਤੱਕ ਕਿਸੇ ਕੰਮ ਵਿੱਚ ਲੱਗਣ ਦੇ ਯੋਗ ਹੋਵੇ, ਨਹੀਂ ਤਾਂ ਉਹ ਬੋਝ ਹੈ। ਜੋ ਬੋਝ ਆਸਾਨੀ ਨਾਲ ਉਤਾਰਿਆ ਜਾ ਸਕਦਾ ਹੈ, ਉਸਨੂੰ ਚੁੱਕੀ ਫਿਰਨਾ, ਢੋਂਦੇ ਰਹਿਣਾ ਦੁਨੀਆ ਦੀ ਸਭ ਤੋਂ ਵੱਡੀ ਬੇਵਕੂਫੀ ਹੈ।

(ਸ. ਅਰਜਨ ਸਿੰਘ)

➢ ਲੋੜ ਸਮੇਂ ਕੰਮ ਆਉਣ ਵਾਲਾ ਹੀ ਮਿੱਤਰ ਹੈ।

(ਅੰਗਰੇਜ਼ੀ ਕਹਾਵਤ)

➢ ਜਿਸ ਤਰ੍ਹਾਂ ਭਾਰਤ ਦੀ ਪਿਆਰੀ ਧਰਤੀ ਨੂੰ ਮੀਂਹ ਦੀਆਂ ਭਰਪੂਰ ਫੁਹਾਰਾਂ ਦੀ ਲੋੜ ਹੈ, ਉਸੇ ਤਰ੍ਹਾਂ ਸਾਡੀਆਂ ਫਿਕਰਾਂ ਵਿੱਚ ਡੁੱਬੀਆਂ ਖੁਸ਼ਕ ਅਤੇ ਸੁੰਗੜੀਆਂ ਰੂਹਾਂ ਨੂੰ ਕਵੀਆਂ ਦੇ ਨਵੀ ਰੂਹ ਫੂਕਣ ਵਾਲੇ ਅਤੇ ਜੀਵਨ ਬਖ਼ਸ਼ਣ ਵਾਲੇ

ਮਹਾਨ ਦਿਲਾਂ ਦੀ ਲੋੜ ਹੈ। ਜੇਕਰ ਤੁਹਾਡੇ ਅੰਦਰ ਕੋਈ ਮਜ਼ਬੂਤ ਭਾਵਨਾ ਜਾਂ ਜਜ਼ਬਾ ਨਹੀਂ ਤਾਂ ਤੁਹਾਨੂੰ ਜੀਵਨ ਨਹੀਂ ਕਿਹਾ ਜਾ ਸਕਦਾ।

(ਲਾਲਾ ਹਰਦਿਆਲ)

➢ ਜਿਹੜੇ ਲੋਕ ਸੱਚਾਈ ਦੀ ਸ਼ਾਹਰਾਹ ਤੋਂ ਭਟਕ ਜਾਂਦੇ ਹਨ, ਉਨ੍ਹਾਂ ਦੀ ਢੋਈ ਨਹੀਂ ਹੁੰਦੀ ਇਕ ਸਜ਼ਾ ਹੁੰਦੀ ਹੈ, ਜਿਹੜੀ ਗੁਨਾਹਗਾਰ ਨੂੰ ਦਿੱਤੀ ਜਾਂਦੀ ਹੈ, ਇਕ ਸਜ਼ਾ ਹੁੰਦੀ ਹੈ ਜਿਹੜੀ ਗੁਨਾਹਗਾਰ ਦੇ ਬੱਚਿਆਂ ਨੂੰ ਭੁਗਤਣੀ ਪੈਂਦੀ ਹੈ।

(ਕਰਤਾਰ ਸਿੰਘ ਦੁੱਗਲ)

➢ ਬਾਂਸ ਦੇ ਬੂਟੇ ਵਾਂਗ ਹੰਕਾਰੀ ਪੁਰਸ਼ ਭਾਵੇਂ ਕਿੰਨੀ ਹੀ ਭਗਤੀ ਕਰੇ, ਚੰਗੀ ਸੰਗਤ ਕਰੇ, ਪਰ ਜਿੰਨਾ ਚਿਰ ਆਪਣੇ ਹੰਕਾਰ 'ਤੇ ਕਾਬੂ ਨਹੀਂ ਪਾਉਂਦਾ ਦੂਜਿਆਂ ਨੂੰ ਮਤ ਦੇਣੀ ਤਾਂ ਵੱਖਰੀ ਗੱਲ ਹੈ, ਉਹ ਆਪਣੇ ਆਚਰਨ ਦਾ ਸੰਤੁਲਨ ਵੀ ਗਵਾ ਬੈਠਦਾ ਹੈ।

(ਭਗਤ ਕਬੀਰ)

➢ ਸੱਚੇ ਕ੍ਰਾਂਤੀਕਾਰੀ ਆਪਣੇ ਆਦਰਸ਼ਾਂ ਲਈ ਮਰ ਹੀ ਨਹੀਂ ਸਕਦੇ ਬਲਕਿ ਜਿਊਂਦੇ ਰਹਿ ਕੇ ਹਰ ਮੁਸੀਬਤ ਦਾ ਮੁਕਾਬਲਾ ਵੀ ਕਰ ਸਕਦੇ ਹਨ।

(ਸ਼ਹੀਦ ਭਗਤ ਸਿੰਘ)

➢ ਜਿੱਥੇ ਚਾਰ ਬੁਰੀਆਂ ਇਸਤਰੀਆਂ ਮਿਲ ਕੇ ਬੈਠਦੀਆਂ ਹਨ, ਉਥੇ ਗੱਲਬਾਤ ਘੁੰਮ ਫਿਰ ਕੇ ਨੂੰਹਾਂ 'ਤੇ ਪਹੁੰਚ ਜਾਂਦੀ ਹੈ ਅਤੇ ਚਾਰ ਨੂੰਹਾਂ ਮਿਲ ਕੇ ਬੈਠਦੀਆਂ ਹਨ ਉਥੇ ਗੱਲਬਾਤ ਘੁੰਮ ਫਿਰ ਕੇ ਸੱਸਾਂ 'ਤੇ ਪਹੁੰਚ ਜਾਂਦੀ ਹੈ।

(ਪੰਜਾਬੀ ਕਹਾਵਤ)

➢ ਵਿਚਾਰਾਂ ਦੇ ਵਟਾਂਦਰੇ ਨਾਲ ਵਿਅਕਤੀ ਅਮੀਰ ਹੁੰਦਾ ਹੈ।

(ਰੂਸੀ ਅਖਾਣ)

➢ ਇਕ ਮੂਰਖ ਅਜਿਹਾ ਪ੍ਰਸ਼ਨ ਵੀ ਕਰ ਸਕਦਾ ਹੈ ਜਿਸਦਾ ਉੱਤਰ ਚਾਲੀ ਗਿਆਨੀ ਵੀ ਨਹੀਂ ਦੇ ਸਕਦੇ।

(ਫ਼ਰਾਂਸੀਸੀ ਕਹਾਵਤ)

➢ ਇਕ ਹਥੌੜੇ ਦੀ ਮਾਰ ਸ਼ੀਸ਼ੇ ਤਾਂ ਤੋੜ ਦਿੰਦੀ ਹੈ ਪਰ ਲੋਹੇ ਨੂੰ ਫੌਲਾਦ ਬਣਾ ਦਿੰਦੀ ਹੈ।

(ਰੂਸੀ ਕਹਾਵਤ)

➢ ਚੰਗੀ ਤਰ੍ਹਾਂ ਸੋਚਣਾ ਬੁੱਧੀਮਾਨੀ ਹੈ ਅਤੇ ਕੰਮ ਨੂੰ ਚੰਗੀ ਤਰ੍ਹਾਂ ਪੂਰਾ ਕਰਨਾ ਸਭ ਤੋਂ ਵੱਡੀ ਬੁੱਧੀਮਾਨੀ ਹੈ।

(ਫ਼ਾਰਸੀ ਕਹਾਵਤ)

➢ ਖ਼ਾਮੋਸ਼ੀ ਧਾਰ ਲਵੋ ਲੋਕੀਂ ਤੁਹਾਨੂੰ ਫ਼ਿਲਾਸਫਰ ਸਮਝਣਗੇ।

(ਲਾਤੀਨੀ ਕਹਾਵਤ)

➢ ਨਾ ਰਗੜ ਬਾਝੋਂ ਰਤਨ 'ਤੇ ਚਮਕ ਹੀ ਆਉਂਦੀ ਏ ਨਾ ਹੀ ਸੰਕਟ ਬਗ਼ੈਰ ਮਨੁੱਖ ਵਿੱਚ ਪੂਰਣਤਾ ਆਉਂਦੀ ਹੈ।

(ਚੀਨੀ ਕਹਾਵਤ)

➢ ਬਗ਼ੈਰ ਮੰਗੇ ਕਦੀ ਸਲਾਹ ਨਾ ਦੇਵੋਂ।

(ਜਰਮਨ ਕਹਾਵਤ)

➢ ਇਕ ਸ਼ੇਰ ਨੂੰ ਵੀ ਮੱਖੀਆਂ ਤੋਂ ਆਪਣੀ ਰੱਖਿਆ ਕਰਨੀ ਪੈਂਦੀ ਹੈ।

(ਅਤਾਲਵੀ ਕਹਾਵਤ)

➢ ਵਿੱਦਿਆ ਤੋਂ ਵੱਡਾ ਕੋਈ ਦਾਨ ਨਹੀਂ। (ਫੁੱਲਰ)

➢ ਵਿਚਾਰ ਸੁਣਨਾ ਫੁੱਲ ਚੁਗਣ ਵਰਗਾ ਹੈ, ਪਰ ਉਹਨਾਂ 'ਤੇ ਚਿੰਤਨ ਕਰਨਾ ਉਹਨਾਂ ਨੂੰ ਮਾਲਾ ਵਿੱਚ ਗੁੰਦਣ ਵਾਂਗ ਹੈ।

(ਸ਼੍ਰੀਮਤੀ ਸਵੇਟਸੀਨ)

➢ ਮਹਾਨ ਵਿਚਾਰ ਜਦੋਂ ਕ੍ਰਿਆ ਦੇ ਸਾਂਚੇ ਵਿੱਚ ਢਲ ਜਾਂਦੇ ਹਨ ਤਾਂ ਮਹਾਨ ਰਚਨਾਵਾਂ ਜਨਮ ਲੈਂਦੀਆਂ ਹਨ।

(ਹੈਜ਼ਲਿਟ)

➢ ਸਾਡਾ ਜੀਵਨ ਸਾਡੇ ਵਿਚਾਰ ਹੀ ਬਣਾਉਂਦੇ ਹਨ।

(ਮਾਰਕਸ)

➢ ਉਹ ਮਨੁੱਖ ਘੱਟ ਵਿਸ਼ਵਾਸੀ ਹੁੰਦਾ ਹੈ ਜਿਹੜਾ ਆਪ ਆਪਣਾ ਗੁਪਤ ਸਲਾਹਕਾਰ ਨਹੀਂ ਹੈ।

(ਫ਼ਰੇਡ)

➢ ਬੱਚਿਆਂ ਵਾਂਗ ਹੱਸਣਾ, ਕਵੀਆਂ ਵਾਂਗ ਮਹਿਸੂਸ ਕਰਨਾ ਅਤੇ ਬਜ਼ੁਰਗਾਂ ਵਾਂਗ ਸੋਚਣਾ ਕਿਸੇ-ਕਿਸੇ ਦੇ ਹਿੱਸੇ ਆਉਂਦਾ ਹੈ।

(ਅਗਿਆਤ)

➢ ਇਸ ਤਰ੍ਹਾਂ ਕਰਮ ਕਰੋ ਜਿਵੇਂ ਕਿ ਤੁਸੀਂ ਹਰ ਕਰਮ ਆਪਣੀ ਜਾਨ ਉੱਤੇ ਭੁਗਤਣਾ ਹੋਵੇ।

(ਮਖਾਇਲ ਨਈਮੀ)

➢ ਬਹਾਦਰ ਮਨੁੱਖ ਮੈਨੂੰ ਚੰਗੇ ਲੱਗਦੇ ਹਨ ਪਰ ਤਲਵਾਰ ਚੁੱਕਣ ਤੋਂ ਪਹਿਲਾਂ ਇਹ ਪਤਾ ਹੋਣਾ ਜ਼ਰੂਰੀ ਹੈ ਕਿ ਤਲਵਾਰ ਚੁੱਕਣੀ ਕਿਸ ਲਈ ਹੈ।

(ਨਿਤਸ਼ੇ)

➢ ਵੱਡਾ ਬੰਦਾ ਉਹ ਹੈ ਜਿਹੜਾ ਜੱਗ ਉੱਤੇ ਆ ਕੇ, ਜਿੰਨਾ ਕੁਝ ਕੁਦਰਤ ਨੇ ਉਸ ਉੱਪਰ ਖ਼ਰਚਿਆ ਹੈ, ਉਸ ਤੋਂ ਵੱਧ ਮੋੜ ਕੇ ਜਾਂਦਾ ਹੈ।

(ਚੈਖ਼ਵ)

➢ ਜਦੋਂ ਆਦਮੀ ਇਕ ਗ਼ਲਤ ਗੱਲ ਨਾਲ ਸਮਝੌਤਾ ਕਰ ਲੈਂਦਾ ਹੈ ਤਾਂ ਉਸਨੂੰ ਵਾਰ-ਵਾਰ ਗ਼ਲਤ ਗੱਲਾਂ ਨਾਲ ਸਮਝੌਤੇ ਕਰਨੇ ਪੈਂਦੇ ਹਨ। ਜੀਵਨ ਕਦੇ ਖ਼ਤਮ ਨਹੀਂ ਹੁੰਦਾ ਕਿਉਂਕਿ ਮਰ ਗਏ ਬੰਦੇ ਜਿਉਣ ਵਾਲਿਆਂ ਵਿੱਚ ਜੀਅ ਰਹੇ ਹਨ।

(ਚੈਖ਼ਵ)

➢ ਅਮੀਰ ਅਤੇ ਮਸ਼ਹੂਰ ਆਦਮੀ ਜਲਦੀ ਖ਼ੁਸ਼ ਨਹੀਂ ਹੁੰਦੇ ਕਿਉਂਕਿ ਉਨ੍ਹਾਂ ਦੇ ਲੋਭ ਦਾ ਘੇਰਾ ਵੱਡਾ ਹੁੰਦਾ ਹੈ।

(ਸ਼ਾਹਰੁਖ਼ ਖ਼ਾਨ)

➢ ਅਜਿਹੇ ਸ਼ਬਦ ਬੋਲੋ ਜੋ ਤੁਹਾਨੂੰ ਆਪ ਨੂੰ ਵੀ ਚੰਗੇ ਲੱਗਣ।

(ਰਹੀਮ)

➢ ਨੇਕ ਬੰਦੇ ਨਾਪਾਕ ਢੰਗ ਨਾਲ ਬੇਇਨਸਾਫੀ ਨੂੰ ਖ਼ਤਮ ਕਰਨ ਦੀ ਥਾਂ ਹਾਰ ਪਸੰਦ ਕਰਦੇ ਹਨ।

(ਸੈਲਸਟ)

➢ ਅੱਜ ਕੱਲ੍ਹ ਪ੍ਰਦੂਸ਼ਣ ਇੰਨਾ ਵਧ ਗਿਆ ਹੈ ਕਿ ਜੇਕਰ ਸਾਡੇ ਫੇਫੜੇ ਨਾ ਹੁੰਦੇ ਤਾਂ ਸਮੱਸਿਆ ਹੋ ਜਾਂਦੀ ਕਿ ਇਸ ਨੂੰ ਕਿੱਥੇ ਜਮ੍ਹਾਂ ਕੀਤਾ ਜਾਵੇ।

(ਰਾਬਰਟ ਆਰਬਨ)

➢ ਹਿੰਸਾ ਨਿਰੀ ਤਲਵਾਰ ਦੀ ਹੀ ਨਹੀਂ ਹੁੰਦੀ। ਇਹ ਜ਼ੁਬਾਨ ਨਾਲ ਵੀ ਕੀਤੀ ਜਾ ਸਕਦੀ ਹੈ।

(ਜੈਨ ਧਰਮ)

➢ ਬਹੁਤ ਨੇੜੇ ਤੋਂ ਤੱਕਿਆਂ ਜ਼ਿੰਦਗੀ ਇਕ ਟਰੈਜਡੀ ਹੁੰਦੀ ਹੈ, ਜੋ ਬਹੁਤ ਦੂਰ ਤੋਂ ਦੇਖੀਏ ਤਾਂ ਕਮੇਡੀ।

(ਚਾਰਲੀ ਚੈਪਲਿਨ)

➢ ਜੇਕਰ ਤੁਹਾਡਾ ਸੱਜਾ ਹੱਥ ਨੇਕੀ ਦਾ ਕੰਮ ਕਰੇ ਤਾਂ ਤੁਹਾਡੇ ਖੱਬੇ ਹੱਥ ਨੂੰ ਇਸਦਾ ਪਤਾ ਨਹੀਂ ਲੱਗਣਾ ਚਾਹੀਦਾ।

(ਕਾਰਲਾਇਨ)

➢ ਜੋ ਮਨੁੱਖ ਆਪਣੇ ਕੰਮ ਨੂੰ ਪੂਰੇ ਸੰਕਲਪ ਨਾਲ ਕਰਦਾ ਹੈ ਉਹੀ ਵਿਅਕਤੀ ਬੁੱਧੀਮਾਨ ਹੈ।

(ਨੈਪੋਲੀਅਨ)

➢ ਜ਼ਿਆਦਾਤਰ ਵਿਅਕਤੀ ਉਹਨਾਂ ਲੋਕਾਂ ਨਾਲ ਨਰਾਜ਼ ਹੁੰਦੇ ਹਨ ਜੋ ਉਹਨਾਂ ਦੇ ਦੋਸ਼ ਦੱਸਦੇ ਹਨ ਜਦ ਕਿ ਨਰਾਜ਼ ਉਹਨਾਂ ਦੋਸ਼ਾਂ ਨਾਲ ਹੋਣਾ ਚਾਹੀਦਾ ਹੈ

ਜਿਹੜੇ ਲੋਕ ਗੁਣ ਦੱਸਦੇ ਹਨ।

(ਬੈਨਿਗਡ)

➢ ਕੰਜੂਸ ਦਾ ਦੱਬਿਆ ਧਨ ਉਦੋਂ ਧਰਤੀ ਤੋਂ ਬਾਹਰ ਆਉਂਦਾ ਹੈ ਜਦੋਂ ਕੰਜੂਸ ਖ਼ੁਦ ਧਰਤੀ ਹੇਠਾਂ ਦੱਬਿਆ ਜਾਂਦਾ ਹੈ।

(ਫ਼ਾਰਸੀ ਕਹਾਵਤ)

➢ ਬਿੱਲੀ ਚੂਹੇ ਵਾਸਤੇ ਕਦੇ ਉੱਚਿਤ ਕਾਨੂੰਨ ਨਹੀਂ ਬਣਾ ਸਕਦੀ।

(ਜਾਨ ਬਰਾਇਟ)

➢ ਮੈਂ ਅਧੂਰੇ ਕੰਮ ਪਸੰਦ ਨਹੀਂ ਕਰਦਾ। ਜੇਕਰ ਠੀਕ ਹਨ ਤਾਂ ਉਹਨਾਂ ਨੂੰ ਪੂਰੇ ਕਰੋ ਨਹੀਂ ਤਾਂ ਫਿਰ ਉਹਨਾਂ ਨੂੰ ਤਿਆਗ ਦੇਵੋ।

(ਗਿਲਪਿਨ)

➢ ਬੁਰੇ ਕੰਮਾਂ ਦਾ ਫ਼ਲ ਛੇਤੀ ਅਤੇ ਚੰਗੇ ਕੰਮਾਂ ਦਾ ਫ਼ਲ ਦੇਰ ਨਾਲ ਮਿਲਦਾ ਹੈ।

(ਚਾਣਕਿਆ)

➢ ਜ਼ਿੰਦਗੀ ਦੇ ਦੋ ਦੁਖਾਂਤ ਹੁੰਦੇ ਹਨ- ਪਹਿਲਾ ਤੁਹਾਡੇ ਦਿਲ ਦੀਆਂ ਇੱਛਾਵਾਂ ਦਾ ਖ਼ਤਮ ਹੋ ਜਾਣਾ ਤੇ ਦੂਸਰਾ ਉਹਨਾਂ ਦਾ ਵਾਪਸ ਪਾ ਲੈਣਾ।

(ਜੀ.ਬੀ. ਸ਼ਾਹ)

➢ ਅਸੀਂ ਆਪਣੇ ਆਲੇ-ਦੁਆਲੇ ਦੀਆਂ ਚੀਜ਼ਾਂ ਦੇ ਗ਼ੁਲਾਮ ਹੁੰਦੇ ਹਾਂ।

(ਗੋਥੇ)

➢ ਸਿਖ਼ਰ 'ਤੇ ਹਮੇਸ਼ਾਂ ਹੀ ਜਗ੍ਹਾ ਹੁੰਦੀ ਹੈ।

(ਡਨੀਅਲ ਵਿਬਸਟਰ)

➢ ਮਹਾਨ ਸੱਚ ਉਹ ਸੱਚ ਹੁੰਦਾ ਹੈ ਜਿਸਦੇ ਵਿਰੋਧ ਵਿੱਚ ਵੀ ਸੱਚ ਹੁੰਦਾ ਹੈ।

(ਥਾਮਸ ਮਾਨ)

➢ ਲੋਕ ਉਹੀ ਵੇਖਦੇ ਹਨ ਜੋ ਉਹ ਵੇਖਣ ਲਈ ਤਿਆਰ ਹੁੰਦੇ ਹਨ।

(ਐਮਰਸਨ)

➢ ਅਸੀਂ ਲੜਾਈ ਦੇ ਕਾਰਨ ਨਹੀਂ ਨਤੀਜੇ ਜਾਨਣ ਵਿੱਚ ਰੁਚਿਤ ਹੁੰਦੇ ਹਾਂ।

(ਸੈਨੇਕਾ)

➢ ਜਿੱਤ ਦੇ ਕਈ ਪਿਤਾ ਹੁੰਦੇ ਹਨ ਪਰ ਹਾਰ ਯਤੀਮ ਹੁੰਦੀ ਹੈ।

(ਜੌਨ ਆਫ ਕੈਨੇਡੀ)

➢ ਉਹ ਜੋ ਸਿਰਫ਼ ਸਿਆਣਾ ਹੈ ਉਦਾਸ ਜ਼ਿੰਦਗੀ ਜਿਊਂਦਾ ਹੈ।

(ਵੈਲਟਰ)

➢ ਇਕ ਚੰਗਾ ਨਾਵਲ ਸਾਨੂੰ ਉਸਦੇ ਨਾਇਕ ਬਾਰੇ ਸੱਚ ਦੱਸਦਾ ਹੈ ਪਰ ਇਕ ਬੁਰਾ ਨਾਵਲ ਉਸਦੇ ਲੇਖਕ ਬਾਰੇ ਸੱਚ ਦੱਸਦਾ ਹੈ।

(ਜੇ.ਕੇ. ਚੈਸਟਰਟਨ)

➢ ਅੰਨ੍ਹੇ ਨੂੰ ਅੰਨ੍ਹਾ ਘੜੀਸੇ ਇਹੀ ਲੋਕਤੰਤਰ ਹੈ।

(ਹੇਨਰੀ ਮਿਲਰ)

➢ ਛੋਟੀਆਂ ਚੀਜ਼ਾਂ ਛੋਟੇ ਮਨਾਂ 'ਤੇ ਹੀ ਅਸਰ ਕਰਦੀਆਂ ਹਨ।

(ਬੈਂਜਮਿਨ ਡਿਸਰਾਲੀ)

➢ ਜੇਕਰ ਤੁਹਾਨੂੰ ਲੋੜ ਨਹੀਂ ਤਾਂ ਝੂਠ ਨਾ ਬੋਲੋ।

(ਲਿਓ ਸਜਿਲਾਰਡ)

➢ ਇੰਗਲੈਂਡ ਦੁਕਾਨਦਾਰਾਂ ਦਾ ਰਾਸ਼ਟਰ ਹੈ।

(ਨੈਪੋਲੀਅਨ)

➢ ਮੈਂ ਜਿਸ ਚੀਜ਼ ਤੋਂ ਸਭ ਤੋਂ ਜ਼ਿਆਦਾ ਡਰਦਾ ਹਾਂ ਉਹ ਡਰ ਹੈ।

(ਹਿਊਨ ਆਫ਼ ਵਿਲਨਿਟਨ)

➢ ਅਮਰੀਕਾ ਵਿੱਚ ਲੋਕ ਭੁੱਖਮਰੀ ਨਾਲੋਂ ਜ਼ਿਆਦਾ ਖਾਣ ਕਰਕੇ ਮਰਦੇ ਹਨ।

(ਜੌਨ ਕੇਥ ਗਾਨਬੈਥ)

➢ ਦੁਨੀਆ ਦਾ ਇਤਿਹਾਸ ਮਹਾਨ ਲੋਕਾਂ ਦੀਆਂ ਜੀਵਨੀਆਂ ਤੋਂ ਇਲਾਵਾ ਕੁਝ ਵੀ ਨਹੀਂ।

(ਥਾਮਸ ਕਾਰਲਾਇਨ)

➢ ਇਕ ਬੇਕਾਰ ਜ਼ਿੰਦਗੀ ਵਕਤ ਤੋਂ ਪਹਿਲਾਂ ਮੌਤ ਹੈ।

(ਗੋਥੇ)

➢ ਦੋਸਤੀ ਨੂੰ ਸ਼ਬਦਾਂ ਦੀ ਲੋੜ ਨਹੀਂ ਹੁੰਦੀ।

(ਹੋਮਰ)

➢ ਮੈਂ ਇਤਿਹਾਸ ਦੇ ਭੂਤਕਾਲ ਨਾਲੋਂ ਭਵਿੱਖ ਦੇ ਸੁਪਨੇ ਜ਼ਿਆਦਾ ਪਸੰਦ ਕਰਦਾ ਹਾਂ।

(ਥਾਮਸ ਜਫੈਰਸਨ)

➢ ਕਾਨੂੰਨ ਤੋਂ ਬਿਨਾਂ ਸਰਕਾਰ ਅਸਾਨੀ ਨਾਲ ਚੱਲ ਸਕਦੀ ਹੈ ਪਰ ਸਰਕਾਰ ਤੋਂ ਬਿਨਾਂ ਕਾਨੂੰਨ ਨਹੀਂ।

(ਰਸਲ)

➢ ਨਾਇਕ ਉਮੀਦ ਦਾ ਸੌਦਾਗਰ ਹੁੰਦਾ ਹੈ।

(ਨੈਪੋਲੀਅਨ)

➢ ਪਿਆਰ ਨਹੀਂ ਬਲਕਿ ਈਰਖ਼ਾ ਅੰਨ੍ਹੀ ਹੁੰਦੀ ਹੈ। (ਲਾਰੰਸ)

➢ ਆਲਸੀ ਵਿਅਕਤੀ ਦੀ ਕੋਈ ਤਕਦੀਰ ਨਹੀਂ ਹੁੰਦੀ। ਕਿਸਮਤ ਦੀ ਕੁਹਾੜੀ ਦੁਰਭਾਗ ਦਾ ਪੇੜ ਉਦੋਂ ਕੱਟਦੀ ਹੈ ਜਦੋਂ ਇਸਨੂੰ ਮਿਹਨਤੀ ਹੱਥਾਂ ਵਿੱਚ ਫੜਾ ਦਿੱਤਾ ਜਾਂਦਾ ਹੈ।

(ਅਨੁਪਮ ਖੇਰ)

➢ ਜੀਵਨ ਵਿੱਚ ਅਜਿਹੀ ਕੋਈ ਚੀਜ਼ ਨਹੀਂ ਜਿਸ ਤੋਂ ਡਰਿਆ ਜਾਵੇ। ਸਿਰਫ ਸਮਝਣ ਦੀ ਲੋੜ ਹੁੰਦੀ ਹੈ।

(ਮੇਰੀ ਕਿਊਰੀ)

➢ ਚੰਗੀਆਂ ਕਿਤਾਬਾਂ ਪੜ੍ਹਨੀਆਂ ਕਿਸੇ ਮਹਾਨ ਵਿਅਕਤੀ ਨਾਲ ਗੱਲਾਂ ਕਰਨ ਦੇ ਬਰਾਬਰ ਹੈ।

(ਡੇਸਕਰਟੇਜ)

➢ ਸਿਆਹੀ ਦਾ ਇਕ ਕਤਰਾ ਲੱਖਾਂ ਲੋਕਾਂ ਦੀ ਸੋਚ ਵਿੱਚ ਹਿਲਜੁਲ ਮਚਾ ਦਿੰਦਾ ਹੈ।

(ਲਾਰਡ ਬਾਇਰਨ)

➢ ਲੇਖਕਾਂ ਦੀ ਸਿਆਹੀ, ਸ਼ਹੀਦਾਂ ਦੇ ਲਹੂ ਦੇ ਕਤਰਿਆਂ ਤੋਂ ਵਧੇਰੇ ਪਾਕ ਹੈ।

(ਹਜ਼ਰਤ ਮੁਹੰਮਦ ਸਾਹਿਬ)

➢ ਗਿਆਨ ਉਹ ਖੰਭ ਹੈ ਜਿਸ ਰਾਹੀਂ ਅਸੀਂ ਸਵਰਗ ਵੱਲ ਉੱਡ ਸਕਦੇ ਹਾਂ।

(ਸ਼ੇਕਸਪੀਅਰ)

➢ ਕਿਤਾਬਾਂ ਵਰਗਾ ਕੋਈ ਜਹਾਜ਼ ਨਹੀਂ ਜੋ ਸਾਨੂੰ ਦੇਸ਼ਾਂ-ਦੇਸ਼ਾਂਤਰਾਂ ਤੋਂ ਪਾਰ ਲੈ ਜਾਂਦਾ ਹੈ।

(ਐਮਿਲੀ ਡਿਕਨਸਨ)

➢ ਮੈਨੂੰ ਇਕ ਬਿਸਤਰਾ ਅਤੇ ਇਕ ਕਿਤਾਬ ਦੇ ਦਿਓ। ਬਸ ਮੈਂ ਖ਼ੁਸ਼ ਹਾਂ।

(ਲਾਗਨ ਪੀਅਰਸਨ ਸਮਿਥ)

➢ ਜਦੋਂ ਮਾਨਵ ਜਾਤੀ ਸੱਚ ਪ੍ਰਤੀ ਜਾਗਰੂਕ ਹੋ ਜਾਵੇਗੀ ਤਾਂ ਉਸ ਵਿੱਚ ਵਿਸ਼ਵ-ਭਾਈਚਾਰੇ ਦਾ ਵਿਕਾਸ ਹੋਵੇਗਾ ਤੇ ਸਾਰੀ ਸ੍ਰਿਸ਼ਟੀ ਦੇ ਮਹਾਨ ਮੂਲ ਸਰੋਤ ਪ੍ਰਤੀ ਉਸਨੂੰ ਇਕ ਹੋਣ ਦੀ ਅਨੁਭੂਤੀ ਹੋਣ ਲੱਗੇਗੀ।

(ਡਾ. ਰਾਧਾ ਕ੍ਰਿਸ਼ਨਨ)

➢ ਅਨੁਭਵ ਸਾਨੂੰ ਜਿਹੜੇ ਨਿਸਚੇ ਦਿਵਾਉਂਦਾ ਹੈ, ਬੁੱਧੀ ਉਹਨਾਂ ਦੀ ਪਰਖ ਕਰਦੀ ਹੈ, ਪਰ ਬੁੱਧੀ ਕੋਈ ਨਵੀਂ ਗੱਲ ਪੈਦਾ ਨਹੀਂ ਕਰਦੀ। ਨਵੇਂ ਤਜਰਬੇ, ਨਵੀਆਂ ਸੱਚਾਈਆਂ ਤੇ ਨਵੇਂ ਚਮਤਕਾਰ ਅਨੁਭਵ ਦੁਆਰਾ ਹੀ ਮਨੁੱਖ ਨੂੰ ਪ੍ਰਾਪਤ ਹੁੰਦੇ ਹਨ।

(ਬਰਟਰੈਂਡ ਰਸਲ)

➢ ਜਿੱਥੇ ਕਿਤੇ ਅਕਲ ਦਾ ਰੁੱਖ ਉੱਗਿਆ ਹੈ, ਉਥੇ ਸਵਰਗ ਹੈ।

(ਨੀਤਸ਼ੇ)

➢ ਮਨੁੱਖਾਂ ਵਿੱਚੋਂ ਸਭ ਤੋਂ ਚੰਗਾ ਮਨੁੱਖ ਉਹ ਹੈ, ਜਿਹੜਾ ਚੇਤੰਨ ਹੈ।

(ਧੱਮਪਦ)

➢ ਬਿਨਾਂ ਅਮਲ ਤੋਂ ਗਿਆਨ ਨਸ਼ਟ ਹੋ ਜਾਂਦਾ ਹੈ। ਜਦ ਗਿਆਨ ਨਸ਼ਟ ਹੋ ਜਾਵੇ ਤਾਂ ਸਮਝੋ ਸਾਰੀ ਮਾਨਵਤਾ ਹੀ ਨਸ਼ਟ ਹੋ ਗਈ।

(ਚਾਣਕਿਆ)

➢ ਕਾਹਲੀ ਕਰਨਾ ਸ਼ੈਤਾਨਾਂ ਦਾ ਕੰਮ ਹੈ। ਸਾਊ ਵਿਅਕਤੀ ਸਦਾ ਧੀਰਜ ਤੋਂ ਕੰਮ ਲੈਂਦਾ ਹੈ।

(ਫਿਰਦੌਸੀ)

➢ ਇਸਤਰੀ ਪੁਰਸ਼ ਨਾਲੋਂ ਘੱਟ ਜਾਣਦੀ ਹੈ, ਪਰ ਵੱਧ ਸਮਝਦੀ ਹੈ।

(ਜੇਮਜ਼ ਸਟੀਫੇਨਸ)

➢ ਅੰਬਰਾਂ ਨੂੰ ਪੌੜੀ ਲਾਉਣ ਵਾਲਿਆਂ ਕੋਲ ਵੱਧ ਸਮਾਂ ਨਹੀਂ ਹੁੰਦਾ, ਉਹਨਾਂ ਕੋਲ ਸਮੇਂ ਦੀ ਵਿਉਂਤਬੰਦੀ ਹੁੰਦੀ ਹੈ।

(ਸਿਸਰੋ)

➢ ਆਸ਼ਾ ਤੇ ਨਿਰਾਸ਼ਾ ਇਕੋ ਸਿੱਕੇ ਦੇ ਦੋ ਪਹਿਲੂ ਹਨ। ਇਹ ਵਿਅਕਤੀ ਦੇ ਜੀਵਨ ਵਿੱਚ ਬੇਰੋਕ ਆਉਂਦੀਆਂ ਹਨ ਇਹਨਾਂ ਨੂੰ ਸਹਿਣਸ਼ੀਲਤਾ ਨਾਲ ਤਨ ਮਨ ਤੇ ਹੰਢਾਉਣਾ ਮਜਬੂਰੀ ਨਹੀਂ ਸਗੋਂ ਜ਼ਰੂਰੀ ਹੈ।

(ਅਗਿਆਤ)

➢ ਲਿਖਤ ਜਦੋਂ ਦਿਲ ਨਾਲ ਲਿਖੀ ਜਾਵੇ ਤਾਂ ਉਹ ਪੜ੍ਹਨ ਵਾਲੇ ਦੇ ਵੀ ਦਿਲ ਤੱਕ ਪਹੁੰਚ ਜਾਂਦੀ ਹੈ।

(ਪ੍ਰੋ. ਪ੍ਰੀਤਮ ਸਿੰਘ)

➢ ਮੈਂ ਸਿਰਫ ਆਜ਼ਾਦ ਹੋਣਾ ਚਾਹੁੰਦਾ ਹਾਂ। ਕਿਉਂਕਿ ਤਿਤਲੀਆਂ ਆਜ਼ਾਦ ਹੁੰਦੀਆਂ ਹਨ।

(ਡਿਕਨਿਜ਼)

➢ ਸਿਆਣਪ ਹਮੇਸ਼ਾਂ ਦਿਲ ਤੋਂ ਧੋਖਾ ਖਾਂਦੀ ਹੈ।

(ਲਾ ਰੌਚੀਫੋਕੇਲੁਡ)

➢ ਹਰ ਆਦਮੀ ਵਿੱਚ ਇਕ ਜੰਗਲੀ ਜਾਨਵਰ ਹੁੰਦਾ ਹੈ।

(ਫਰੈਡਰਿਕ)

➢ ਪੈਸਾ ਕਿਸੇ ਸਮੇਂ ਵੀ ਜਾਦੂ ਦੀ ਤਰ੍ਹਾਂ ਗਾਇਬ ਹੋ ਸਕਦਾ ਹੈ।

(ਅਨੌਤੀਮਸ)

➢ ਪੈਸੇ ਦੀ ਵੰਡ ਮੀਂਹ ਵਾਂਗ ਹੋਣੀ ਚਾਹੀਦੀ ਹੈ।

(ਥੌਰਟਿਨ ਵਾਲਿਡਰ)

➢ ਜਾਨਵਰਾਂ ਦੀ ਸਭ ਤੋਂ ਵਧੀਆ ਗੱਲ ਇਹ ਹੈ ਕਿ ਉਹ ਜ਼ਿਆਦਾ ਨਹੀਂ ਬੋਲਦੇ।

(ਥੌਰਟਿਨ ਵਾਲਿਡਰ)

➢ ਰਾਤ ਵਿਚਾਰਾਂ ਦੀ ਜਣਨੀ ਹੈ।

(ਜੌਨ ਫਲੋਰੋ)

➢ ਹੁਕਮ ਦੇਣ ਤੋਂ ਪਹਿਲਾਂ ਹੁਕਮ ਮੰਨਣਾ ਸਿੱਖੋ।

(ਲੇਅਰਲਿਵਜ਼)

➢ ਗਰੀਬੀ ਤੁਹਾਨੂੰ ਉਦਾਸ ਅਤੇ ਸਿਆਣਾ ਦੋਵੇਂ ਬਣਾ ਦਿੰਦੀ ਹੈ।

(ਬਰੀਚਟ)

➢ ਮਹਾਨ ਕ੍ਰਾਂਤੀ ਕਦੇ ਵੀ ਲੋਕਾਂ ਦੀ ਗਲਤੀ ਨਹੀਂ ਹੁੰਦੀ ਬਲਕਿ, ਇਹ ਸਰਕਾਰ ਦੀ ਗਲਤੀ ਹੁੰਦੀ ਹੈ।

(ਗੋਥੇ)

➢ ਕਿਸੇ ਵੀ ਦੇਸ਼ ਦਾ ਅਸਲੀ ਧਨ ਉਸਦੇ ਕੰਮ ਕਰਨ ਵਾਲੇ ਲੋਕ ਹੁੰਦੇ ਹਨ।

(ਥੀਉਡੋਰ)

➢ ਇਕ ਭੁੱਖਾ ਆਦਮੀ ਆਜ਼ਾਦ ਨਹੀਂ ਹੁੰਦਾ।

(ਆਮ ਕਹਾਵਤ)

➢ ਅਫ਼ਵਾਹ ਹਮੇਸ਼ਾ ਗ਼ਲਤ ਨਹੀਂ ਹੁੰਦੀ।

(ਅਗਿਆਤ)

➢ ਹਰ ਕ੍ਰਿਆ ਦੀ ਹਮੇਸ਼ਾ ਪ੍ਰਤੀਕ੍ਰਿਆ ਹੁੰਦੀ ਹੈ।

(ਇਕ ਕਥਨ)

➢ ਆਪਣੇ ਤੋਂ ਇਲਾਵਾ ਕਿਸੇ ਹੋਰ 'ਤੇ ਨਿਰਭਰ ਨਾ ਰਹੋ।

(ਇਕ ਕਹਾਵਤ)

➢ ਰੱਬ ਉਹਨਾਂ ਨੂੰ ਨਫ਼ਰਤ ਕਰਦਾ ਹੈ ਜਿਹੜੇ ਆਪਣੀ ਪ੍ਰਸ਼ੰਸਾ ਖ਼ੁਦ ਕਰਦੇ ਹਨ।

(ਇਕ ਕਥਨ)

➢ ਇਸਤਰੀਆਂ ਵੱਡੀਆਂ ਚੋਟਾਂ ਨੂੰ ਖਿਮਾਂ ਕਰ ਦਿੰਦੀਆਂ ਹਨ ਪਰ ਨਿੱਕੀਆਂ ਮਾਮੂਲੀ ਚੋਟਾਂ ਨਹੀਂ ਭੁੱਲਦੀਆਂ।

(ਹਾਲੀ ਬਰਟਨ)

➢ ਜਿਹੜਾ ਵਿਅਕਤੀ ਪ੍ਰਮਾਤਮਾ ਦੀ ਖ਼ਾਤਰ ਕਿਸੇ ਵੀ ਵਿਅਕਤੀ ਨਾਲ ਹਲੀਮੀ ਭਰਿਆ ਵਰਤਾਓ ਕਰਦਾ ਹੈ, ਪ੍ਰਮਾਤਮਾ ਉਸਨੂੰ ਪ੍ਰਸਿੱਧੀ ਅਤੇ ਸ਼ੋਹਰਤ ਬਖ਼ਸ਼ਦਾ ਹੈ।

➢ ਧਰਮ ਦਾ ਮੁੱਢ ਦਇਆ ਤੋਂ ਹੀ ਬੱਝਦਾ ਹੈ ਅਤੇ ਜਿੱਥੇ ਲੋਭ ਹੈ ਉਥੋਂ ਪਾਪ ਸ਼ੁਰੂ ਹੁੰਦਾ ਹੈ।

(ਤੁਲਸੀਦਾਸ)

➢ ਸੂਰਜ ਨੇ ਕਿਹਾ, 'ਮੈਂ ਡੁੱਬਣ ਲੱਗਾ ਹਾਂ, ਮੇਰੇ ਜਾਣ ਤੋਂ ਬਾਅਦ ਮੇਰਾ ਕੰਮ ਕੌਣ

ਕਰੇਗਾ ? ਸਾਰੀ ਦੁਨੀਆ ਨੇ ਸੂਰਜ ਦੀ ਗੱਲ ਸੁਣੀ ਪਰ ਸਾਰੇ ਇਧਰ ਉਧਰ ਨੂੰ ਖਿਸਕ ਗਏ। ਇਕ ਨਿੱਕੇ ਜਿਹੇ ਮਿੱਟੀ ਦੇ ਦੀਵੇ ਨੇ ਕਿਹਾ, 'ਜੀ ਮੈਂ ਕੋਸ਼ਿਸ਼ ਕਰਾਂਗਾ।'

(ਆਮ ਕਹਾਵਤ)

➢ ਉਹ ਵਿਦਿਆ ਜਾਂ ਸਿੱਖਿਆ ਨਹੀਂ ਜੋ ਰੋਟੀ ਨਹੀਂ ਦੇਂਦੀ। ਵਿਦਿਆ ਕੇਵਲ ਵਿਦਿਆ ਦੀ ਪ੍ਰਾਪਤੀ ਲਈ ਨਹੀਂ ਹੁੰਦੀ।

(ਬੇਕਨ)

➢ ਜੇ ਬੀਜ ਬੀਜ ਦੇ ਰੂਪ ਵਿੱਚ ਹੀ ਰਹਿੰਦਾ ਹੈ ਤਾਂ ਉਹ ਸਿਰਫ਼ ਬੀਜ ਹੀ ਰਹੇਗਾ, ਬੀਜ ਤੋਂ ਵੱਧ ਉਸਦੀ ਕੋਈ ਹਸਤੀ ਹੀ ਨਹੀਂ ਪਰ ਜਦੋਂ ਬੀਜ ਨੂੰ ਮਿੱਟੀ ਦੇ ਥੱਲੇ ਬੀਜਿਆ ਜਾਂਦਾ ਹੈ, ਉਹ ਉਗਦਾ ਹੈ ਅਤੇ ਸ਼ਾਨਦਾਰ ਰੁੱਖ ਦਾ ਰੂਪ ਧਾਰਨ ਕਰਦਾ ਹੈ।

(ਡਾ. ਮੁਹੰਮਦ ਇਕਬਾਲ)

➢ ਹਮੇਸ਼ਾਂ ਉੱਚਾ ਉੱਠਣ ਬਾਰੇ ਸੋਚੋ ਇਹੋ ਹੀ ਤੁਹਾਡਾ ਇਕ ਮਾਤਰ ਵਿਚਾਰ ਹੋਣਾ ਚਾਹੀਦਾ ਹੈ। ਚਾਹੇ ਤੁਹਾਡਾ ਮਕਸਦ ਨਾ ਹੀ ਪੂਰਾ ਹੋਵੇ, ਤੁਹਾਡਾ ਵਿਚਾਰ ਹੀ ਤੁਹਾਨੂੰ ਉੱਪਰ ਚੁੱਕ ਦੇਵੇਗਾ।

(ਬੀਰੂ ਵੈਲੂਅਰ)

➢ ਟੀਚਰ ਦੇਸ਼ ਦੇ ਸਭ ਤੋਂ ਉੱਤਮ ਮੰਨਾਂ ਵਾਲੇ ਵਿਅਕਤੀ ਹੋਣੇ ਚਾਹੀਦੇ ਹਨ।

(ਡਾ. ਰਾਧਾ ਕ੍ਰਿਸ਼ਨਨ)

➢ ਮਹਾਨ ਅਧਿਆਪਕ ਹੀ ਦੇਸ਼ ਨੂੰ ਮਹਾਨ ਬਣਾਉਂਦੇ ਹਨ।

(ਡਾ. ਅਬਦੁਲ ਕਲਾਮ)

➢ ਅਧਿਆਪਕ ਮਹਿਜ ਸੱਤ ਸਾਲਾਂ ਵਿੱਚ ਬੱਚੇ ਨੂੰ ਇੰਨਾ ਸੂਝਵਾਨ ਬਣਾ ਸਕਦਾ ਹੈ ਕਿ ਰੱਬ ਜਾਂ ਸ਼ੈਤਾਨ ਵੀ ਉਸ ਵਿੱਚ ਪਰਿਵਰਤਨ ਨਹੀਂ ਲਿਆ ਸਕਦੇ।

(ਬੈਸਟੋਲੌਟਸੀ)

➢ 1000 ਚੰਗੀਆਂ ਗੱਲਾਂ ਕਹਿਣ ਨਾਲੋਂ ਇਕ-ਦੋ ਚੰਗੀਆਂ ਗੱਲਾਂ ਕਰਨਾ ਹਜ਼ਾਰ ਗੁਣਾ ਚੰਗਾ ਹੁੰਦਾ ਹੈ।

(ਆਮ ਕਹਾਵਤ)

➢ ਦੇਰ ਨਾਲ ਮਿਲਿਆ ਇਨਸਾਫ, ਇਨਸਾਫ ਤੋਂ ਵਾਂਝੇ ਰੱਖਣ ਤੁੱਲ ਹੁੰਦਾ ਹੈ।

(ਅੰਗਰੇਜ਼ੀ ਮੁਹਾਵਰਾ)

➢ ਜੇ ਰੇਲਾਂ ਬੰਦ ਹੋ ਜਾਣ, ਡਾਕਖ਼ਾਨੇ ਬੰਦ ਹੋ ਜਾਣ ਤਾਂ ਦੇਸ਼ ਦਾ ਕੁਝ ਕੁ

ਨੁਕਸਾਨ ਤਾਂ ਹੋਵੇਗਾ ਹਰੀ ਪਰ ਜੇ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਆਪਣੀ ਭੂਮਿਕਾ ਅਦਾ ਨਹੀਂ ਕਰਦੀਆਂ ਤਾਂ ਦੇਸ਼ ਤਬਾਹ ਹੋ ਜਾਵੇਗਾ।

(ਡਾਕਟਰ ਜਾਕਰ ਹੁਸੈਨ)

➢ ਕਾਨੂੰਨ ਮੁਜਰਮ ਕਰਾਰ ਦਿੰਦਾ ਹੈ ਉਸ ਪੁਰਸ਼ ਜਾਂ ਔਰਤ ਨੂੰ ਜੋ, ਚੁਰਾਉਂਦੇ ਨੇ ਆਮ ਆਦਮੀ ਦੀਆਂ ਮੁਰਗੀਆਂ, ਲੇਕਿਨ ਛੱਡ ਦਿੰਦਾ ਹੈ, ਵੱਡੇ ਅਪਰਾਧੀਆਂ ਨੂੰ ਜੋ ਚੁਰਾ ਲੈਂਦੇ ਨੇ ਮੁਰਗੀਆਂ ਕੋਲੋਂ ਆਮ ਆਦਮੀ ਨੂੰ ਹੀ।

(ਸਰ ਹੈਨਰੀ ਮੈਨ)

➢ ਦੂਸਰੇ ਦਾ ਲਾਲ ਮੱਥਾ ਵੇਖ ਕੇ ਤੁਸੀਂ ਆਪਣੇ ਮੱਥੇ ਨੂੰ ਪਿੱਟ ਪਿੱਟ ਕੇ ਲਾਲ ਨਾ ਕਰੋ।

(ਪੰਜਾਬੀ ਕਹਾਵਤ)

➢ ਜੋ ਕੋਈ ਵੀ ਕਠਿਨ ਮਿਹਨਤ ਨਾਲ ਕੋਈ ਵੀ ਚੀਜ਼ ਪੈਦਾ ਕਰਦਾ ਹੈ ਉਸਨੂੰ ਇਹ ਦੱਸਣ ਦੇ ਵਾਸਤੇ ਕਿਸੇ ਖੁਦਾਈ ਪੈਗ਼ਾਮ ਦੀ ਜ਼ਰੂਰਤ ਨਹੀਂ ਕਿ ਪੈਦਾ ਕੀਤੀ ਗਈ ਚੀਜ਼ ਉੱਪਰ ਉਸੇ ਦਾ ਹੀ ਅਧਿਕਾਰ ਹੈ।

(ਰਾਬਰਟ ਜੀ. ਇੰਗਰਲੇਸ)

➢ ਸੰਤੋਖ ਤੋਂ ਬਿਨਾਂ ਕਦੀ ਕੋਈ ਨਹੀਂ ਰੱਜਦਾ।

(ਗੁਰਬਾਣੀ)

➢ ਗਿਆਨ ਅਤੇ ਜਗਿਆਸਾ ਸਫ਼ਲਤਾ ਦੇ ਖ਼ਜ਼ਾਨੇ ਤੱਕ ਪਹੁੰਚਣ ਦੇ ਮੁੱਖ ਰਸਤੇ ਹਨ। ਜਗਿਆਸਾ ਹੀ ਜਿੱਤ ਦਾ ਰਸਤਾ ਤੈਅ ਕਰਦੀ ਹੈ।

(ਸੁਕਰਾਤ)

➢ ਸਾਡਾ ਸਾਰਾ ਗਿਆਨ ਅਤੇ ਸਾਰੀਆਂ ਯੋਜਨਾਵਾਂ ਜਗਿਆਸਾ ਤੋਂ ਬਿਨਾਂ ਵਿਅਰਥ ਹਨ। ਸਫ਼ਲਤਾ ਦੇ ਦਰਵਾਜ਼ੇ ਤੱਕ ਦਸਤਕ ਦੇਣ ਲਈ ਜਗਿਆਸਾ ਸੰਜੀਵਨੀ ਦੀ ਤਰ੍ਹਾਂ ਕੰਮ ਕਰਦੀ ਹੈ।

(ਰਾਵਿੰਦਰ ਨਾਥ ਟੈਗੋਰ)

➢ ਸਾਨੂੰ ਮੂਰਖਾਂ ਦੇ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ। ਉਹਨਾਂ ਤੋਂ ਬਗ਼ੈਰ ਸਾਡਾ ਸਫ਼ਲ ਹੋਣਾ ਮੁਸ਼ਕਲ ਹੈ।

(ਮਾਰਕ ਟਵੇਨ)

➢ ਜਿੰਨਾ ਤੁਸੀਂ ਆਪਣੇ ਵਿਚਾਰਾਂ ਦਾ ਮੰਥਨ ਕਰੋਗੇ ਤੁਹਾਡੇ ਵਿਚਾਰਾਂ ਵਿੱਚ ਉਤਨੀ ਹੀ ਤਾਜ਼ਗੀ ਆਵੇਗੀ।

(ਆਮ ਕਹਾਵਤ)

➢ ਮਨੁੱਖ ਤੇ ਪਸ਼ੂਆਂ ਦੀ ਤਰ੍ਹਾਂ ਪੇੜ-ਪੌਦਿਆਂ, ਅੱਗ ਅਤੇ ਹਵਾ ਵਿੱਚ ਵੀ ਆਤਮਾ ਵਾਸ ਕਰਦੀ ਹੈ। ਪੇੜ ਪੌਦੇ ਵੀ ਮਨੁੱਖ ਦੀ ਤਰ੍ਹਾਂ ਦੁੱਖ ਅਨੁਭਵ

ਕਰਦੇ ਹਨ।

(ਭਗਵਾਨ ਮਹਾਂਵੀਰ)

➢ ਨਿਮਰਤਾ ਤੋਂ ਬਗ਼ੈਰ ਮਹਾਨ ਹੋਣਾ ਸੰਭਵ ਨਹੀਂ ਹੈ।

(ਟੈਗੋਰ)

➢ ਜਿਹੜਾ ਵਿਅਕਤੀ ਆਪਣੇ ਚਮਤਕਾਰਾਂ ਦੀ ਪੜਤਾਲ ਕਰਨ ਦੀ ਆਗਿਆ ਨਹੀਂ ਦਿੰਦਾ ਉਹ ਧੋਖੇਬਾਜ਼ ਹੈ, ਜਿਹੜਾ ਪੜਤਾਲ ਕਰਨ ਦਾ ਹੌਸਲਾ ਨਹੀਂ ਰੱਖਦਾ ਉਹ ਲਾਈਲੱਗ ਹੈ, ਜਿਹੜਾ ਬਿਨਾਂ ਪੜਤਾਲ ਕੀਤਿਆਂ ਵਿਸ਼ਵਾਸ ਕਰਦਾ ਹੈ ਉਹ ਮੂਰਖ ਹੈ।

(ਕਾਵੂਰ)

➢ ਕ੍ਰੋਧ ਪ੍ਰੇਮ ਦਾ ਨਾਸ਼ ਕਰਦਾ ਹੈ, ਮਾਇਆ ਮਿੱਤਰਤਾ ਦਾ ਨਾਸ਼ ਕਰਦੀ ਹੈ, ਪਰ ਲਾਲਚ ਸਾਰੇ ਗੁਣਾਂ ਦਾ ਨਾਸ਼ ਕਰ ਦਿੰਦਾ ਹੈ।

(ਭਗਵਾਨ ਮਹਾਂਵੀਰ)

➢ ਤੁਹਾਡੇ ਵੱਲੋਂ ਕੀਤੀ ਹਰ ਨਵੀਂ ਸ਼ੁਰੂਆਤ ਨੂੰ ਤਿੰਨ ਪੜਾਵਾਂ ਵਿੱਚੋਂ ਲੰਘਣਾ ਪੈਂਦਾ ਹੈ। ਪਹਿਲਾਂ ਲੋਕ ਮਜ਼ਾਕ ਉਡਾਉਂਦੇ ਹਨ, ਫਿਰ ਵਿਰੋਧ ਕਰਦੇ ਹਨ ਅਤੇ ਫਿਰ ਮੰਨਣ ਲੱਗ ਪੈਂਦੇ ਹਨ।

(ਇਕ ਕਹਾਵਤ)

➢ ਜ਼ਿੰਦਗੀ ਵਿੱਚ ਸਫ਼ਲਤਾ ਇਸ ਗੱਲ ਵਿੱਚ ਨਹੀਂ ਮਾਪੀ ਜਾਂਦੀ ਕਿ ਤੁਸੀਂ ਆਪਣੇ ਲਈ ਕੀ ਕੀਤਾ ਸਗੋਂ ਇਸ ਵਿੱਚ ਮਾਪੀ ਜਾਂਦੀ ਹੈ ਕਿ ਤੁਸੀਂ ਦੂਜਿਆਂ ਲਈ ਕੀ ਕੀਤਾ।

(ਡੈਨੀ ਥਾਮਸ)

➢ ਨਿਆਂ ਸਿਰਫ਼ ਸਹੀ ਅਤੇ ਗ਼ਲਤ ਦੇ ਵਿਚਕਾਰ ਨਿਰਪੱਖ ਖੜ੍ਹੇ ਹੋਣਾ ਨਹੀਂ ਸਗੋਂ ਸਹੀ ਦੇ ਪੱਖ ਵਿੱਚ ਅਤੇ ਗ਼ਲਤ ਦੇ ਵਿਰੋਧ ਵਿੱਚ ਖੜ੍ਹੇ ਹੋਣਾ ਹੈ।

(ਥਿਓਡੋਰ ਰੂਜ਼ਵੈਲਟ)

➢ ਵਗਦੀ ਹਨੇਰੀ ਵਿੱਚ ਉਹੀ ਡਿਗਦੇ ਹਨ ਜੋ ਲੁਕ ਨਹੀਂ ਸਕਦੇ।

(ਇਕ ਕਹਾਵਤ)

➢ ਅਕਲਮੰਦ ਕੀੜੀ ਬੇਵਕੂਫ ਹਾਥੀ 'ਤੇ ਰਾਜ ਕਰਦੀ ਹੈ।

(ਅਫਲਾਤੂਨ)

➢ ਬੁੱਧੀਮਾਨ ਨੂੰ ਇਸ਼ਾਰਾ ਅਤੇ ਮੂਰਖ ਨੂੰ ਚਪੇੜ ਕਾਫ਼ੀ ਹੈ।

(ਹਿਸਰੂ ਕਹਾਵਤ)

➢ ਬੁੱਧੀਮਾਨ ਵਿਅਕਤੀ ਆਪਣੇ ਅਨੁਭਵ ਤੋਂ ਸਿੱਖਦਾ ਹੈ ਅਤੇ ਜ਼ਿਆਦਾ ਬੁੱਧੀਮਾਨ ਦੂਜਿਆਂ ਦੇ ਅਨੁਭਵ ਤੋਂ ਵੀ ਸਿੱਖਦਾ ਹੈ।

(ਚੀਨੀ ਕਹਾਵਤ)

➢ ਜੋ ਆਦਮੀ ਇਹ ਸਮਝਦਾ ਹੈ ਕਿ ਹਰ ਗੱਲ ਉਸਨੂੰ ਤੁਰੰਤ ਸਮਝ ਵਿੱਚ ਆ ਜਾਂਦੀ ਹੈ, ਉਹ ਕੁਝ ਵੀ ਸਿੱਖ ਨਹੀਂ ਸਕਦਾ।

(ਬਲਾਊਟ)

➢ ਕੀ ਚੰਗਾ ਹੈ, ਕੀ ਬੁਰਾ ਹੈ, ਇਹ ਤੁਹਾਡੇ ਉੱਪਰ ਨਹੀਂ ਸਮਾਜ ਉੱਪਰ ਨਿਰਭਰ ਹੈ।

(ਚੀਨੀ ਕਹਾਵਤ)

➢ ਜਿਸ ਕੋਲ ਅਕਲ ਹੈ ਉਸਦੇ ਕੋਲ ਸਭ ਕੁਝ ਹੈ।

(ਸ਼ਾਹ ਖੁਲੀਫ਼ਾ)

➢ ਨਵਾਂ ਸਿੱਖਣ ਦੀ ਭਾਵਨਾ ਜਿਸਨੇ ਛੱਡ ਦਿੱਤੀ ਹੈ ਉਹੀ ਬੁੱਢਾ ਹੈ।

(ਵਿਨੋਬਾ ਭਾਵੇ)

➢ ਜਿਸ ਗ਼ਲਤੀ ਨੂੰ ਛੁਪਾਉਣ ਦੀ ਕੋਸ਼ਿਸ਼ ਕੀਤੀ ਜਾਵੇ, ਉਹ ਗ਼ਲਤੀ ਇਕ ਦਿਨ ਅਪਰਾਧ ਬਣ ਜਾਂਦੀ ਹੈ।

(ਕਨਫਿਊਸ਼ਸ਼)

➢ ਪ੍ਰਸ਼ਨ ਕਰਨ ਵਾਲਾ ਕੁਝ ਸਮੇਂ ਲਈ ਮੂਰਖ ਅਖਵਾ ਸਕਦਾ ਹੈ, ਪਰ ਕਦੇ ਵੀ ਪ੍ਰਸ਼ਨ ਨਾ ਕਰਨ ਵਾਲਾ ਜੀਵਨ ਭਰ ਮੂਰਖ ਰਹਿੰਦਾ ਹੈ।

(ਕਨਫਿਊਸ਼ਸ਼)

➢ ਜਦ ਆਦਮੀ ਉੱਤਮ ਦਰਜੇ ਦੇ ਕੰਮ ਕਰਦਾ ਹੈ ਤਾਂ ਉਸਦੇ ਹੇਠਲੇ ਦਰਜੇ ਦੇ ਕੰਮ ਦੂਜੇ ਸੰਭਾਲਦੇ ਹਨ।

(ਸੁਆਮੀ ਰਾਮ ਤੀਰਥ)

➢ ਪਾਪ ਦੀ ਗ਼ੁਲਾਮੀ ਕਰਨ ਵਾਲੀ ਆਜ਼ਾਦੀ ਨੂੰ ਨਸ਼ਟ ਕਰ ਦੇਣਾ ਚਾਹੀਦਾ ਹੈ।

(ਸੁਆਮੀ ਰਾਮ ਤੀਰਥ)

➢ ਆਪਣੇ ਆਪ ਨੂੰ ਉਪਦੇਸ਼ ਦੇਣ ਵਾਲਾ ਵਿਅਕਤੀ ਹੀ ਤਰੱਕੀ ਕਰ ਸਕਦਾ ਹੈ।

(ਸੁਆਮੀ ਰਾਮ ਤੀਰਥ)

➢ ਜਨਨੀ ਅਤੇ ਜਨਮਭੂਮੀ ਸਵਰਗ ਤੋਂ ਵੀ ਉੱਪਰ ਹੈ।

(ਮਹਾਂਰਿਸ਼ੀ ਬਾਲਮੀਕੀ)

➢ ਹੋਸ਼ ਰੱਖਣ ਵਾਲਾ ਵਿਅਕਤੀ ਕਦੇ ਘੁਮੰਡ ਨਹੀਂ ਕਰਦਾ।

(ਸ਼ੇਖ ਸ਼ਾਅਦੀ)

➢ ਇਕ ਪਲ ਦਾ ਪਾਪ ਕਈ ਸਾਲਾਂ ਦਾ ਕਸ਼ਟ ਬਣ ਜਾਂਦਾ ਹੈ।

(ਕਾਲੀਦਾਸ)

➢ ਥੋੜ੍ਹਾ ਜਿਹਾ ਪਿਆਰ ਅਤੇ ਥੋੜ੍ਹਾ ਜਿਹਾ ਥੱਪੜ, ਇਹਨਾਂ ਦੋਹਾਂ ਚੀਜ਼ਾਂ ਦਾ ਮਿਸ਼ਰਨ ਹੀ ਬੱਚੇ ਨੂੰ ਚੰਗਾ ਇਨਸਾਨ ਬਣਾਉਂਦਾ ਹੈ।

(ਮੇਰੀ ਸਟੋਪਸ)

➢ ਚਿੱਕੜ ਵਿੱਚ ਪੱਥਰ ਮਾਰੋਗੇ ਤਾਂ ਛਿੱਟੇ ਤੁਹਾਡੇ ਮੂੰਹ ਉੱਤੇ ਹੀ ਪੈਣਗੇ।

(ਸੁਭਾਸ਼ਿਤ)

➢ ਉਪਦੇਸ਼ ਨਾਲੋਂ ਨਕਲ ਸਾਨੂੰ ਵੱਧ ਸਿਖਾਉਂਦੀ ਹੈ। (ਬਰਕ)

➢ ਜਿਸਦਾ ਆਪਣੇ ਆਪ 'ਤੇ ਕੰਟਰੋਲ ਨਹੀਂ ਉਹ ਕਿਸੇ ਦਾ ਵੀ ਗ਼ੁਲਾਮ ਹੋ ਸਕਦਾ ਹੈ।

(ਮਨੂ)

➢ ਦੁਸ਼ਮਣੀ ਦੋਸਤੀ ਵਿੱਚ ਲੁਕ ਕੇ ਆਉਂਦੀ ਹੈ।

(ਰਾਮ ਕੁਮਾਰ ਵਰਮਾ)

➢ ਮੇਰੇ ਕੋਲ ਇਕ ਦੀਪਕ ਹੈ ਜੋ ਮੈਨੂੰ ਰਾਹ ਵਿਖਾਂਦਾ ਹੈ ਅਤੇ ਉਹ ਹੈ ਮੇਰਾ ਅਨੁਭਵ।

(ਪੈਟ੍ਰਿਕ ਹੇਨਰੀ)

➢ ਸਾਨੂੰ ਕੀ ਕਰਨਾ ਚਾਹੀਦਾ ਹੈ ਇਹ ਸਾਨੂੰ ਬੁੱਧੀ ਦੱਸਦੀ ਹੈ ਪਰ ਕੰਮ ਨੂੰ ਕਿਸ ਤਰ੍ਹਾਂ ਕਰਨਾ ਚਾਹੀਦਾ ਹੈ ਇਹ ਸਾਨੂੰ ਅਨੁਭਵ ਦੱਸਦਾ ਹੈ। ਬੁੱਧੀ ਧਨ ਹੈ, ਪਰ ਅਨੁਭਵ ਨਕਦ ਰੁਪਿਆ।

(ਲੋਕਮਾਨਿਆ ਤਿਲਕ)

➢ ਆਪਣੀ ਪੀੜ ਨੂੰ ਪਸ਼ੂ ਪੰਛੀ ਵੀ ਮਹਿਸੂਸ ਕਰਦੇ ਹਨ ਪਰ ਮਨੁੱਖ ਉਹ ਹੈ ਜੋ ਦੂਜਿਆਂ ਦੀ ਪੀੜ ਨੂੰ ਵੀ ਮਹਿਸੂਸ ਕਰਦਾ ਹੈ।

(ਰਸੀ ਨੀਛ)

➢ ਲੂੰਬੜੀ ਆਪਣੀ ਚਾਲ ਬਦਲ ਲੈਂਦੀ ਹੈ, ਪਰ ਉਹ ਆਪਣੀਆਂ ਆਦਤਾਂ ਨਹੀਂ ਬਦਲਦੀ।

(ਸੇਟੋਨਿਅਸ)

➢ ਜਿਸ ਘਰ ਸ਼ਾਂਤੀ ਹੈ, ਉਸ ਘਰ ਭਗਵਾਨ ਵੱਸਦਾ ਹੈ।

(ਸ਼੍ਰੀ ਬ੍ਰਾਚੈਤਨਿਆ)

➢ ਕੁਦਰਤ ਹਮੇਸ਼ਾ ਮਨੁੱਖ ਦੀ ਬਿਹਤਰੀ ਲਈ ਹੀ ਨਹੀਂ ਹੁੰਦੀ।

(ਲਾਲ ਬਹਾਦਰ ਸ਼ਾਸਤਰੀ)

➢ ਬਿਨਾਂ ਮਿਹਨਤ ਦੇ ਪੈਸਾ, ਚੇਤਨਾ ਸੱਖਣਾ ਗਿਆਨ, ਕਿਰਦਾਰ ਵਿਹੂਣਾ ਗਿਆਨ, ਨੈਤਿਕਤਾ ਰਹਿਤ ਵਪਾਰ, ਮਾਨਵਤਾ ਤੋਂ ਨਿਖੜਿਆ ਵਿਗਿਆਨ

ਅਤੇ ਸਿਧਾਂਤ ਸੱਖਣੀ ਸਿਆਸਤ ਹਿੰਸਾ ਦੀਆਂ ਜੜ੍ਹਾਂ ਹਨ।

(ਮਹਾਤਮਾ ਗਾਂਧੀ)

➢ ਆਸ਼ਾ ਉਤਸ਼ਾਹ ਦੀ ਜਨਨੀ ਹੈ। ਆਸ਼ਾ ਵਿੱਚ ਤੇਜ਼ ਹੈ, ਬਲ ਹੈ, ਜੀਵਨ ਹੈ। ਆਸ਼ਾ ਨਾਲ ਹੀ ਸੰਸਾਰ ਚਲਦਾ ਹੈ।

(ਮੁਨਸ਼ੀ ਪ੍ਰੇਮ ਚੰਦ)

➢ ਉਹ ਕਦੇ ਅਸਫ਼ਲ ਨਹੀਂ ਹੁੰਦੇ, ਜਿਨ੍ਹਾਂ ਦੀ ਮੌਤ ਮਹਾਨ ਉਦੇਸ਼ ਲਈ ਹੁੰਦੀ ਹੈ।

(ਬਾਇਰਨ)

➢ ਜੋ ਵਿਅਕਤੀ ਛੋਟੇ-ਛੋਟੇ ਕੰਮ ਈਮਾਨਦਾਰੀ ਨਾਲ ਕਰਦਾ ਹੈ, ਉਹ ਵੱਡੇ ਕੰਮ ਵੀ ਈਮਾਨਦਾਰੀ ਨਾਲ ਕਰ ਸਕਦਾ ਹੈ।

(ਸੈਮੂਅਲ)

➢ ਸਿਰ ਦੇ ਵਾਲ ਕੱਟਣ ਨਾਲ ਮੁਰਦਾ ਹਲਕਾ ਨਹੀਂ ਹੁੰਦਾ।

(ਜੇ. ਐੱਚ. ਲਾਰੰਸ)

➢ ਕੰਜੂਸ ਕੋਲ ਜੋ ਕੁਝ ਹੁੰਦਾ ਹੈ, ਉਹ ਉਸ ਲਈ ਓਨਾ ਹੀ ਤਰਸਦਾ ਹੈ, ਜੋ ਕੁਝ ਉਸ ਕੋਲ ਨਹੀਂ ਹੁੰਦਾ।

(ਸਾਈਰਲ)

➢ ਜਿੱਥੇ ਕਲੇਸ਼ ਹੈ, ਉੱਥੇ ਲੱਛਮੀ ਨਹੀਂ।

(ਚਾਣਕਿਆ)

➢ ਕਲਪਨਾ ਗਿਆਨ ਨਾਲੋਂ ਵੱਧ ਮਹੱਤਵਪੂਰਨ ਹੈ।

(ਆਈਨਸ ਧੰਨ)

➢ ਪ੍ਰਮਾਤਮਾ ਜਿਸਨੂੰ ਪਿਆਰ ਕਰਦਾ ਹੈ, ਉਸਨੂੰ ਉਹ ਪਹਿਲਾਂ ਕਸ਼ਟਾਂ ਨਾਲ ਰਗੜ ਕੇ ਸਾਫ਼ ਕਰਦਾ ਹੈ।

(ਇਜੀਲ)

➢ ਕਾਨੂੰਨ ਗ਼ਰੀਬਾਂ ਉੱਤੇ ਸ਼ਾਸਨ ਕਰਦਾ ਹੈ ਅਤੇ ਅਮੀਰ ਕਾਨੂੰਨ ਉੱਤੇ।

(ਗੋਲਡ ਸਮਿੱਥ)

➢ ਕਾਲਾ ਮਨ ਕਾਲੇ ਨਾਗ ਤੋਂ ਵੀ ਵੱਧ ਖ਼ਤਰਨਾਕ ਹੁੰਦਾ ਹੈ।

(ਭਰਤਹਰੀ)

➢ ਚੋਰ ਸਿਪਾਹੀ ਨਾਲੋਂ ਜ਼ਿਆਦਾ ਚੌਕਸ ਹੁੰਦਾ ਹੈ।

(ਵਿਦਰ)

➢ ਕਲਾ ਈਰਖ਼ਾ ਕਰਨ ਵਾਲੀ ਮਾਸ਼ੂਕ ਹੈ।

(ਰੈਲਫ਼ ਵਾਲਟੋ)

➢ ਸਾਡੇ ਮਿੱਠੇ ਗੀਤ ਉਹ ਹਨ ਜਿਹੜੇ ਸਾਨੂੰ ਉਦਾਸ ਖਿਆਲਾਂ ਦਾ ਅਹਿਸਾਸ

ਕਰਾਉਂਦੇ ਹਨ।

(ਪੀ.ਬੀ. ਸ਼ੈਲੇ)

➢ ਕਵੀ ਲਈ ਕੁਝ ਵੀ ਫਾਲਤੂ ਨਹੀਂ ਹੁੰਦਾ।

(ਜੌਨਸਨ ਗੋਮਲਜ਼)

➢ ਸੰਗੀਤ ਮਾਨਵਤਾ ਦੀ ਸਾਂਝੀ ਭਾਸ਼ਾ ਹੈ।

(ਰੈਨਰੀ ਵੀਡਵਰਥ)

➢ ਕਵਿਤਾ ਖ਼ੁਸ਼ ਅਤੇ ਵਧੀਆ ਮਨ ਦੇ ਵਧੀਆ ਅਤੇ ਖ਼ੁਸ਼ਨੁਮਾ ਪਲਾਂ ਦਾ ਸੰਕਲਨ ਹੈ।

(ਪੀ.ਬੀ. ਸ਼ੈਲੇ)

➢ ਕਵਿਤਾ ਜ਼ਬਰਦਸਤ ਭਾਵਨਾਵਾਂ ਦਾ ਕੁਦਰਤੀ ਪ੍ਰਗਟਾਵਾ ਹੈ।

(ਵਿਲੀਅਮ ਵਰਤਜਾਵਰਥ)

➢ ਢੁਕਵੇਂ ਸ਼ਬਦਾਂ ਦਾ ਢੁਕਵੇਂ ਥਾਂ 'ਤੇ ਹੋਣਾ ਸ਼ੈਲੀ ਦੀ ਸਹੀ ਪਰਿਭਾਸ਼ਾ ਹੈ।

(ਜੋਨਾਥਨ ਬਵਾਰਿਟ)

➢ ਸ਼ੈਲੀ ਵਿਚਾਰਾਂ ਦਾ ਪਹਿਰਾਵਾ ਹੈ।

(ਸਾਮਵਿਲ ਵੈਸ਼ਲੇ)

➢ ਸੁੰਦਰ ਚੀਜ਼ ਹਮੇਸ਼ਾਂ ਖ਼ੁਸ਼ੀ ਦਿੰਦੀ ਹੈ।

(ਕੀਟਸ)

➢ ਸ਼ੁਰੂਆਤ ਕਿਸੇ ਵੀ ਕੰਮ ਦਾ ਸਭ ਤੋਂ ਮਹੱਤਵਪੂਰਨ ਭਾਗ ਹੈ।

(ਪਲੈਟੋ)

➢ ਜ਼ਿੰਦਾ ਰਹਿਣ ਲਈ ਪੜ੍ਹੋ।

(ਗੁਸਟੇਵ)

➢ ਇਕ ਚੰਗੀ ਕਿਤਾਬ ਸਭ ਤੋਂ ਵਧੀਆ ਦੋਸਤ ਹੈ, ਜਿਹੜਾ ਕਦੇ ਵੀ ਨਹੀਂ ਬਦਲਦਾ।

(ਮਾਰਲਿਨ)

➢ ਗਾਹਕ ਹਮੇਸ਼ਾ ਸਹੀ ਹੁੰਦਾ ਹੈ।

➢ ਬਦਲਾਅ ਕੁਦਰਤ ਦਾ ਸਭ ਤੋਂ ਵੱਡਾ ਨਿਯਮ ਹੈ।

(ਬਰਨਸ)

➢ ਮੁਸਕੁਰਾਹਟ ਬਿਨਾਂ ਕਿਸੇ ਸਵਾਲ ਪੁੱਛਿਆਂ ਹਾਂ ਵਿੱਚ ਜੁਆਬ ਲੈਣ ਦਾ ਢੰਗ ਹੈ।

(ਅਲੈਰਿਟ ਕੋਮਜ਼)

➢ ਬਦਲਾਅ ਤੋਂ ਬਿਨਾਂ ਕੁਝ ਵੀ ਸੱਚਾਈ ਨਹੀਂ ਹੈ।

(ਕਲਿਟਸ)

➢ ਸਭਿਅਤਾ ਨਿਜਤਵ ਵਾਲੇ ਸਮਾਜ ਵੱਲ ਪੁੱਟੀ ਗਈ ਪੁਲਾਂਘ ਹੈ।

(ਅਈਨ ਰੈਡ)

➢ ਹਿੰਮਤ ਦਾ ਸਬੂਤ ਮਰਨਾ ਨਹੀਂ ਬਲਕਿ ਜਿਊਣਾ ਹੈ।

(ਐਚ. ਐਲ. ਮੀਨਕਿਨ)

➢ ਪਿਆਰ ਡੰਗਰਾਂ ਨੂੰ ਵੀ ਨਚਾ ਦਿੰਦਾ ਹੈ।

(ਅਨੌਨੀਮੱਜ)

➢ ਪਿਆਰ ਕਰਨ ਵਾਲੇ ਦਾ ਸਿਆਣਾ ਹੋਣਾ ਅਸੰਭਵ ਹੈ।

(ਬਾਕੌਨ)

➢ ਜੁਦਾਈ ਪਿਆਰ ਨੂੰ ਗਹਿਰਾ ਕਰਦੀ ਹੈ।

(ਟੀ. ਐਚ. ਬੈਲੀ)

➢ ਜ਼ਿੰਦਗੀ ਜਿਊਣ ਦਾ ਢੰਗ ਪਿਆਰ ਨਾਲ ਹੀ ਸਿੱਖਿਆ ਜਾ ਸਕਦਾ ਹੈ।

(ਜੌਨ ਗੇ)

➢ ਅਸੀਂ ਆਪਣੇ ਪਿਆਰਿਆਂ ਤੋਂ ਬੜੀ ਅਸਾਨੀ ਨਾਲ ਧੋਖਾ ਖਾ ਜਾਂਦੇ ਹਾਂ।

➢ ਪਿਆਰ ਇਕ ਜੰਗ ਹੈ।

➢ ਜਿਹੜੇ ਪਿਆਰ ਦਾ ਇਜ਼ਹਾਰ ਨਹੀਂ ਕਰਦੇ ਉਹ ਪਿਆਰ ਨਹੀਂ ਕਰਦੇ।

(ਸ਼ੈਕਸ਼ਪੀਅਰ)

➢ ਜੇਕਰ ਤੁਸੀਂ ਪਿਆਰ ਦੀ ਗੱਲ ਕਰਦੇ ਹੋ ਤਾਂ ਹੌਲੀ ਕਰੋ।

(ਸ਼ੈਕਸ਼ਪੀਅਰ)

➢ ਅਸਲ ਵਿੱਚ ਰੱਬ ਤੋਂ ਅਗਲਾ ਸਥਾਨ ਸਫ਼ਾਈ ਦਾ ਹੈ।

➢ ਮੌਤ ਆਪਣੇ ਸਿਰ ਰੱਬ ਦਾ ਕਰਜ਼ਾ ਹੈ ਜਿਹੜਾ ਸਾਨੂੰ ਮਰ ਕੇ ਚੁਕਾਉਣਾ ਪੈਂਦਾ ਹੈ।

(ਸ਼ੈਕਸ਼ਪੀਅਰ)

➢ ਸਿਆਣੇ ਹੋਣ ਨਾਲੋਂ ਖ਼ੁਸ਼ਕਿਸਮਤ ਹੋਣਾ ਚੰਗਾ ਹੈ।

(ਜੌਨ ਵਿਬਸਟੀਰ)

➢ ਹਨੇਰੇ ਨੂੰ ਦੋਸ਼ ਦੇਣ ਨਾਲੋਂ ਇਕ ਮੋਮਬੱਤੀ ਜਗਾਉਣਾ ਜ਼ਿਆਦਾ ਬੇਹਤਰ ਹੈ।

➢ ਕਥਨੀ ਤੇ ਕਰਨੀ ਵਿੱਚ ਬਹੁਤ ਫ਼ਰਕ ਹੁੰਦਾ ਹੈ।

➢ ਜੋ ਰਾਸ਼ਟਰ ਆਪਣੀ ਮਿੱਟੀ ਨੂੰ ਬਰਬਾਦ ਕਰਦਾ ਹੈ ਉਹ ਆਪਣੇ ਆਪ ਨੂੰ ਬਰਬਾਦ ਕਰਦਾ ਹੈ।

(ਫਰੈਂਕਲਿਨ ਰੂਜ਼ਵੈਲਟ)

➢ ਜੋ ਸਹੀ ਹੈ ਉਸਨੂੰ ਕਰਨ ਲਈ ਆਪਣੇ ਸਿਧਾਂਤਾਂ ਦੀ ਪਰਵਾਹ ਨਾ ਕਰੋ।

➢ ਰੱਬ ਆਪਣੇ ਤਰੀਕੇ ਨਹੀਂ ਬਦਲਦਾ।

➢ ਜੋ ਮਨੁੱਖ ਕੇਵਲ ਉਮੀਦ ਦੇ ਸਹਾਰੇ ਜਿਉਂਦਾ ਹੈ ਉਹ ਭੁੱਖਾ ਮਰਦਾ ਹੈ।

(ਚਾਣਕਿਆ)

➢ ਜੋ ਮਨੁੱਖ ਤੁਹਾਨੂੰ ਇਕ ਵਾਰ ਧੋਖਾ ਦਿੰਦਾ ਹੈ ਇਹ ਉਸਦੀ ਗ਼ਲਤੀ ਹੈ ਅਤੇ ਜੋ ਮਨੁੱਖ ਤੁਹਾਨੂੰ ਦੂਜੀ ਵਾਰ ਧੋਖਾ ਦਿੰਦਾ ਹੈ ਇਹ ਤੁਹਾਡੀ ਗ਼ਲਤੀ ਹੈ।

(ਚਾਣਕਿਆ)

➢ ਵਡੱਪਣ ਹੋਛਾਪਣ ਦੂਜਿਆਂ ਦੀਆਂ ਕਮੀਆਂ ਬਿਆਨ ਕਰਦਾ ਹੈ।

➢ ਪਿਆਰ ਦੇ ਵਿੱਚ ਚਲਾਕੀ ਕਰਨਾ ਬੁਰੀ ਗੱਲ ਹੈ।

(ਰੂਸੋ)

➢ ਬਹਿਸ ਕਰਦੇ ਸਮੇਂ ਜੇਕਰ ਤੁਸੀਂ ਆਪਣੇ ਗੁੱਸੇ ਨੂੰ ਕਾਬੂ ਕਰ ਸਕਦੇ ਹੋ ਤਾਂ ਤੁਹਾਡੀ ਬਹਿਸ ਵੀ ਸੁੰਦਰ ਹੋ ਸਕਦੀ ਹੈ।

(ਐਡੀਸਨ)

➢ ਭੁੱਖ ਪਾਪ ਨੂੰ ਜਨਮ ਦਿੰਦੀ ਹੈ।

(ਬ੍ਰਾਹਾਨ)

➢ ਸਫ਼ਲਤਾ ਦੀ ਉਸਾਰੀ ਪਹਿਲਾਂ ਮਨ ਵਿੱਚ ਹੁੰਦੀ ਹੈ, ਬਾਅਦ ਵਿੱਚ ਉਹ ਜੀਵਨ ਵਿੱਚ ਆਉਂਦੀ ਹੈ।

(ਸਵੇਟ ਮਾਰਡਨ)

➢ ਸਾਡਾ ਵਤੀਰਾ ਹੀ ਉਹ ਤਾਕਤ ਹੈ, ਜਿਸ ਤੋਂ ਇਹ ਨਿਰਣਾ ਹੋਣਾ ਹੈ ਕਿ ਅਸੀਂ ਸਫ਼ਲ ਹੋਵਾਂਗੇ ਜਾਂ ਨਹੀਂ।

(ਜੌਹਨ ਸੀ. ਮੈਕਸਵੈੱਲ)

➢ ਚਿੰਤਾ ਸ਼ਹਿਦ ਦੀ ਮੱਖੀ ਵਾਂਗ ਹੈ। ਇਸਨੂੰ ਜਿੰਨਾ ਹਟਾਓ, ਉਤਨਾ ਹੀ ਇਹ ਜ਼ਿਆਦਾ ਚਿਪਕਦੀ ਹੈ।

(ਸੁਰਸ਼ਰਨ)

➢ ਦਿਲ ਦੀ ਅੱਗ ਦਾ ਧੂੰਆਂ ਦਿਮਾਗ਼ ਨੂੰ ਚੜ੍ਹਦਾ ਹੈ।

(ਜਰਮਨ ਕਹਾਵਤ)

➢ ਜੇਕਰ ਤੁਹਾਡੇ ਕੋਲ ਦੋ ਪੈਸੇ ਹੋਣ ਤਾਂ ਇਕ ਪੈਸੇ ਨਾਲ ਰੋਟੀ ਖਰੀਦੋ ਅਤੇ ਦੂਜੇ ਨਾਲ ਫੁੱਲ। ਰੋਟੀ ਤੁਹਾਨੂੰ ਜ਼ਿੰਦਗੀ ਦੇਵੇਗੀ ਅਤੇ ਫੁੱਲ ਤੁਹਾਨੂੰ ਜ਼ਿੰਦਗੀ ਜਿਊਣ ਦੀ ਕਲਾ ਸਿਖਾਵੇਗਾ।

(ਚੀਨੀ ਕਹਾਵਤ)

➢ ਸਫ਼ਲਤਾ ਉਸੇ ਨੂੰ ਮਿਲਦੀ ਹੈ ਜੋ ਇਸਦੀ ਤਲਾਸ਼ ਕਰਦੇ ਹਨ। ਕਲਪਨਾ ਕਰਨ ਵਾਲੇ ਨੂੰ ਇਹ ਨਹੀਂ ਮਿਲਦੀ।

(ਸਵੇਟ ਮਾਰਡਨ)

➢ ਸਮੁੰਦਰ ਦੀਆਂ ਲਹਿਰਾਂ ਮਜ਼ਬੂਤ ਕਿਸ਼ਤੀਆਂ ਦਾ ਸਾਥ ਦਿੰਦੀਆਂ ਹਨ।

(ਗਿਬਨ)

➢ ਹਾਰਨ ਵਾਲਾ ਸਭ ਤੋਂ ਵੱਧ ਸਿੱਖਦਾ ਹੈ।

(ਏਪਿਕੂਰਸ)

➢ ਕੋਈ ਵੀ ਵਿਅਕਤੀ ਸਾਦਾ ਅਤੇ ਅਤਿ ਸਾਧਾਰਨ ਜਿਹਾ ਜੀਵਨ ਜੀਅ ਕੇ ਹਰ ਚੀਜ਼ ਪ੍ਰਾਪਤ ਕਰ ਸਕਦਾ ਹੈ।

ਰਿਗਵੇਦ)

➢ ਚੋਣਾਂ ਦਾ ਫ਼ੈਸਲਾ ਆਮ ਤੌਰ ਉੱਤੇ ਕਿਸੇ ਦੇ ਪੱਖ ਵਿੱਚ ਨਹੀਂ ਸਗੋਂ ਕਿਸੇ ਦੇ ਖਿਲਾਫ ਹੁੰਦਾ ਹੈ।

(ਫਰੈਂਕਲਿਨ ਪੀ. ਐਡਮਜ਼)

➢ ਜਿੱਥੇ ਹਕੀਮ ਨਹੀਂ ਉਹ ਥਾਂ ਰਹਿਣ ਲਾਇਕ ਨਹੀਂ।

(ਯਹੂਦੀ ਅਖਾਣ)

➢ ਇਕ ਪੁਸਤਕ ਇਕ ਗਿਆਨਵਾਨ ਮਨੁੱਖ ਦੇ ਬਰਾਬਰ ਹੈ, ਕਿਸੇ ਸਮਾਜ ਵਿੱਚ ਜਿੰਨੀਆਂ ਵਧੇਰੇ ਪੁਸਤਕਾਂ ਹੋਣਗੀਆਂ, ਉਥੇ ਓਨੇ ਹੀ ਗਿਆਨਵਾਨ ਤੇ ਮਹਾਨ ਵਿਦਵਾਨ ਪੁਰਸ਼ ਹੋਣਗੇ।

(ਇਕ ਕਥਨ)

➢ ਆਰਥਿਕ ਸੁਰੱਖਿਆ ਅਤੇ ਆਤਮ-ਨਿਰਭਰਤਾ ਤੋਂ ਬਿਨਾਂ ਵਿਅਕਤੀ ਦੀ ਆਜ਼ਾਦੀ ਟਿਕ ਨਹੀਂ ਸਕਦੀ।

(ਫਰੈਂਕਲਿਨ ਰੂਜਵੈਲਟ)

➢ ਜਿਹੜੇ ਮਾੜੇ ਕੰਮ ਕਰਦੇ ਹਨ, ਉਨ੍ਹਾਂ ਦਾ ਫ਼ਲ ਭਾਵੇਂ ਤੁਰੰਤ ਨਾ ਮਿਲੇ, ਪਰ ਹੌਲ਼ੀ-ਹੌਲ਼ੀ ਉਹ ਉਹਨਾਂ ਦੀਆਂ ਜੜ੍ਹਾਂ ਜ਼ਰੂਰ ਕੱਟ ਦਿੰਦੇ ਹਨ।

(ਵੇਦ ਵਿਆਸ)

➢ ਕਿਸੇ ਦੇਸ਼ ਦੀ ਮਹਾਨਤਾ ਦਾ ਪੈਮਾਨਾ ਇਹ ਹੈ ਕਿ ਮੁਸੀਬਤ ਦੇ ਦੌਰ ਵਿੱਚ

ਉਹ ਕਿੰਨੀ ਭਾਵਨਾਤਮਕ ਏਕਤਾ ਬਣਾਈ ਰੱਖਦਾ ਹੈ।

(ਥਰਸੁੱਟ ਮਾਰਸ਼ਲ)

➢ ਰਾਜਨੀਤੀ ਦੀ ਭਾਸ਼ਾ ਇਸ ਤਰ੍ਹਾਂ ਤਿਆਰ ਕੀਤੀ ਜਾਂਦੀ ਹੈ ਕਿ ਝੂਠ ਵੀ ਸੱਚ ਲੱਗਣ ਲੱਗੇ।

(ਜਾਰਜ ਲਆਰਵੇਲ)

➢ ਆਪਣੀ ਗ਼ਲਤੀ ਬਾਰੇ ਪਤਾ ਹੋਣ ਦੇ ਬਾਵਜੂਦ ਦੂਜੇ ਨੂੰ ਦੋਸ਼ੀ ਕਹਿਣ ਵਾਲੇ ਲੋਕ ਸਿਰਫ ਦੂਜਿਆਂ ਦੀਆਂ ਨਜ਼ਰਾਂ ਵਿੱਚ ਹੀ ਨਹੀਂ ਆਪਣੀ ਨਜ਼ਰ ਵਿੱਚ ਡਿੱਗ ਪੈਂਦੇ ਹਨ।

(ਬੇਕਨ)

➢ ਇਹ ਨਾ ਪੁੱਛੋ ਕਿ ਦੇਸ਼ ਨੇ ਤੁਹਾਡੇ ਲਈ ਕੀ ਕੀਤਾ ਹੈ ?ਸਵੈ ਨੂੰ ਪੁੱਛੋ ਕਿ ਤੁਸੀਂ ਦੇਸ਼ ਅਤੇ ਕੌਮ ਲਈ ਕੀ ਕੀਤਾ ਹੈ ?

(ਜੌਹਨ ਆਫ਼ ਕੈਨੇਡੀ)

➢ ਗਿਆਨ ਤਿੰਨ ਤਰ੍ਹਾਂ ਨਾਲ ਮਿਲ ਸਕਦਾ ਹੈ - ਚਿੰਤਨ ਤੋਂ, ਜਿਹੜਾ ਸਭ ਤੋਂ ਮਹਾਨ ਹੁੰਦਾ ਹੈ, ਨਕਲ ਤੋਂ ਜਿਹੜੀ ਸਭ ਤੋਂ ਸੌਖੀ ਹੁੰਦੀ ਹੈ।

(ਅਗਿਆਤ)

➢ ਅਸੀਂ ਆਪਣੇ ਆਪ ਨੂੰ ਇਸ ਅਧਾਰ ਉੱਪਰਤੋਲਦੇ ਹਾਂ ਕਿ ਕੀ ਕਰਨ ਦੇ ਯੋਗ ਹਾਂ। ਦੂਜੇ ਸਾਨੂੰ ਇਸ ਅਧਾਰ ਉੱਪਰ ਤੋਲਦੇ ਹਨ ਕਿ ਅਸੀਂ ਕੀ-ਕੀ ਕੀਤਾ ਹੈ।

(ਲਾਗਫੈਲ)

➢ ਜ਼ਿੰਦਗੀ ਇਕ ਲੜਾਈ ਹੈ—ਲੜੋ
ਜ਼ਿੰਦਗੀ ਇਕ ਸਮੱਸਿਆ ਹੈ —ਹੱਲ ਕਰੋ
ਜ਼ਿੰਦਗੀ ਇਕ ਫ਼ਰਜ਼ ਹੈ — ਪੂਰਾ ਕਰੋ
ਜ਼ਿੰਦਗੀ ਖੇਡ ਹੈ —ਖੇਡੋ
ਜ਼ਿੰਦਗੀ ਇਕ ਗੀਤ ਹੈ —ਗਾਓ
ਜ਼ਿੰਦਗੀ ਇਕ ਸੁਪਨਾ ਹੈ —ਹੰਢਾਓ
ਜ਼ਿੰਦਗੀ ਸੁੰਦਰ ਹੈ —ਉਸਤਤ ਕਰੋ
ਜ਼ਿੰਦਗੀ ਦੁਖਾਂਤ ਹੈ —ਝੱਲੋ
ਜ਼ਿੰਦਗੀ ਸੁਖਾਂਤ ਹੈ —ਮਾਣੋ
ਜ਼ਿੰਦਗੀ ਔਖੀ ਹੈ —ਮੁਕਾਬਲਾ ਕਰੋ

ਜ਼ਿੰਦਗੀ ਇਕ ਮੌਕਾ ਹੈ –ਸੰਭਾਲੋ

ਜ਼ਿੰਦਗੀ ਜ਼ਿੰਦਾ-ਦਿਲੀ ਦਾ ਨਾਮ ਹੈ ਮੁਰਦੇ ਕਿਆ ਖਾਕ ਜੀਆ ਕਰਤੇ ਹੈਂ।

(ਇਕ ਕਵੀ ਦਾ ਕਥਨ)

ਸ਼੍ਰੀਮਦ ਭਗਵਤ ਗੀਤਾ

- ਜਿਸ ਵਿੱਚ ਸ਼ਰਧਾ ਰੱਖੀ ਜਾਂਦੀ ਹੈ, ਅੰਤ ਵਿੱਚ ਸ਼ਰਧਾ ਵਾਲਾ ਉਸੇ ਦਾ ਹੀ ਰੂਪ ਹੋ ਜਾਂਦਾ ਹੈ।
- ਅਸਲ ਗਿਆਨੀ ਉਹ ਹੈ ਜੋ ਅਗਿਆਨੀਆਂ ਤੋਂ ਵੀ ਉਹ ਕੰਮ ਕਰਵਾ ਲੈਂਦਾ ਹੈ ਜੋ ਉਹ ਆਪ ਕਰਨਾ ਚਾਹੁੰਦਾ ਹੈ।
- ਤੁਹਾਡਾ ਕੀ ਗਿਆ ਜੋ ਤੁਸੀਂ ਰੋਂਦੇ ਹੋ ?ਤੁਸੀਂ ਕੀ ਲਿਆਏ ਸੀ ਜੋ ਤੁਸੀਂ ਗੁਆ ਦਿੱਤਾ ?ਤੁਸੀਂ ਕੀ ਪੈਦਾ ਕੀਤਾ ਸੀ ਜੋ ਨਾਸ਼ ਹੋ ਗਿਆ ?ਨਾ ਤੁਸੀਂ ਕੁਝ ਲੈ ਕੇ ਆਏ, ਜੋ ਲਿਆ ਇਥੋਂ ਹੀ ਲਿਆ ਜੋ ਦਿੱਤਾ ਇੱਥੇ ਹੀ ਦਿੱਤਾ, ਜੋ ਲਿਆ ਉਸੇ ਤੋਂ ਲਿਆ। ਜੋ ਅੱਜ ਤੁਹਾਡਾ ਹੈ ਕੱਲ੍ਹ ਕਿਸੇ ਹੋਰ ਦਾ ਸੀ, ਪਰਸੋਂ ਕਿਸੇ ਹੋਰ ਦਾ ਹੋਵੇਗਾ। ਤੁਸੀਂ ਇਸਨੂੰ ਆਪਣਾ ਸੋਚ ਕੇ ਮਗਨ ਹੋ ਰਹੇ ਹੋ। ਬੱਸ ਇਹੀ ਖ਼ੁਸ਼ੀ ਤੁਹਾਡੇ ਦੁੱਖਾਂ ਦਾ ਕਾਰਨ ਹੈ।
- ਪਰਿਵਰਤਨ ਸੰਸਾਰ ਦਾ ਨਿਯਮ ਹੈ।
- ਆਪਣੇ ਆਪ ਨੂੰ ਵੱਡਾ ਸਮਝਣ ਵਾਲੇ ਪਖੰਡੀ ਲੋਕ ਇਕ ਦਿਨ ਇਸ ਦੁਨੀਆ ਵਿੱਚ ਬਦਨਾਮੀ ਖੱਟਦੇ ਹਨ।
- ਸਰਦੀ-ਗਰਮੀ, ਦੁਖ-ਸੁੱਖ, ਮਾਨ-ਅਪਮਾਨ ਵਿੱਚ ਸ਼ਾਂਤ ਰਹਿਣ ਵਾਲਾ ਮਨੁੱਖ ਹੀ ਆਪਣੇ ਆਪ 'ਤੇ ਜਿੱਤ ਪ੍ਰਾਪਤ ਕਰਦਾ ਹੈ।
- ਭਾਵਨਾ ਤੋਂ ਬਗ਼ੈਰ ਸ਼ਾਂਤੀ ਅਤੇ ਸ਼ਾਂਤੀ ਤੋਂ ਬਗ਼ੈਰ ਸੁਖ ਸੰਭਵ ਨਹੀਂ।
- ਹੰਕਾਰ ਮੁਕਤ ਹੋ ਜਾਓ ਕਿਸੇ ਨੂੰ ਵੀ ਕਿਸੇ ਕਿਸਮ ਦੀ ਤਕਲੀਫ, ਦੁਖ ਜਾਂ ਕਸ਼ਟ ਨਾ ਦਿਓ, ਈਮਾਨਦਾਰੀ 'ਤੇ ਕਾਇਮ ਰਹੋ ਅਤੇ ਸਹਿਣਸ਼ੀਲਤਾ ਅਪਣਾਓ।
- ਤਿਆਗ, ਖ਼ਿਮਾ, ਧੀਰਜ, ਅਭਿਮਾਨ ਨਾ ਰੱਖਣਾ, ਮਨ ਨੂੰ ਕਾਬੂ ਵਿੱਚ ਰੱਖਣਾ, ਕਰਮ ਕਰਕੇ ਫ਼ਲ ਦੀ ਆਸ ਨਾ ਰੱਖਣਾ, ਦੂਜਿਆਂ ਦੀ ਨਿੰਦਾ ਨਾ ਕਰਨਾ, ਸੱਚ ਬੋਲਣਾ, ਚੰਗੇ ਮਨੁੱਖ ਦੇ ਲੱਛਣ ਹਨ।
- ਅਭਿਮਾਨੀ, ਘਮੰਡੀ, ਕ੍ਰੋਧੀ ਅਤੇ ਅਗਿਆਨੀ ਮਨੁੱਖ ਹੀ ਕਠੋਰ ਬਾਣੀ ਬੋਲਦੇ ਹਨ।
- ਉਸੇ ਦੀ ਬੁੱਧੀ ਸਥਿਰ ਰਹਿ ਸਕਦੀ ਹੈ, ਜਿਸਦੀਆਂ ਇੰਦਰੀਆਂ ਉਸਦੇ ਵੱਸ ਵਿੱਚ ਹੁੰਦੀਆਂ ਹਨ।

- ਈਸ਼ਵਰ ਦਾ ਰਹੱਸ ਉਹੀ ਸਮਝ ਸਕਦਾ ਹੈ, ਜਿਸਦੀ ਕਿਸੇ ਨਾਲ ਈਰਖ਼ਾ ਨਾ ਹੋਵੇ।
- ਗੁਣੀ ਮਨੁੱਖ ਹਾਨੀ ਲਾਭ ਨੂੰ ਬਰਾਬਰ ਸਮਝਦਾ ਹੈ ਅਤੇ ਮਾਨ ਅਪਮਾਨ ਵਿੱਚ ਆਪਣੇ ਸੰਤੁਲਨ ਨੂੰ ਕਾਇਮ ਰੱਖਦਾ ਹੈ।
- ਅਧਿਆਪਕ ਦੀ ਆਗਿਆ ਦਾ ਹਮੇਸ਼ਾਂ ਪਾਲਣ ਕਰੋ।
- ਜਿਸ ਆਦਮੀ ਨੂੰ ਪੜ੍ਹਨ ਦਾ ਸ਼ੌਂਕ ਹੁੰਦਾ ਹੈ, ਉਹ ਮੂਰਖ ਨਹੀਂ ਰਹਿੰਦਾ, ਭਗਵਾਨ ਦਾ ਭਜਨ ਕਰਨ ਵਾਲਾ ਪਾਪੀ ਨਹੀਂ ਰਹਿੰਦਾ, ਚੁੱਪ ਰਹਿਣ ਵਾਲੇ ਦੀ ਕਿਸੇ ਨਾਲ ਲੜਾਈ ਨਹੀਂ ਹੁੰਦੀ।

ਬਾਈਬਲ

- ਲੋਕ ਭਲਾਈ ਦੇ ਕੰਮਾਂ ਦੇ ਇਵਜਲੇ ਦੀ ਭਾਲ ਨਾ ਕਰੋ, ਉਡੀਕ ਨਾ ਕਰੋ, ਚੰਗੇ ਕੰਮ ਕਰੋ ਤੇ ਭੁੱਲ ਜਾਓ, ਤੁਸੀਂ ਕੀ ਕੀ ਚੰਗਾ ਕੀਤਾ ਹੈ, ਉਸਨੂੰ ਵੀ ਭੁੱਲ ਜਾਓ।
- ਇਕ ਬੁੱਧੀਮਾਨ ਪੁੱਤਰ ਹੀ ਪ੍ਰਸੰਨ ਪਿਤਾ ਬਣਦਾ ਮਿਹਰ ਨਾਲ ਕੁਝ ਵੀ ਸੰਭਵ ਹੈ।
- ਜੇਕਰ ਜੀਵਨ ਰਸਤੇ ਵਿੱਚ ਅਸੀਂ ਫੁੱਲ ਨਹੀਂ ਬਿਖੇਰ ਸਕਦੇ ਤਾਂ ਘੱਟੋ ਘੱਟ ਆਪਣੇ ਜੀਵਨ ਵਿੱਚ ਮੁਕਰਾਹਟ ਤਾਂ ਬਿਖੇਰ ਹੀ ਸਕਦੇ ਹਾਂ।
- ਗਿਆਨ ਪ੍ਰਾਪਤ ਉਸ ਲਈ ਸਹਿਜ ਹੈ, ਜੋ ਬੁੱਧੀਮਾਨ ਹੈ।
- ਝੂਠੇ ਦੀ ਗੱਲ ਦਾ ਕੋਈ ਮਤਲਬ ਨਹੀਂ ਹੁੰਦਾ।
- ਦਇਆਵਾਨ ਉਹ ਹੈ ਜੋ ਪਸ਼ੂਆਂ ਪ੍ਰਤੀ ਵੀ ਦਇਆਵਾਨ ਹੋਵੇ।
- ਉਹ ਧਨ ਹਨ ਜੋ ਨਿਰਧਨਾ ਦਾ ਵੀ ਖਿਆਲ ਰੱਖਦੇ ਹਨ।
- ਧਨ ਹੋਵੇ ਤਾਂ ਅਨੇਕਾਂ ਮਿੱਤਰ ਬਣਦੇ ਹਨ, ਪਰਜੇ ਨਾ ਹੋਵੇ ਤਾਂ ਗੁਆਂਢੀ ਵੀ ਬੇਮੁੱਖ ਹੋ ਜਾਂਦੇ ਹਨ।
- ਆਪਣੇ ਔਗੁਣਾਂ ਨੂੰ ਆਪਣੇ ਤੋਂ ਪਹਿਲਾਂ ਮਰ ਜਾਣ ਦਿਓ।
- ਜੇਕਰ ਤੁਸੀਂ ਉਸ ਵਿਅਕਤੀ ਨਾਲ ਪਿਆਰ ਨਹੀਂ ਕਰ ਸਕਦੇ ਜਿਸ ਨੂੰ ਤੁਸੀਂ ਵੇਖ ਰਹੇ ਹੋ ਫਿਰ ਤੁਸੀਂ ਪ੍ਰਮਾਤਮਾ ਨਾਲ ਕਿਵੇਂ ਪਿਆਰ ਕਰ ਸਕਦੇ ਹੋ ਜਿਸਨੂੰ ਤੁਸੀਂ ਵੇਖ ਨਹੀਂ ਸਕਦੇ।
- ਫ਼ਾਲਤੂ ਵਿਚਾਰਾਂ ਦਾ ਤਿਆਗ ਕਰੋ, ਕਿਉਂਕਿ ਇਕ ਦਿਨ ਇਹੀ ਫਾਲਤੂ ਵਿਚਾਰ ਤੁਹਾਨੂੰ ਦੋਸ਼ੀ ਬਣਾ ਦੇਣਗੇ।
- ਆਪਣੇ ਦੋਸ਼ ਪਰਖੋਂ ਬਗੈਰ ਦੂਜੇ 'ਤੇ ਦੋਸ਼ ਥੋਪਣਾ ਵਿਅਰਥ ਹੈ।
- ਆਪਣੇ ਅਪਰਾਧ ਛਪਾਉਣ ਵਾਲਾ ਮਨੁੱਖ ਕਦੀ ਤਰੱਕੀ ਨਹੀਂ ਕਰਦਾ।

ਚੰਗਾ ਸਾਹਿਤ ਚੰਗੇ ਵਿਚਾਰ ਸਿਰਜਦਾ ਹੈ। ਇਹ ਵਿਚਾਰ ਮਨੁੱਖ ਦੀ ਸੋਚ ਸ਼ਕਤੀ ਦੇ ਘੇਰੇ ਨੂੰ ਵਿਸ਼ਾਲ ਕਰਦੇ ਹਨ। ਵਿਚਾਰ ਮਨੁੱਖ ਦੀ ਸੋਚ ਨੂੰ ਬਦਲਦੇ ਹਨ, ਜੀਵਨ ਵਿਚ ਉਸਨੂੰ ਇਕ ਨਵੀਂ ਵਿਚਾਰਧਾਰਾ ਦਿੰਦੇ ਹਨ ਅਤੇ ਜੀਵਨ ਦੀਆਂ ਕਈ ਉਲਝਣਾਂ ਨੂੰ ਸੁਲਝਾਉਣ ਦਾ ਕੰਮ ਕਰਦੇ ਹਨ। ਗਿਆਨ ਰੂਪੀ ਉੱਚੇ-ਸੁੱਚੇ ਵਿਚਾਰਾਂ ਨੂੰ ਧਾਰਨ ਕਰਨ ਵਾਲਾ ਮਨੁੱਖ ਦੂਜਿਆਂ ਲਈ ਵੀ ਨਵੇਂ ਆਦਰਸ਼ ਉਸਾਰਦਾ ਹੈ। ਜ਼ਿੰਦਗੀ ਦੇ ਤਜਰਬਿਆਂ ਵਿਚੋਂ ਹੀ ਉਹ ਮਹਾਨ ਵਿਚਾਰ, ਕਥਨ, ਮੁਹਾਵਰੇ ਅਤੇ ਅਖਾਣ ਪੈਦਾ ਹੁੰਦੇ ਹਨ, ਜਿਸ ਵਿਚ ਜ਼ਿੰਦਗੀ ਦੇ ਬਿਖੜੇ ਪੈਂਡਿਆਂ 'ਤੇ ਚੱਲਦਿਆਂ ਸਫ਼ਲ ਹੋਣ ਦੇ ਨੁਕਤੇ ਸਮਾਏ ਹੁੰਦੇ ਹਨ।

ਇੰਦਰਜੀਤ ਸਿੰਘ ਖਾਲਸਾ

ਚੇਅਰਮੈਨ ਬਾਬਾ ਫ਼ਰੀਦ ਸੰਸਥਾਵਾਂ, ਫ਼ਰੀਦਕੋਟ

ਵਿਸ਼ਵੀਕਰਨ ਦੀ ਪ੍ਰੀਕਿਰਿਆ ਨੇ ਵਿਗਿਆਨ ਅਤੇ ਤਕਨਾਲੋਜੀ ਦੇ ਵਿਕਾਸ ਵਿਚ ਤੇਜ਼ੀ ਦੀ ਭਾਵਨਾ ਪੈਦਾ ਕੀਤੀ। ਅਚੰਭਿਤ ਕਰਨ ਵਾਲੀਆਂ ਧਾਰਨਾਵਾਂ ਨੂੰ ਪ੍ਰਯੋਗੀ ਅਮਲ ਪ੍ਰਦਾਨ ਕੀਤਾ। ਵਿਚਾਰ ਅਤੇ ਵਿਚਾਰਧਾਰਾ ਦੀ ਮੌਤ ਲਗਪਗ ਸੱਚੀ ਸਾਬਤ ਹੋਣ ਲੱਗੀ। ਪਰ ਵਿਸ਼ਵ ਦੇ ਉੱਤਮ ਵਿਚਾਰਾਂ ਨੂੰ ਇਕ ਪੁਸਤਕ ਵਿਚ ਇਕੱਤਰ ਕਰਨਾ ਇਸ ਗੱਲ ਦਾ ਸੂਚਕ ਹੈ ਕਿ ਅਸੀਂ ਅਜੇ ਬਹੁਤ ਸਾਰੇ ਸਾਹਿਤਕਾਰਾਂ, ਵਿਦਵਾਨਾਂ ਦੀ ਵਿਚਾਰਧਾਰਾ ਨੂੰ ਜ਼ਿੰਦਾ ਰੱਖਣ ਦੇ ਕਾਰਜਾਂ ਵਿਚ ਜੁਟੇ ਹੋਏ ਹਾਂ। ਅਮਰਜੀਤ ਬਰਾੜ ਨੇ ਵਿਸ਼ਵ ਦੇ ਮਹਾਨ ਦਾਰਸ਼ਨਿਕ ਦੀਆਂ ਲਿਖਤਾਂ ਵਿਚੋਂ ਵਿਚਾਰਾਂ ਨੂੰ ਇਸ ਤਰ੍ਹਾਂ ਚੁਣਿਆ ਜੋ ਉਨ੍ਹਾਂ ਦੀ ਪੂਰੀ ਦੀ ਪੂਰੀ ਵਿਚਾਰਧਾਰਾ ਨੂੰ ਪੇਸ਼ ਕਰਨ ਦੇ ਸਮਰੱਥ ਹਨ।

-ਕੁਮਾਰ ਜਗਦੇਵ ਸਿੰਘ ਬਰਾੜ

ਪ੍ਰਿੰਸੀਪਲ ਐਸ.ਡੀ. ਕਾਲਜ, ਫ਼ਰੀਦਕੋਟ

PEOPLE'S FORUM
BARGARI, PUNJAB
NGO Estd. 2000

ਪੀਪਲਜ਼ ਫ਼ੋਰਮ
ਬਰਗਾੜੀ, ਪੰਜਾਬ
www.peoplesforumpunjab.com

978-81-910581-3-0

₹ 70/-